# ਲੰਮੀ ਪੰਜਾਬੀ ਕਹਾਣੀ ਦਾ ਲੰਮ-ਸਲੰਮਾ ਲੇਖਕ

ਜੁਝਾਰ ਵਿਦਰੋਹੀ ਸਾਹਿਤਕ ਅੰਦੋਲਨ ਦੇ ਮੱਠਾ ਪੈਣ ਮਗਰੋਂ ਪੰਜਾਬੀ ਸਾਹਿਤ ਵਿਚ ਤਿੱਖੀ ਤਬਦੀਲੀ ਵਾਪਰੀ। ਇਸੇ ਤਬਦੀਲੀ ਦਾ ਹੀ ਨਤੀਜਾ ਸੀ ਕਿ 'ਲੋਹੇ ਦੇ ਹੱਥ' ਵਾਲਾ ਵਰਿਆਮ ਸੰਧੂ 'ਭੱਜੀਆਂ ਬਾਹੀਂ' ਵਾਲਾ ਵਰਿਆਮ ਸੰਧੂ ਬਣ ਗਿਆ। ਇਹ ਤਬਦੀਲੀ ਹੀ ਵਰਿਆਮ ਸਿੰਘ ਸੰਧੂ ਦਾ ਹਾਸਲ ਵੀ ਹੋ ਨਿਬੜੀ।


ਵਰਿਆਮ ਸਿੰਘ ਸੰਧੂ ਨੇ ਅਪਣਾ ਸਾਹਿਤਕ ਸਫ਼ਰ ਨਕਸਲਬਾੜੀ ਲਹਿਰ ਦੇ ਪ੍ਰਭਾਵ ਅਧੀਨ ਸ਼ੁਰੂ ਕੀਤਾ ਤੇ ਇਸ ਲਹਿਰ ਵਿਚ ਉਸਦੀ ਸਰਗਰਮ ਸ਼ਮੂਲੀਅਤ ਵੀ ਰਹੀ। ਲਹਿਰ ਦੇ ਪ੍ਰਭਾਵ ਅਧੀਨ ਉਸ ਨੇ ਉਚੇ ਸੁਰ ਦੀ ਕਵਿਤਾ ਤੇ ਇਸੇ ਰੁਝਾਨ ਦੀ ਕਹਾਣੀ ਵੀ ਲਿਖੀ। ਉਸਦੀ ਮੁਢਲੇ ਦੌਰ ਦੀ ਕਹਾਣੀ ਵਿਚ ਰੋਹ-ਵਿਦਰੋਹ ਦੀ ਤੀਬਰ ਭਾਵਨਾ ਲਿਸ਼ਕਾਰੇ ਮਾਰਦੀ ਹੈ।

'ਡੁੰਮ੍ਹ' ਕਹਾਣੀ ਦੇ ਪ੍ਰਕਾਸ਼ਨ ਨਾਲ ਵਰਿਆਮ ਸਿੰਘ ਸੰਧੂ ਪੰਜਾਬੀ ਕਹਾਣੀ ਜਗਤ ਵਿਚ ਅਪਣੀ ਸਿਰਜਣਸ਼ੀਲਤਾ ਦੀ ਧਾਕ ਜਮਾਉਣ ਵਿਚ ਸਫ਼ਲ ਹੋ ਗਿਆ। ਉਸ ਦੇ ਸਾਹਿਤਕ ਸਫ਼ਰ ਦਾ ਦੂਜਾ ਦੌਰ ਆਰੰਭ ਹੋ ਗਿਆ, ਜਿਸ ਦੌਰਾਨ ਉਹ ਛੋਟੀ ਕਿਸਾਨੀ ਦੇ ਜੀਵਨ ਯਥਾਰਥ ਦੀਆਂ ਵਿਭਿੰਨ ਪਰਤਾਂ ਫਰੋਲਣ ਵਾਲੇ ਤੇ ਪੰਜਾਬੀ ਕਹਾਣੀ ਧਾਰਾ ਵਿਚ ਲੰਮੀ ਕਹਾਣੀ ਦੀ ਸਿਨਫ਼ ਨੂੰ ਸਥਾਪਤ ਕਰਨ ਵਾਲੇ ਕਹਾਣੀਕਾਰ ਵਜੋਂ ਚਰਚਾ ਵਿਚ ਆ ਗਿਆ। 'ਛੋਟੀ ਕਿਸਾਨੀ' ਤੇ 'ਲੰਮੀ ਕਹਾਣੀ' ਨੂੰ ਲੈ ਕੇ ਵਰਿਆਮ ਸੰਧੂ ਨੂੰ ਬੇਹੱਦ ਪ੍ਰਸਿੱਧੀ ਤੇ ਪ੍ਰਵਾਨਗੀ ਹਾਸਲ ਹੋਈ। ਵਰਿਆਮ ਸੰਧੂ ਦੇ ਸਾਹਿਤਕ ਸਫ਼ਰ ਦਾ ਤੀਜਾ ਦੌਰ ਪੰਜਾਬ ਤ੍ਰਾਸਦੀ ਦੀਆਂ ਕਹਾਣੀਆਂ ਨਾਲ ਸਾਹਮਣੇ ਆਇਆ। 'ਮੈਂ ਹੁਣ ਠੀਕ ਠਾਕ ਹਾਂ', 'ਭੱਜੀਆਂ ਬਾਹੀਂ' ਤੇ 'ਚੌਥੀ ਕੂਟ' ਉਸ ਦੀਆਂ ਇਸ ਦੌਰ ਵਿਚ ਲਿਖੀਆਂ ਸ਼ਾਹਕਾਰ ਕਹਾਣੀਆਂ ਸਮਝੀਆਂ ਜਾਂਦੀਆਂ ਹਨ ।

ਵਰਿਆਮ ਸਿੰਘ ਸੰਧੂ ਦੇ ਹੁਣ ਤੱਕ ਚਾਰ ਕਹਾਣੀ ਸੰਗ੍ਰਹਿ, ਲੋਹੇ ਦੇ ਹੱਥ, ਅੰਗ ਸੰਗ, ਭੱਜੀਆਂ ਬਾਹੀਂ, ਚੌਥੀ ਕੂਟ ਤੇ ਤਿਲ ਫੁੱਲ (ਸਾਰੀਆਂ ਕਹਾਣੀਆਂ) ਪ੍ਰਕਾਸ਼ਤ ਹੋਏ ਹਨ। ਇਸ ਤੋਂ ਇਲਾਵਾ ਦੋ ਸਫ਼ਰਨਾਮੇ, ਇਕ ਜੀਵਨੀ ਤੇ ਤਿੰਨ ਆਲੋਚਨਾ ਦੀ ਪੁਸਤਕ ਵੀ ਉਸ ਨੇ ਪੰਜਾਬੀ ਸਾਹਿਤ ਦੀ ਝੋਲੀ ਪਾਈ ਹੈ। ਛੋਟੀ ਕਿਸਾਨੀ ਦੀ ਖ਼ੁਰ ਰਹੀ ਹੋਂਦ ਦਾ ਦਰਦ ਅਤੇ ਸਥਾਪਤ ਸਮਾਜਕ ਪ੍ਰਬੰਧ ਉਪਰ ਤਿੱਖਾ ਕਟਾਖ਼ਸ਼ ਵਰਿਆਮ ਸੰਧੂ ਦੀ ਕਹਾਣੀ ਦੇ ਪ੍ਰਮੁੱਖ ਸੁਰ ਹਨ। ਮਾਝੇ ਦੇ ਇਤਿਹਾਸਕ ਪਿੰਡ ਸੁਰ ਸਿੰਘ ਦੇ ਜੰਮ ਪਲ ਇਸ ਕਹਾਣੀਕਾਰ ਨੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਲੈਕਚਰਾਰ ਸੇਵਾ ਮੁਕਤੀ ਹਾਸਲ ਕਰਨ ਮਗਰੋਂ ਕੈਨੇਡਾ ਵਿਚ ਵੀ ਅਪਣੀ ਠਾਹਰ ਬਣਾ ਲਈ ਹੈ। ਉਸ ਨੂੰ ਕਹਾਣੀ ਸੰਗ੍ਰਹਿ 'ਚੌਥੀ ਕੂਟ' ਲਈ ਸਾਹਿਤ ਅਕਾਦਮੀ ਪੁਰਸਕਾਰ ਨਾਲ ਨਿਵਾਜਿਆ ਜਾ ਚੁੱਕਾ ਹੈ।

# ਵਿਚਾਰਧਾਰਾ ਹਮੇਸ਼ਾ ਪਿਛੋਕੜ 'ਚ ਹੋਣੀ ਚਾਹੀਦੀ ਹੈ

**- ਵਰਿਆਮ ਸਿੰਘ ਸੰਧੂ**



ਮੋਬਾਈਲ :
98726-02232

# ਪ੍ਰਤਿਭਾ ਦੀ ਦੇਵੀ

*ਹੁਣ- ਕੁਝ ਚਿਰ ਹੋਇਆ ਜਦੋਂ 'ਹੁਣ' ਨੇ ਤੁਹਾਨੂੰ ਕੋਈ ਨਵੀਂ ਰਚਨਾ ਭੇਜਣ ਲਈ ਕਿਹਾ ਸੀ ਤਾਂ ਤੁਹਾਡਾ ਉੱਤਰ ਸੀ ਕਿ ਅੱਜ ਕਲ 'ਚੱਕਾ ਜਾਮ' ਹੋ ਗਿਆ ਹੈ। ਕੀ ਚੱਕਾ ਜਾਮ ਦੀ ਇਹ ਕਿਰਿਆ ਹਰ ਲੇਖਕ ਨਾਲ ਵਾਪਰਦੀ ਹੈ?ਇਲਾਜ ਸੋਚਿਆ ਹੋਊ ਕੋਈ।*

ਸੰਧੂ - ਮੇਰਾ ਤਾਂ ਸਦਾ ਈ ਚੱਕਾ ਜਾਮ ਰਿਹੈ। ਮੈਂ 1960 ਦੇ ਨਜ਼ਦੀਕ ਲਿਖਣਾ ਸ਼ੁਰੂ ਕੀਤਾ ਸੀ। 1960-70 ਦਾ ਦਹਾਕਾ ਮੇਰੇ ਲਿਖਣ ਦਾ ਸਿਖਾਂਦਰੂ ਦੌਰ ਕਿਹਾ ਜਾ ਸਕਦਾ ਹੈ। ਜਦੋਂ ਅਜੇ ਪਤਾ ਨਹੀਂ ਸੀ 'ਲਿਖਣਾ ਚੀਜ਼ ਕੀ ਹੁੰਦੀ ਹੈ' ਉਦੋਂ ਬੜਾ ਲਿਖਿਆ। ਕਵਿਤਾ ਵੀ ਲਿਖੀ, ਕਹਾਣੀਆਂ ਵੀ ਤੇ ਇਕ ਨਾਵਲ ਵੀ। ਪਰ ਜਦੋਂ ਥੋੜੀ ਥੋੜੀ ਅਕਲ ਜਿਹੀ ਆਉਣ ਲੱਗੀ ਤਾਂ ਪਤਾ ਲੱਗਾ ਕਿ ਲਿਖਣਾ ਕੋਈ ਛੋਕਰਿਆਂ ਦੀ ਖੇਡ ਨਹੀਂ। 'ਲੋਹੇ ਦੇ ਹੱਥ' ਕਹਾਣੀ-ਸੰਗ੍ਰਹਿ (1971) ਪ੍ਰਕਾਸ਼ਿਤ ਕਰਨਾ ਸੀ ਤਾਂ ਉਦੋਂ ਤੱਕ ਲਿਖੀਆਂ ਗਈਆਂ ਲਗਭਗ ਪੰਜ ਦਰਜਨ ਕਹਾਣੀਆਂ ਦੇ 'ਥੱਬੇ' ਵਿਚੋਂ ਚੋਣ ਕਰਨੀ ਪਈ ਤਾਂ ਮਸਾਂ ਅੱਸੀ ਕੁ ਕਿਤਾਬੀ ਸਫ਼ਿਆਂ ਜੋਗੀਆਂ ਦਸ ਕੁ ਕਹਾਣੀਆਂ ਹੀ ਕੰਮ ਦੀਆਂ ਲੱਭੀਆਂ। ਬਾਕੀ ਕਹਾਣੀਆਂ ਅਤੇ ਲਿਖਿਆ ਹੋਇਆ ਹੋਰ ਮਸਾਲਾ ਮੈਂ ਮਾਂ ਨੂੰ ਚੁੱਲ੍ਹੇ ਵਿਚ ਅੱਗ ਬਾਲਣ ਲਈ ਸਹਾਇਕ ਸਾਮੱਗਰੀ ਦੇ ਤੌਰ 'ਤੇ ਵਰਤਣ ਲਈ ਦੇ ਦਿੱਤਾ। ਉਸਤੋਂ ਬਾਅਦ ਮੈਂ ਬਹੁਤ ਹੀ ਧੀਮੀ ਗਤੀ ਨਾਲ ਲਿਖਿਆ। 1970 ਤੋਂ 2010 ਤੱਕ ਚਾਲੀ ਸਾਲਾਂ ਵਿਚ ਕੇਵਲ ਚਵ੍ਹੀ ਕਹਾਣੀਆਂ ਲਿਖੀਆਂ ਹਨ। ਪਹਿਲਾਂ ਵੀ ਕਈ ਵਾਰ ਕਹਾਣੀ ਲਿਖਣ ਵਿਚ ਤਿੰਨ ਤੋਂ ਪੰਜ ਸਾਲ ਤੱਕ ਦਾ ਵਕਫ਼ਾ ਪੈ ਜਾਂਦਾ ਸੀ ਪਰ ਜਿਹੜੇ 'ਚੱਕਾ-ਜਾਮ' ਦੀ ਤੁਸੀਂ ਗੱਲ ਕਰ ਰਹੇ ਓ, ਇਹ 2000 ਸੰਨ ਤੋਂ ਪਿਛਲਾ ਸਮਾਂ ਹੈ। ਇਸ ਦੌਰ ਵਿਚ ਮੈਂ ਕਈ ਸਾਲ ਕਹਾਣੀ ਨਹੀਂ ਲਿਖੀ। ਉਂਜ ਇਹਨਾਂ ਸਾਲਾਂ ਵਿਚ ਮੈਂ ਅਸਲੋਂ ਚੁੱਪ ਕਰਕੇ ਨਹੀਂ ਬੈਠਾ ਰਿਹਾ। ਇਕ ਸਫ਼ਰਨਾਮਾ 'ਵਗਦੀ ਏ ਰਾਵੀ' ਲਿਖਿਆ। ਪੰਜਾਬੀ ਯੂਨੀਵਰਸਿਟੀ ਲਈ 'ਸਾਹਿਤਕ ਸਵੈਜੀਵਨੀ' ਲਿਖੀ। ਅਪਣੇ ਜੀਵਨ ਦੇ ਸੰਕਟਕਾਲੀਨ ਸਮਿਆਂ ਨੂੰ ਸਵੈਜੀਵਨਕ ਬਿਰਤਾਂਤ ਵਿਚ ਉਲੀਕਿਆ। ਆਲੋਚਨਾ ਵੀ ਕੀਤੀ ਤੇ ਆਲੋਚਨਾ ਦੀਆਂ ਦੋ ਕਿਤਾਬਾਂ 'ਪੜ੍ਹਿਆ-ਵਾਚਿਆ' ਅਤੇ 'ਨਾਵਲਕਾਰ ਸੋਹਣ ਸਿੰਘ ਸੀਤਲ' ਵੀ ਛਪੀਆਂ। ਹਾਂ, ਕਹਾਣੀ ਮੈਂ ਨਾ ਲਿਖੀ।

ਤੁਸੀਂ ਪੁੱਛਦੇ ਹੋ ਕੀ ਚੱਕਾ ਜਾਮ ਦੀ ਇਹ ਕਿਰਿਆ ਹਰ ਲੇਖਕ ਨਾਲ ਵਾਪਰਦੀ ਹੈ? ਸੁਣਿਆਂ ਤਾਂ ਇੰਜ ਹੀ ਹੈ ਕਿ ਹੋਰਾਂ ਨਾਲ ਵੀ ਕਦੀ ਕਦੀ ਇੰਜ ਵਾਪਰਦੀ ਹੈ। ਹਰੇਕ ਦੇ ਕਾਰਨ ਵੀ ਵੱਖਰੇ ਵੱਖਰੇ ਹੋਣਗੇ। ਮੈਂ ਤਾਂ ਅਪਣੇ ਬਾਰੇ ਹੀ ਦੱਸ ਸਕਦਾਂ। ਮੇਰੀ ਅਪਣੀ ਸਦਾ ਹੀ ਸਮੱਸਿਆ ਰਹੀ ਹੈ ਕਿ ਮੈਂ ਨਾ ਤਾਂ 'ਹਰ-ਵਰ੍ਹਿਆਈ' ਮੱਝ ਵਾਂਗ ਹਰ ਸਾਲ ਕੋਈ ਕਿਤਾਬ ਸੂਣ ਦੀ ਕਦੀ ਯੋਜਨਾ ਬਣਾਈ ਹੈ ਤੇ ਨਾ ਹੀ ਉੱਤੇਜਿਤੀ ਬੱਚਿਆਂ ਦੇ ਢੇਰ ਜਣਨ ਵਾਂਗ ਵੱਡੀ ਗਿਣਤੀ ਵਿਚ 'ਕਹਾਣੀਆਂ' ਜਣਨ ਦੀ ਕਦੀ ਕੋਈ ਅਭਿਲਾਸ਼ਾ ਰਹੀ ਹੈ। ਕਾਰਨ ਇਸਦਾ ਇਹ ਸੀ ਕਿ ਮੈਨੂੰ ਸਮਝ ਪੈ ਗਈ ਸੀ ਨਿਰ੍ਹੀ 'ਗਿਣਤੀ' ਕੋਈ ਅਰਥ ਨਹੀਂ ਰੱਖਦੀ। ਜਿਉਂ ਜਿਉਂ ਸਮਾਂ ਅੱਗੇ ਤੁਰਦਾ ਰਿਹਾ ਤਿਉਂ ਤਿਉਂ ਮੈਨੂੰ ਲੱਗਦਾ ਰਿਹਾ ਕਿ ਲਿਖਣਾ ਤਾਂ ਕੰਮ ਈ ਬੜਾ ਔਖਾ ਹੈ। ਐਵੇਂ ਝੱਖ ਮਾਰਨ ਨਾਲੋਂ ਮੈਂ ਚੁੱਪ ਰਹਿਣਾ ਬਿਹਤਰ ਸਮਝਦਾ ਰਿਹਾ। ਸੋਚਦਾ; ਜੇ ਪੰਜਾਹ ਕਹਾਣੀਆਂ ਲਿਖ ਕੇ ਵੀ, ਮਸਾਂ ਮਰ ਕੇ, 'ਮੰਨੀਆਂ' ਜਾਂ 'ਪਰਵਾਨੀਆਂ' ਤਾਂ ਪੰਜ ਕੁ ਹੀ ਜਾਣੀਆਂ ਨੇ ਤਾਂ ਵਾਧੂ ਦੀਆਂ ਪੰਜਤਾਲੀ ਕਹਾਣੀਆਂ ਲਿਖ ਕੇ ਅਪਣਾ ਤੇ ਪਾਠਕਾਂ ਦਾ ਸਮਾਂ ਖ਼ਰਾਬ ਕਿਉਂ ਕਰਨਾ ਹੋਇਆ! ਮੈਂ ਇਹ ਵੀ ਸੋਚਦਾ ਹਾਂ ਕਿ ਪੰਜਾਬੀ ਕਹਾਣੀ ਵਿਚ ਜੇ ਕੁਝ ਨਵਾਂ ਤੇ ਵੱਖਰਾ ਜੋੜ ਨਹੀਂ ਸਕਦਾ ਤੇ ਅਪਣੇ ਹੀ ਕਾਇਮ ਕੀਤੇ ਮਿਆਰ ਦੇ ਬਰਾਬਰ ਉੱਤਰ ਨਹੀਂ ਸਕਦਾ ਤਾਂ ਮੇਰੀ ਖ਼ਾਮੋਸ਼ੀ ਨਾਲ ਪੰਜਾਬੀ ਕਹਾਣੀ ਦਾ ਕੁਝ ਵਿਗੜਨ ਨਹੀਂ ਲੱਗਾ। ਇਹ ਵੱਖਰੀ ਗੱਲ ਹੈ ਕਿ ਦਰਜਨ ਭਰ ਕਹਾਣੀਆਂ ਮੇਰੇ ਅੰਦਰ ਹਰ ਵੇਲੇ ਕੁਲਬੁਲਾਉਂਦੀਆਂ ਰਹਿੰਦੀਆਂ ਨੇ ਪਰ ਜਦੋਂ ਮੈਂ ਕਲਮ ਚੁੱਕਣ ਲੱਗਦਾਂ ਤਾਂ ਮੇਰੀਆਂ ਪਹਿਲੀਆਂ ਕਹਾਣੀਆਂ ਦਾ ਕੱਦ, ਉਹਨਾਂ ਨੂੰ ਪਾਠਕਾਂ-ਆਲੋਚਕਾਂ ਵੱਲੋਂ ਮਿਲੀ ਵਿਆਪਕ ਪ੍ਰਵਾਨਗੀ ਤੇ ਪਰਸੰਸਾ ਤੋਂ ਡਰਨ ਲੱਗਦਾਂ। ਇਹ ਡਰ ਮੈਨੂੰ ਸਦਾ ਹੀ ਕਲਮ ਚੁੱਕਣ ਤੋਂ ਰੋਕ ਦਿੰਦਾ ਰਿਹਾ ਹੈ।

ਮੈਂ ਸਾਲਾਂ ਬੱਧੀ ਮਨ ਵਿਚ ਹੀ ਕਹਾਣੀਆਂ ਲਿਖਦਾ ਰਿਹਾਂ। ਜਦੋਂ ਮੈਨੂੰ ਭਰੋਸਾ ਹੁੰਦਾ ਰਿਹਾ ਕਿ ਹਾਂ, ਹੁਣ ਗੱਲ ਬਣ ਗਈ ਹੈ, ਤਾਂ ਹੀ ਕਹਾਣੀ ਨੂੰ ਕਾਗ਼ਜ਼ 'ਤੇ ਉਤਾਰਦਾ ਰਿਹਾਂ। ਇਸ ਲਈ ਮੈਂ ਹਰੇਕ ਕਹਾਣੀ ਤੋਂ ਬਾਅਦ ਚੰਗੀ ਕਹਾਣੀ ਦਾ ਨਵਾਂ ਮਾਪ-ਦੰਡ ਆਪ ਹੀ ਅਪਣੇ ਲਈ ਸਿਰਜ ਲੈਂਦਾ ਰਿਹਾਂ। ਪਿਛਲੇ ਦਹਾਕੇ 'ਚ ਇਹ ਖ਼ੌਫ਼ ਕੁਝ ਜ਼ਿਆਦਾ ਹੀ ਸਤਾਉਣ ਲੱਗਾ ਤਾਂ ਮੈਂ ਕਹਾਣੀ ਤੋਂ ਥੋੜੀ ਟੇਢ ਵੱਟ ਕੇ ਵਾਰਤਕ ਵੱਲ ਮੋੜਾ ਪਾ ਲਿਆ। ਮੇਰੇ ਮਨ ਵਿਚ ਬੜੇ ਸਾਲਾਂ ਦੀ ਕੁਲਬਲਾਹਟ ਹੈ ਕਿ ਮੈਂ ਨਾਵਲ ਲਿਖਾਂ, ਪਰ ਨਾਵਲ ਵੀ ਕਹਾਣੀ ਵਾਂਗ ਨਵਾਂ ਤੇ ਵੱਖਰਾ ਹੋਵੇ। ਇਹ ਵੀ ਕਿਹੜਾ ਸੌਖਾ ਕੰਮ ਹੈ! ਕੀ ਲਿਖਾਂ? ਕਹਾਣੀ ਕਿ ਨਾਵਲ? ਇਸ ਦੁਬਿਧਾ ਵਿਚੋਂ ਵੀ ਨਿਕਲਣਾ ਔਖਾ ਸੀ। ਸੋਚਦਾ ਰਿਹਾ, ਸੋਚੀ ਗਿਆ ਪਰ ਰਾਹ ਨਾ ਲੱਭਾ। ਸੋ ਖ਼ਾਮੋਸ਼ ਰਿਹਾ।

ਫਿਰ ਇਹ ਵੀ ਖ਼ਿਆਲ ਆਉਂਦਾ ਕਿ ਲਿਖ-ਲਿਖ ਕੇ ਅੱਗੇ ਕਿਹੜੇ ਪਹਾੜ ਢਾਹ ਲਏ ਨੇ! ਜੇ ਤੇਰੇ ਮਨ ਵਿਚ ਲਿਖ ਕੇ ਕੋਈ 'ਅਮਰ ਹੋਣ' ਦੀ ਇੱਛਾ ਹੈ ਤਾਂ ਇਹ ਵੀ ਐਵੇਂ ਭਰਮ ਹੈ। ਏਥੇ ਕੌਣ ਕਿਸੇ ਨੂੰ ਯਾਦ ਰੱਖਦਾ ਹੈ। ਵੱਡੇ ਵੱਡੇ 'ਲੱਦ ਗਏ', ਉਹਨਾਂ ਦਾ ਕੋਈ ਨਾਂ ਤੱਕ ਨਹੀਂ ਲੈਂਦਾ। ਤੂੰ ਕਿਸ ਬਾਗ਼ ਦੀ ਮੂਲੀ ਏਂ! ਫਿਰ ਏਨੇ ਨਾਲ ਹੀ ਤਸੱਲੀ ਹੋ ਜਾਂਦੀ ਕਿ ਜਿੰਨਾਂ ਲਿਖਿਆ ਏ ਉਹਦੇ ਤੋਂ ਜਿੰਨਾਂ ਮਾਣ-ਸਨਮਾਨ ਮਿਲ ਗਿਆ ਉਹੋ ਹੀ ਬਹੁਤ ਹੈ। ਜਿੰਨਾਂ ਨ੍ਹਾਤੀ ਓਨਾ ਪੁੰਨ!

ਪਰ ਇਹਨਾਂ ਵਰ੍ਹਿਆਂ ਵਿਚ ਮੇਰੇ ਕਹਾਣੀ ਦੇ ਪਾਠਕ ਮੇਰੇ ਕੋਲੋਂ ਬੜੀ ਤੀਬਰਤਾ ਨਾਲ ਕਹਾਣੀ ਦੀ ਉਮੀਦ ਤੇ ਮੰਗ ਰੱਖਦੇ ਰਹੇ। ਮੈਂ ਉਪਰ ਦੱਸੇ ਬਹਾਨਿਆਂ ਨਾਲ ਉਹਨਾਂ ਨੂੰ ਤੇ ਅਪਣੇ ਆਪ ਨੂੰ ਟਾਲਦਾ ਰਿਹਾ। ਇਹ ਵੀ ਆਖਦਾ ਕਿ 'ਮੇਰਾ ਤਾਂ ਹੁਣ 'ਸਵਾਰੀ' ਕਰਨ ਨੂੰ ਮਨ ਈ ਨਹੀਂ ਕਰਦਾ।' ਪਰ ਹਕੀਕਤ ਇਹ ਸੀ, ਬਹਾਨਾ ਭਾਵੇਂ ਕੋਈ ਹੋਵੇ, ਮੇਰਾ ਚੱਕਾ ਜਾਮ ਹੋਇਆ ਪਿਆ ਸੀ।

ਮੇਰੇ ਕੁਝ 'ਸ਼ੁਭ-ਚਿੰਤਕਾਂ' ਦੀ ਇਕ ਛੋਟੀ ਜਿਹੀ ਜੁੰਡਲੀ ਬੜੇ ਚਿਰ ਤੋਂ ਮੇਰੀ ਖ਼ਾਮੋਸ਼ੀ ਨੂੰ ਬਹਾਨਾ ਬਣਾ ਕੇ ਇਹ ਸਾਬਤ ਕਰਨ 'ਤੇ ਲੱਗੀ ਹੋਈ ਸੀ ਕਿ ਮੈਂ ਕੋਈ 'ਮਰਿਆ-ਮੁੱਕਿਆ' ਤੇ 'ਭੁੱਲਿਆ-ਵਿੱਸਰਿਆ' ਕਹਾਣੀਕਾਰ ਹੋ ਗਿਆਂ। ਪਿਛਲੇ ਸਾਲ ਉਹਨਾਂ ਕੁਝ ਜ਼ਿਆਦਾ ਹੀ ਰੌਲਾ ਪਾਇਆ ਤਾਂ ਮੇਰੇ ਅੰਦਰ ਖੌਲ ਰਹੀਆਂ ਕਹਾਣੀਆਂ ਮੇਰੇ ਨਾਲ ਗੁੱਸੇ ਹੋ ਕੇ ਆਖਣ ਲੱਗੀਆਂ, "ਇੰਜ ਮਿਹਣੇ ਈ ਸੁਣਦਾ ਰਹੇਂਗਾ ਕਿ ਸਾਨੂੰ ਬਾਹਰ ਆਉਣ ਦਾ ਰਾਹ ਵੀ ਦੇਵੇਂਗਾ! ਅੰਦਰੇ ਈ ਨਾ ਮਾਰ ਸੁੱਟੀਂ। ਸਾਨੂੰ ਬਾਹਰ ਆਉਣ ਦੇ।" ਤੇ ਮੈਂ ਕਹਾਣੀਆਂ ਨੂੰ ਬਾਹਰ ਆਉਣ ਲਈ ਰਾਹ ਦੇ ਦਿੱਤਾ ਹੈ। ਇਸ ਨਾਲ ਮੇਰੇ ਚੱਕੇ ਨੂੰ ਤੇਲ ਮਿਲ ਗਿਆ ਤੇ ਹੁਣ ਇਹ ਮੁੜ ਤੋਂ ਰਵਾਂ ਹੋ ਗਿਐ।

*ਹੁਣ-ਤੁਸੀਂ ਅਪਣੀਆਂ ਨਵੀਆਂ ਕਹਾਣੀਆਂ ਰਾਹੀਂ ਅਪਣੀ ਪਹਿਲੀ ਸਿਖ਼ਰ ਕਾਇਮ ਰੱਖ ਸਕੇ ਹੋ ਜਾਂ ਅਪਣੀ ਚਰਮ-ਸੀਮਾਂ ਤੋਂ ਫਿਲਕ ਆਏ ਹੋ?*

ਸੰਧੂ -ਮੇਰਾ ਖ਼ਿਆਲ ਹੈ ਕਿ ਇਹਨਾਂ ਕਹਾਣੀਆਂ ਰਾਹੀਂ ਮੈਂ ਅਪਣੀ 'ਸਿਖ਼ਰ' ਵੀ ਕਾਇਮ ਰੱਖੀ ਹੈ ਤੇ ਪੰਜਾਬੀ ਕਹਾਣੀ ਵਿਚ ਮੁੜ ਤੋਂ ਨਵਾਂ ਕੁਝ ਜੋੜਿਆ ਹੈ। ਇਹਨਾਂ ਕਹਾਣੀਆਂ ਵਿਚ ਮੈਂ ਸੌ ਸਾਲ ਦੇ ਇਤਿਹਾਸ ਦੇ ਹਵਾਲੇ ਨਾਲ ਪੰਜਾਬ ਦੇ ਇਤਿਹਾਸ, ਰਾਜਨੀਤੀ, ਆਰਥਿਕਤਾ, ਸਭਿਆਚਾਰ, ਧਰਮ, ਸਿੱਖੀ ਸਿਧਾਂਤ ਤੇ ਅਮਲ ਦੀ ਦੁਖੰਡਤਾ, ਕਰਾਂਤੀਕਾਰੀ ਲਹਿਰਾਂ, ਕਮਿਊਨਿਸਟਾਂ ਦੇ ਰੋਲ, ਆਜ਼ਾਦੀ, ਪਰਵਾਸ, ਪੰਜਾਬੀ ਅਣਖ਼ ਤੇ ਪੰਜਾਬੀਆਂ ਦੇ ਗ਼ਰਕ ਜਾਣ ਦੀ ਬਹੁਪਰਤੀ ਬਾਤ ਪਾ ਕੇ ਪਹਿਲਾਂ ਵਾਂਗ ਹੀ ਇਹ ਸਾਬਤ ਕਰਨ ਦਾ ਯਤਨ ਕੀਤਾ ਹੈ ਕਿ ਕਹਾਣੀ ਕੇਵਲ ਨਿੱਕੀਆਂ ਗੱਲਾਂ ਤੇ ਛੋਟੇ ਮਸਲਿਆਂ ਨੂੰ ਬਿਆਨਣ ਦੀ ਵਾਹਕ ਹੀ ਨਹੀਂ ਸਗੋਂ ਇਸ ਰਾਹੀਂ ਵੱਡੇ ਮਸਲਿਆਂ ਨੂੰ ਵੀ ਮੁਖ਼ਾਤਬ ਹੋਇਆ ਜਾ ਸਕਦਾ ਹੈ। ਵਿਸ਼ੇਸ਼ ਤੌਰ 'ਤੇ ਇਹਨਾਂ ਕਹਾਣੀਆਂ ਵਿਚਲੇ ਇਤਿਹਾਸਕ ਪ੍ਰਸੰਗਾਂ ਦੇ ਹਵਾਲੇ ਨਾਲ ਮੈਂ ਇਹ ਵੀ ਦੱਸਣਾ ਚਾਹੁੰਦਾਂ ਕਿ ਉਹਨਾਂ ਲੋਕਾਂ ਦੀ ਇਹ ਕੋਈ ਅਕੱਟ ਦਲੀਲ ਨਹੀਂ ਜਿਹੜੇ ਕਹਿੰਦੇ ਨੇ ਕਿ ਕਹਾਣੀ ਇਤਿਹਾਸ ਦੇ ਦਾਇਰੇ ਦੀ ਵਸਤ ਨਹੀਂ। ਜਿਵੇਂ ਮੈਂ ਕਦੀ ਕਹਾਣੀ ਦੇ ਇਕ ਸਟੇਸ਼ਨ ਤੋਂ ਦੂਜੇ ਸਟੇਸ਼ਨ ਤੱਕ ਦੇ ਸਫ਼ਰ ਜਾਂ ਕਹਾਣੀ ਦੇ ਨਿੱਕੇ ਆਕਾਰ ਤੇ ਨਿਸਚਿਤ ਸਫ਼ਿਆਂ ਵਿਚ ਲਿਖੇ ਜਾਣ ਦੀ ਸੀਮਾ ਨੂੰ ਸਹਿਵਨ ਹੀ ਪਾਰ ਕਰ ਕੇ ਕਹਾਣੀ ਦੀ ਵਿਧਾ ਨੂੰ ਮੋਕਲਾ ਕੀਤਾ ਸੀ ਓਵੇਂ ਹੀ ਇਤਿਹਾਸ ਨੂੰ ਕਹਾਣੀ ਦਾ ਅੰਗ ਬਨਾਉਣ ਦਾ ਨਵਾਂ ਯਤਨ ਕਰਕੇ ਮੈਂ ਕਹਾਣੀ ਦੀ ਵਿਧਾ ਨੂੰ ਹੋਰ ਵਧੇਰੇ ਸਮਰੱਥ ਬਨਾਉਣ ਦੀ ਨਵੀਂ ਕੋਸ਼ਿਸ਼ ਕੀਤੀ ਹੈ। ਇਸਦੇ ਨਾਲ ਮੈਂ ਉਹਨਾਂ ਲੋਕਾਂ ਨੂੰ ਵੀ ਜਵਾਬ ਦੇਣਾ ਚਾਹਿਆ ਹੈ ਜੋ ਕਹਿੰਦੇ ਹਨ ਕਿ 'ਵਿਚਾਰਧਾਰਾ ਜਾਂ ਇਤਿਹਾਸ ਦੀ ਮੌਤ ਹੋ ਗਈ ਹੈ।' ਮੇਰੀਆਂ ਇਹ ਕਹਾਣੀਆਂ ਦੱਸਦੀਆਂ ਹਨ ਕਿ ਤੁਹਾਡਾ ਇਤਿਹਾਸ ਪੀੜ੍ਹੀਆਂ ਤੱਕ ਤੁਹਾਡੇ ਅਵਚੇਤਨ ਦਾ ਹਿੱਸਾ ਬਣ ਕੇ ਤੁਹਾਡੀ ਸ਼ਖ਼ਸੀਅਤ ਅਤੇ ਵਿਹਾਰ ਨੂੰ ਪ੍ਰਭਾਵਤ ਤੇ ਨਿਰਧਾਰਤ ਕਰਦਾ ਰਹਿੰਦਾ ਹੈ। ਇਹਨਾਂ ਕਹਾਣੀਆਂ ਦੇ ਪਾਠਕਾਂ ਨੇ ਦੁਨੀਆਂ ਭਰ ਵਿਚੋਂ ਮੇਰਾ ਹੌਸਲਾ ਵਧਾ ਕੇ ਆਖਿਆ ਹੈ ਕਿ ਮੈਂ ਕਿਸੇ ਵੀ ਤਰ੍ਹਾਂ ਨਾ ਤਾਂ ਕਿਸੇ ਚਰਮਸੀਮਾ ਤੋਂ ਫਿਲਕਿਆ ਹਾਂ ਤੇ ਨਾ ਹੀ ਅਪਣੇ ਆਪ ਨਾਲੋਂ ਪਛੜਿਆ ਹਾਂ। ਇਸਨੂੰ ਮੇਰੀ ਹਉਮੈ ਨਾ ਸਮਝਣਾ; ਉਂਜ ਇਕ ਗੱਲ ਜ਼ਰੂਰ ਹੈ ਕਿ ਮੇਰੀਆਂ ਨਵੀਆਂ ਕਹਾਣੀਆਂ ਨੂੰ ਸਮਝਣ ਲਈ ਆਲੋਚਕ ਜਾਂ ਪਾਠਕ ਕੋਲ ਪੰਜਾਬੀ ਮਨ ਦੇ ਅਵਚੇਤਨ ਦੀ ਸੋਝੀ ਦੇ ਨਾਲ ਇਤਿਹਾਸ, ਰਾਜਨੀਤੀ, ਆਰਥਿਕਤਾ, ਧਰਮ ਅਤੇ ਪੰਜਾਬ ਦੇ ਸਭਿਆਚਾਰ ਬਾਰੇ ਵੀ ਡੂੰਘਾ ਗਿਆਨ ਲੋੜੀਂਦਾ ਹੈ। ਸਾਧਾਰਨ ਬੁੱਧ ਅਕਾਦਮਕ ਆਲੋਚਕ ਉੱਤੇ ਉੱਤੇ ਤਰਦਾ ਰਹਿੰਦਾ ਹੈ, ਇਹਨਾਂ ਕਹਾਣੀਆਂ ਦੀ ਥਾਹ ਨਹੀਂ ਪਾ ਸਕਦਾ।



ਚਿੰਤਨ ਦੀ ਧੁੱਪ ਛਾਂ

*ਹੁਣ-ਲੇਖਕ ਦੀ ਪ੍ਰਤਿਭਾ ਤੇ ਪਹੁੰਚ ਦੀ ਗੱਲ, ਜੋ ਤੁਸਾਂ ਕਈ ਬਾਰ ਦੁਹਰਾਈ ਹੈ, ਕੀ ਧੁਰ ਦਰਗਾਹੋਂ ਹੀ ਬਣ ਕੇ ਆਉਂਦੀ ਹੈ?*

ਸੰਧੂ -ਸੱਚੀ ਗੱਲ ਤਾਂ ਇਹ ਹੈ ਕਿ ਮੈਨੂੰ ਕੋਈ ਬਹੁਤਾ ਇਲਮ ਨਹੀਂ ਕਿ ਇਹ 'ਪ੍ਰਤਿਭਾ ਦੀ ਦੇਵੀ' ਕਿਹੜੇ ਅਸਮਾਨੋਂ ਆਉਂਦੀ ਹੈ। ਉਂਜ ਧੁਰ ਦਰਗਾਹੋਂ ਬਣ ਕੇ ਆਉਣ ਜਾਂ ਲੇਖਕ ਤੇ ਕਲਾਕਾਰ ਦੀ ਜਮਾਂਦਰੂ ਪ੍ਰਤਿਭਾ ਬਾਰੇ ਮੇਰਾ ਮੱਤ ਹੈ ਕਿ ਚੰਗਾ ਲਿਖ ਸਕਣ ਲਈ ਸਮੁੱਚੀ ਸਭਿਅਤਾ ਦੇ ਵਿਕਾਸ ਦਾ ਚਾਨਣ, ਅਪਣੇ ਸਾਹਿਤਕ ਤੇ ਇਤਿਹਾਸਕ ਵਿਰਸੇ ਦੀ ਘੋਖਵੀਂ ਜਾਣ-ਪਛਾਣ ਅਤੇ ਸੰਬੰਧਤ ਵਿਧਾ ਦੇ ਕਲਾਤਮਕ ਨੇਮਾਂ ਬਾਰੇ ਸਹਿਜ ਗਿਆਨ ਸਮੇਤ ਜ਼ਿੰਦਗੀ ਦੀ ਡੂੰਘੀ ਸਮਝ ਤੇ ਜ਼ਿੰਦਗੀ ਨਾਲ ਮੋਹ ਕਿਸੇ ਲੇਖਕ ਲਈ ਬਹੁਤ ਜ਼ਰੂਰੀ ਹਨ। ਮੈਂ ਕਿਤੇ ਇਹ ਵੀ ਲਿਖਿਆ ਸੀ ਕਿ 'ਜੇ ਜਮਾਂਦਰੂ ਪ੍ਰਤਿਭਾ ਦੀ ਹੀ ਗੱਲ ਹੁੰਦੀ ਤਾਂ ਅਸੀਂ ਪੰਜਾਬੀਆਂ ਨੇ ਕੋਈ ਰੱਬ ਦੇ ਮਾਂਹ ਤਾਂ ਨਹੀਂ ਮਾਰੇ ਹੋਏ ਕਿ ਦਾਸਤੋਵਸਕੀ, ਤੁਰਗਨੇਵ, ਟਾਲਸਟਾਇ, ਚੈਖ਼ਵ, ਸ਼ੋਲੋਖ਼ੋਵ ਜਾਂ ਗੋਰਕੀ ਸਾਰੇ ਰੂਸ ਵਿਚ ਹੀ ਹੋਣੇ ਸਨ, ਇਹਨਾਂ ਵਿਚੋਂ ਕੋਈ ਇੱਕ ਅੱਧਾ ਐਧਰ ਸਾਡੇ ਵੀ ਜੰਮ ਪਿਆ ਹੁੰਦਾ!' ਮਤਲਬ ਕਿ ਉਹਨਾਂ ਦਾ ਅਪਣਾ ਕਲਾਤਮਕ, ਸਾਹਿਤਕ, ਸਮਾਜਕ ਤੇ ਰਾਜਨੀਤਕ ਇਤਿਹਾਸ ਸੀ ਤੇ ਉਸ 'ਜ਼ਮੀਨ' ਵਿਚੋਂ ਹੀ ਉਹਨਾਂ ਦੀਆਂ ਸ਼ਖ਼ਸੀਅਤਾਂ ਉਗਮੀਆਂ ਤੇ ਵਿਗਸੀਆਂ।

ਜਮਾਂਦਰੂ ਪ੍ਰਤਿਭਾ ਤੇ ਪਹੁੰਚ ਬਾਰੇ ਮੇਰਾ ਦੂਜਾ ਪੱਖ ਇਹ ਹੈ ਕਿ ਸਾਡੀ ਬੁੱਧੀਮਤਾ ਬੇਸ਼ੱਕ ਵੱਡੇ ਪੱਧਰ 'ਤੇ ਸਾਡੇ ਤਜਰਬੇ, ਅਧਿਅਨ ਅਤੇ ਖੋਜ ਦੀ ਕਮਾਈ ਵੀ ਹੁੰਦੀ ਹੈ ਪਰ ਇਸਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਸਾਡੇ ਆਈ-ਕਿਊ, ਸਰੀਰਕ ਤੇ ਮਾਨਸਿਕ ਉਣਤਰ-ਬਣਤਰ ਨੂੰ ਨਿਰਧਾਰਤ ਕਰਨ ਵਿਚ ਸਾਡੇ ਪੂਰਵਜਾਂ ਦੇ ਜੀਨਜ਼ ਵਿਚੋਂ ਪ੍ਰਾਪਤ ਕੁਝ ਅੰਸ਼ ਵੀ ਜ਼ਰੂਰ ਅਪਣਾ ਰੋਲ ਨਿਭਾਉਂਦੇ ਹੋਣਗੇ। ਹੋ ਸਕਦਾ ਹੈ ਕਿ ਕੱਲ੍ਹ-ਕਲੋਤਰ ਨੂੰ ਸਾਇੰਸਦਾਨ ਜਾਂ ਮਨੋਵਿਗਿਆਨੀ ਇਹ ਵੀ ਖੋਜ ਲੈਣ ਕਿ ਮਨੁੱਖ ਦੇ ਅੰਦਰ ਸਾਹਿਤਕ ਜਾਂ ਕਲਾਤਮਕ ਰੁਚੀਆਂ ਦਾ ਵੀ ਕੋਈ ਵਿਸ਼ੇਸ਼ ਖਾਨਾ ਹੈ ਜਿਸਦੇ 'ਕਿਹੜੇ ਕਿਹੜੇ' ਅੰਸ਼ ਕਿਸੇ ਨਾ ਕਿਸੇ ਮਾਤਰਾ ਵਿਚ ਯਾਤਰਾ ਕਰਦੇ ਹੋਏ ਅਗਲੀਆਂ ਪੀੜ੍ਹੀਆਂ ਵਿਚ ਪਰਵੇਸ਼ ਕਰਕੇ ਉਹਨਾਂ ਦੇ

ਕਲਾਤਮਕ ਤੇ ਸਾਹਿਤਕ ਆਪੇ ਨੂੰ ਨਿਰਧਾਰਤ ਕਰਨ ਵਿਚ ਅਪਣਾ ਹਿੱਸਾ ਪਾ ਰਹੇ ਹਨ। ਸੋ ਜਮਾਂਦਰੂ ਅੰਸ਼ ਤੇ ਸਮੁਚਾ ਮਾਹੌਲ ਮਿਲ ਕੇ ਹੀ ਕਿਸੇ ਲੇਖਕ ਦੀ ਸ਼ਖ਼ਸੀਅਤ ਉਸਾਰੀ ਵਿਚ ਹਿੱਸਾ ਪਾਉਂਦੇ ਹਨ। ਅੰਤਮ ਤੌਰ 'ਤੇ ਮੇਰਾ ਮੱਤ ਇਹੋ ਹੈ ਕਿ ਸਾਡਾ ਨਿੱਜੀ ਇਤਿਹਾਸ, ਅਨੁਭਵ, ਅਭਿਆਸ, ਸਮੁੱਚਾ ਪਰਿਵੇਸ਼ ਜਾਂ ਹਾਲਾਤ ਸਾਡੀ ਕਲਾਤਮਕ ਜਾਂ ਸਾਹਿਤਕ ਸ਼ਖ਼ਸੀਅਤ ਨੂੰ ਸਿਰਜਣ ਵਿਚ ਬਹੁਤ ਹੀ ਵੱਡਾ ਰੋਲ ਨਿਭਾਉਂਦੇ ਹਨ।

ਪਰ ਇਸ ਬਾਰੇ ਬਹੁਤ ਕੁਝ ਅਜੇ ਜਾਨਣ ਸਮਝਣ ਵਾਲਾ ਪਿਆ ਹੈ। ਕਈ ਵਾਰ ਪਰਿਵਾਰ ਦੇ ਸਾਰੇ ਜੀਆਂ ਨੂੰ ਮਾਹੌਲ ਤਾਂ ਇੱਕੋ ਜਿਹਾ ਮਿਲਦਾ ਹੈ ਪਰ ਉਹਨਾਂ ਵਿਚੋਂ ਕਈ ਸ਼ਖ਼ਸੀਅਤਾਂ ਅਸਲੋਂ ਇਕ ਦੂਜੇ ਦੇ ਉਲਟ ਸੁਭਾਅ ਵਾਲੀਆਂ ਨਿਕਲ ਆਉਂਦੀਆਂ ਹਨ। ਇਹ ਬੜਾ ਵੱਡਾ ਗੋਰਖ਼ਧੰਦਾ ਹੈ, ਇਸ ਲਈ ਮੇਰੇ ਵਰਗੇ ਸਾਧਾਰਨ-ਬੁੱਧ ਬੰਦੇ ਵਾਸਤੇ ਇਸ ਨੂੰ ਸੁਲਝਾਉਣਾ ਕੋਈ ਸਹਿਜ ਕਾਰਜ ਨਹੀਂ।

## ਅੰਦਰਲਾ-ਬਾਹਰਲਾ ਸੱਚ

*ਹੁਣ-ਪੰਜਾਬ ਦੀਆਂ ਸਾਰੀਆਂ ਸਮਾਜਵਾਦੀ ਪਾਰਟੀਆਂ ਨਾਲ ਡੂੰਘਾ ਸਰੋਕਾਰ ਰੱਖਦਿਆਂ ਵੀ ਕਿਸੇ ਪਾਰਟੀ ਦਾ ਮੈਂਬਰ ਨਾ ਬਣਨਾ, ਅਪਣੇ ਆਪ ਨੂੰ ਸੰਕੋਚਵਾਂ ਸੰਗਾਊ ਕਹਿ ਕੇ ਕੰਧ 'ਤੇ ਬੈਠੇ ਰਹਿਣਾ, ਕੀ ਸਾਬਤ ਕਰਦਾ ਹੈ ਤੁਹਾਡੀ ਪ੍ਰਤੀਬੱਧਤਾ ਬਾਰੇ? ਇੱਕ ਮੁਲਾਕਾਤ ਵਿਚ ਤੁਸੀਂ ਕਿਹਾ ਹੈ ਕਿ ਲੇਖਕ ਦੀ ਪ੍ਰਤੀਬੱਧਤਾ ਅਪਣੇ 'ਅੰਦਰਲੇ ਸੱਚ' ਨਾਲ ਹੋਣੀ ਚਾਹੀਦੀ ਹੈ। ਇਹ 'ਅੰਦਰਲਾ ਸੱਚ' ਤਾਂ ਹਰ ਵਿਅਕਤੀ ਦਾ ਅਪਣਾ ਅਪਣਾ ਹੋਵੇਗਾ। ਫੇਰ ਸਮੂਹ ਦੀ ਗੱਲ ਹਾਸੋ ਹੀਣੀ ਨਹੀਂ ਹੋ ਜਾਂਦੀ ਕੀ?*

ਸੰਧੂ -ਜਿੱਥੋਂ ਤੱਕ 'ਸਾਰੀਆਂ ਸਮਾਜਵਾਦੀ ਪਾਰਟੀਆਂ' ਨਾਲ ਸਰੋਕਾਰ ਰੱਖਣ ਦੀ ਗੱਲ ਹੈ; ਉਹ ਇਸ ਕਰਕੇ ਹੈ ਕਿ ਸਾਰੀਆਂ ਹੀ ਪਾਰਟੀਆਂ ਮਾਰਕਸਵਾਦ ਨੂੰ ਇਨਕਲਾਬੀ ਤਬਦੀਲੀ ਦਾ ਸਿਧਾਂਤ ਮੰਨਦੀਆਂ ਨੇ। ਭਾਵੇਂ ਮੈਂ ਮਾਰਕਸਵਾਦ ਦਾ ਅੱਜ ਦੇ 'ਸਰਕਾਰੀ ਸਕੂਲਾਂ' ਵਿਚੋਂ ਪ੍ਰਾਪਤ ਕੀਤੀ ਸਿੱਖਿਆ ਵਾਂਗ ਅਨਪੜ੍ਹਾਂ ਵਰਗਾ ਹੀ ਵਿਦਿਆਰਥੀ ਰਿਹਾ ਹਾਂ ਤਦ ਵੀ ਮੈਂ ਮਾਰਕਸਵਾਦ ਨੂੰ ਇਨਕਲਾਬੀ ਤਬਦੀਲੀ ਦਾ ਬਿਹਤਰੀਨ ਸਿਧਾਂਤ ਮੰਨਦਾਂ। ਇਸੇ ਕਰਕੇ ਇਹ 'ਸਾਰੀਆਂ ਪਾਰਟੀਆਂ' ਮੇਰੀਆਂ ਅਪਣੀਆਂ ਸਕੀਆਂ-ਸੋਦਰੀਆਂ ਨੇ। ਇਹ ਜਦੋਂ ਵੀ ਸੰਘਰਸ਼ ਕਰਦੀਆਂ ਨੇ, ਲੋਕ-ਹਿਤਾਂ ਲਈ ਲੜਦੀਆਂ ਨੇ, ਕੋਈ ਚੰਗਾ ਕੰਮ ਕਰਦੀਆਂ ਨੇ ਤਾਂ ਮੈਨੂੰ ਖ਼ੁਸ਼ੀ ਹੁੰਦੀ ਹੈ। ਇਹਨਾਂ ਨਾਲ ਮੇਰਾ ਅਪਣੱਤ ਦਾ ਰਿਸ਼ਤਾ ਹੋਰ ਗੂੜ੍ਹਾ ਹੁੰਦਾ ਹੈ।

ਤੁਸੀਂ ਵੀ ਤੇ ਪਾਰਟੀਆਂ ਵੀ ਕਹਿ ਸਕਦੀਆਂ ਨੇ, "ਅਸੀਂ 'ਤੇਰੀ ਖ਼ੁਸ਼ੀ' ਨੂੰ ਕੀ ਕਰਨਾ ਏਂ! ਤੂੰ ਇਹ ਦੱਸ ਕਿ ਤੂੰ ਪਾਰਟੀ ਲਈ ਕੀ ਕੀਤਾ ਏ ਜਾਂ ਕਰਦਾ ਏਂ?" ਮੈਂ ਕਹਿੰਦਾ ਹਾਂ, "ਜੇ ਪਾਰਟੀ ਇਕ ਹੋਵੇ ਤਾਂ ਮੈਂ ਕਿਸੇ ਦਾ ਮੈਂਬਰ ਵੀ ਬਣ ਜਾਵਾਂ। 'ਦੁਨੀਆਂ ਭਰ ਦੇ ਮਜ਼ਦੂਰਾਂ ਨੂੰ ਇੱਕ ਹੋ ਜਾਣ' ਦਾ ਉਪਦੇਸ਼ ਦੇਣ ਵਾਲੀਆਂ ਪਾਰਟੀਆਂ ਆਪ ਤਾਂ ਇਕ ਤੋਂ ਦੋ, ਦੋ ਤੋਂ ਤਿੰਨ, ਤਿੰਨ ਤੋਂ ਤੇਤੀ ਹੋ ਕੇ ਟੁਕੜਿਆਂ ਵਿਚ ਵੰਡੀਆਂ ਹੋਈਆਂ ਨੇ। ਫਿਰ ਕਹਿੰਦੀਆਂ ਵੀ ਮੇਰੀ ਕਹਾਣੀ 'ਅਸਲੀ ਤੇ ਵੱਡੀ ਹੀਰ' ਵਾਂਗ ਇਹ ਨੇ ਕਿ 'ਸਾਡੀ ਪਾਰਟੀ ਹੀ ਸਭ ਤੋਂ ਅਸਲੀ ਤੇ ਵੱਡੀ ਪਾਰਟੀ ਹੈ' ਤਾਂ ਮੈਂ ਕਿਹੜੀ ਪਾਰਟੀ ਨੂੰ ਮੰਨਾਂ। ਨਾ ਮੈਂ 'ਮੱਖਣ ਸ਼ਾਹ ਲੁਬਾਣਾ ਹਾਂ' ਤੇ ਨਾ ਮੇਰੇ ਕੋਲ ਏਨੀ ਬਰੀਕ ਨਜ਼ਰ ਹੈ ਕਿ 'ਬਾਈ ਮੰਜੀਆਂ' ਵਿਚੋਂ ਕਿਸੇ ਮੰਜੀ 'ਤੇ ਬੈਠੇ 'ਗੁਰੂ ਤੇਗ਼ ਬਹਾਦਰ' ਨੂੰ ਪਛਾਣ ਸਕਾਂ ਤਾਂ ਤੁਸੀਂ ਆਪ ਹੀ ਦੱਸੋ ਕਿ ਮੈਂ ਅਪਣੀ 'ਪ੍ਰਤੀਬੱਧਤਾ' ਦੀਆਂ ਅਪਣੀਆਂ 'ਮੁਹਰਾਂ' ਕਿਸ ਅੱਗੇ ਧਰਾਂ?"

ਕਿਸੇ 'ਸੱਚੇ ਸਿੱਖ' ਲਈ ਅਪਣੇ ਆਪ ਨੂੰ 'ਸਿੱਖ' ਸਾਬਤ ਕਰਨ ਲਈ ਕਿਸੇ ਅਕਾਲੀ ਪਾਰਟੀ ਦਾ ਮੈਂਬਰ ਹੋਣਾ ਜ਼ਰੂਰੀ ਨਹੀਂ, ਇੰਜ ਹੀ ਕਿਸੇ ਮਾਰਕਸਵਾਦੀ ਨੂੰ, ਮੌਜੂਦਾ ਸਥਿਤੀ ਵਿਚ ਅਪਣੇ ਆਪ ਨੂੰ 'ਮਾਰਕਸਵਾਦੀ' ਸਾਬਤ ਕਰਨ ਲਈ ਕਿਸੇ ਕਮਿਊਨਿਸਟ ਪਾਰਟੀ ਦਾ ਮੈਂਬਰ ਹੋਣਾ ਵੀ ਕਿਉਂ ਜ਼ਰੂਰੀ ਹੈ! ਹਾਂ, ਜੇ ਇਕ ਪਾਰਟੀ ਹੁੰਦੀ ਤਾਂ ਸ਼ਾਇਦ ਮੈਂ ਪਾਰਟੀ ਦਾ ਮੈਂਬਰ ਵੀ ਬਣ ਜਾਂਦਾ ਪਰ ਮੇਰੀ ਸਾਹਿਤਕ ਤੇ ਸਿਆਸੀ 'ਸੰਭਾਲ' ਤੋਂ ਪਹਿਲਾਂ ਹੀ ਪਾਰਟੀਆਂ ਦੇ ਵੰਡੇ ਤੇ ਖਿੰਡੇ ਜਾਣ ਦਾ ਅਮਲ ਸ਼ੁਰੂ ਹੋ ਗਿਆ ਸੀ। ਜਦੋਂ ਨੂੰ 'ਸੁਰਤ ਸੰਭਲੀ' ਤਾਂ ਨਕਸਲੀ ਲਹਿਰ ਦਾ ਬੋਲ-ਬਾਲਾ ਸੀ। ਉਦੋਂ ਮੇਰੀ ਕੱਚੀ ਸਮਝ ਨੂੰ ਇਹ ਸਿਆਸਤ ਚੰਗੀ ਲੱਗਣ ਲੱਗੀ ਤੇ ਮੈਂ ਇਸਦਾ ਹਮਦਰਦ ਵੀ ਹੋ ਗਿਆ। ਮੈਂ ਉਸ ਦੌਰ ਵਿਚ ਅਧਿਆਪਕ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਦੇ ਕੰਮ-ਕਾਜ ਵਿਚ ਅਪਣੇ ਵਿਤ ਅਨੁਸਾਰ ਭਾਗ ਵੀ ਲੈਂਦਾ ਰਿਹਾ। ਪਰ ਉਹਨਾਂ ਵਿਚ ਵੀ ਛੇਤੀ ਹੀ ਵੰਡੇ ਜਾਣ ਦਾ ਅਮਲ ਸ਼ੁਰੂ ਹੋ ਗਿਆ ਤਾਂ ਉਹਨਾਂ ਵਿਚੋਂ 'ਕੌਣ ਠੀਕ ਤੇ ਕੌਣ ਗ਼ਲਤ' ਦਾ ਫ਼ੈਸਲਾ ਕਰ ਸਕਣ ਤੋਂ ਅਸਮਰੱਥ ਹੋਣ ਕਰਕੇ ਜਾਂ ਕਿਸੇ ਇਕ ਧੜੇ ਨਾਲ ਨਾ ਚੱਲ ਸਕਣ ਕਰਕੇ ਮੈਂ ਹੌਲੀ ਹੌਲੀ ਸਰਗਰਮ ਰਾਜਨੀਤਕ ਅਮਲ ਤੋਂ ਵਿੱਥ ਸਿਰਜ ਲਈ ਅਤੇ ਅਪਣੀਆਂ ਗਤੀਵਿਧੀਆਂ ਨੂੰ ਸਾਹਿਤਕ ਤੇ ਸਮਾਜਕ-ਸਭਿਆਚਾਰਕ ਖੇਤਰ ਤੱਕ ਹੀ ਸੀਮਤ ਕਰ ਲਿਆ।

ਉਂਜ ਵੀ ਦਿਲ ਦੀ ਗੱਲ ਕਰਾਂ ਤਾਂ ਸਚਾਈ ਇਹ ਹੈ ਕਿ ਮੇਰਾ ਮਿਜ਼ਾਜ ਸਿਆਸਤਦਾਨ ਬਣ ਸਕਣ ਦੇ ਅਨੁਕੂਲ ਹੈ ਹੀ ਨਹੀਂ। ਮੈਨੂੰ ਲੱਗਦਾ ਹੈ ਕਿ ਜੇ ਕਿਸੇ ਪਾਰਟੀ ਦਾ ਮੈਂਬਰ ਬਣ ਵੀ ਜਾਂਦਾ ਤਾਂ ਮੈਂ ਬਹੁਤੀ ਦੇਰ ਪਾਰਟੀ ਦੇ ਜੂਲੇ ਹੇਠ ਵਗ ਨਹੀਂ ਸੀ ਸਕਣਾ ਕਿਉਂਕਿ ਲੇਖਕ ਤੇ ਕਲਾਕਾਰ ਨੇ ਸਦਾ 'ਸੱਚ' ਕਹਿਣਾ ਹੁੰਦਾ ਹੈ। ਮੇਰੇ ਮੁਤਾਬਕ ਇਹ ਸੱਚ ਕੋਈ 'ਧੁਰ ਕੀ ਬਾਣੀ' ਨਹੀਂ ਹੁੰਦਾ ਸਗੋਂ ਬਹੁਤੀ ਵਾਰ ਓਸੇ ਵਿਚਾਰਧਾਰਾ ਦੀ ਛਾਨਣੀ 'ਚੋਂ ਛਣ ਕੇ ਆਇਆ ਹੁੰਦਾ ਹੈ ਜਿਸ ਵਿਚਾਰਧਾਰਾ ਨੂੰ ਪਾਰਟੀਆਂ ਵੀ ਅਪਣਾ ਰਾਹ ਦਸੇਰਾ ਮੰਨਦੀਆਂ ਹਨ। ਅਸੀਂ ਇਹ ਵੀ ਜਾਣਦੇ ਹਾਂ ਕਿ ਪਾਰਟੀਆਂ ਵਿਚ ਫ਼ੈਸਲੇ ਬਹੁਤ-ਸੰਮਤੀ ਨਾਲ ਹੁੰਦੇ ਨੇ ਤੇ ਵਿਰੋਧੀ ਵਿਚਾਰ ਰੱਖਣ ਵਾਲੇ ਪਾਰਟੀ ਮੈਂਬਰਾਂ ਦੀ ਮਜਬੂਰੀ ਹੁੰਦੀ ਹੈ ਕਿ ਉਹ ਪਾਰਟੀ ਦੀ ਬਹੁ-ਸੰਮਤੀ ਦੇ ਫ਼ੈਸਲੇ 'ਤੇ ਹੀ ਫੁੱਲ ਚੜ੍ਹਾਉਣ। ਲੇਖਕ ਨੂੰ ਜੇ ਪਾਰਟੀ ਦਾ ਫ਼ੈਸਲਾ ਠੀਕ ਨਹੀਂ ਲੱਗਦਾ ਤਾਂ ਉਹ ਬਹੁ-ਸੰਮਤੀ ਦੇ ਫ਼ੈਸਲੇ ਅਨੁਸਾਰ ਅਪਣੇ ਮਨ ਨੂੰ ਮਾਰ ਨਹੀਂ ਸਕਦਾ। ਸੱਚਾ ਲੇਖਕ ਤਾਂ 'ਸੱਚ ਸੁਣਾਇਸੀ ਸੱਚ ਕੀ ਬੇਲਾ' 'ਤੇ ਅਮਲ ਕਰਨ ਵਾਲਾ ਹੁੰਦਾ ਹੈ ਤੇ ਜੈਸੀ ਉਸਦੇ 'ਅੰਦਰਲੇ ਖ਼ਸਮ'(ਜ਼ਮੀਰ) ਦੀ ਬਾਣੀ ਆਉਂਦੀ ਹੈ ਉਹ ਤੈਸਾ ਹੀ ਬੋਲਦਾ ਹੈ। ਪਾਰਟੀਆਂ ਦੇ ਵਕਤੀ ਫ਼ੈਸਲੇ ਤਾਂ ਗ਼ਲਤ ਵੀ ਹੁੰਦੇ ਨੇ ਤੇ ਮਗਰੋਂ ਕਈ ਵਾਰ ਅਪਣੀਆਂ ਗ਼ਲਤੀਆਂ ਨੂੰ ਪਾਰਟੀਆਂ ਸੋਧਦੀਆਂ ਵੀ ਆਈਆਂ ਨੇ। ਅਜਿਹੀ ਸਥਿਤੀ ਵਿਚ ਲੇਖਕ ਵਿਚਾਰਾ ਕੀ ਕਰੇ?

ਫ਼ਰਜ਼ ਕਰੋ ਮੈਂ ਸੀ ਪੀ ਆਈ ਦਾ ਮੈਂਬਰ ਹਾਂ। ਐਮਰਜੈਂਸੀ ਲੱਗ ਗਈ ਹੈ। ਪਾਰਟੀ ਐਮਰਜੈਂਸੀ ਦੀ ਹਮਾਇਤ ਕਰਦੀ ਹੈ। ਪਰ ਮੇਰਾ ਅੰਦਰਲਾ ਪਾਰਟੀ ਦੇ ਫ਼ੈਸਲੇ ਮੁਤਾਬਕ ਐਮਰਜੈਂਸੀ ਦੀ ਹਮਾਇਤ ਕਰਨ ਨੂੰ ਨਹੀਂ ਮੰਨਦਾ। ਪਾਰਟੀ-ਮੈਂਬਰ ਲੇਖਕ ਦੇ ਤੌਰ 'ਤੇ ਮੈਂ ਕੀ ਕਰ ਸਕਦਾ ਹਾਂ? ਜਾਂ ਤਾਂ ਮੈਂ ਮਨ ਮਾਰ ਕੇ ਚੁੱਪ ਹੋ ਜਾਵਾਂ ਜਾਂ ਪਾਰਟੀ ਦੇ ਆਦੇਸ਼ ਮੁਤਾਬਕ ਐਮਰਜੈਂਸੀ ਦੇ ਹੱਕ ਵਿਚ ਲਿਖਾਂ ਜਾਂ ਬੋਲਾਂ। ਲੇਖਕ ਵਜੋਂ ਮੈਂ ਦੋਵੇਂ ਤਰ੍ਹਾਂ ਹੀ ਮਰਦਾ ਹਾਂ। ਇਹੋ ਜਿਹੇ ਥਾਂ 'ਤੇ ਆ ਕੇ ਹੀ ਲੇਖਕ ਦੀ ਆਜ਼ਾਦੀ ਦੀ ਗੱਲ ਆ ਜਾਂਦੀ ਹੈ। ਮੇਰੇ ਖ਼ਿਆਲ ਵਿਚ ਪਾਰਟੀ ਹੀ ਨਹੀਂ ਸਗੋਂ ਜੇ ਲੇਖਕ ਦਾ ਅਪਣਾ ਕਿਰਦਾਰ, ਵਿਹਾਰ ਤੇ ਵਿਚਾਰ ਵੀ ਲੇਖਕ ਦੇ 'ਅੰਦਰਲੇ ਸੱਚ' ਦੇ ਕਾਟੇ ਹੇਠ ਆਉਂਦਾ ਹੋਵੇ ਤਾਂ ਆਉਣਾ ਚਾਹੀਦਾ ਹੈ।

ਦੂਜੇ ਪਾਸੇ ਇਹ ਵੀ ਕੋਈ ਠੀਕ ਗੱਲ ਨਹੀਂ ਕਿ ਕੋਈ ਸਾਹਿਤਕ ਜਾਂ ਸਭਿਆਚਾਰਕ ਕਾਮਾ ਜੇ ਕਿਸੇ ਪਾਰਟੀ ਦਾ ਬਾਕਾਇਦਾ ਮੈਂਬਰ ਬਣ ਕੇ ਰਾਜਨੀਤਕ ਕੰਮ ਕਰਨ ਤੇ ਉਸ ਪਾਰਟੀ ਜਾਂ ਧੜੇ ਨਾਲ ਤੁਰਨ ਦੀ ਸਮਰੱਥਾ ਨਹੀਂ ਰੱਖਦਾ ਤਾਂ ਉਸਨੂੰ ਦੁਰਕਾਰ ਦਿੱਤਾ ਜਾਵੇ। ਮੈਂ ਤਾਂ ਸਮਝਦਾਂ ਕਿ ਜੇ ਉਸ ਵਿਅਕਤੀ ਦੀ ਸਾਹਿਤਕ ਤੇ ਸਭਿਆਚਾਰਕ ਪਹੁੰਚ 'ਪਾਰਟੀ' ਜਾਂ 'ਪਾਰਟੀਆਂ' ਦੇ ਪ੍ਰਤੀਕੂਲ ਨਹੀਂ ਤੇ ਵਿਚਾਰਧਾਰਕ ਤੌਰ 'ਤੇ ਉਸਦੇ ਕੀਤੇ ਸਾਹਿਤਕ ਜਾਂ ਸਭਿਆਚਾਰਕ ਕੰਮ ਓਸੇ ਵਿਚਾਰਧਾਰਾ ਦੇ ਅਨੁਕੂਲ ਹਨ ਤਾਂ ਇਹਨਾਂ ਪਾਰਟੀਆਂ ਨੂੰ ਉਸ ਲੇਖਕ ਜਾਂ ਕਲਾਕਾਰ ਨੂੰ ਅਪਣੀ ਅਪਣੱਤ ਦੇ ਦਾਇਰੇ ਅੰਦਰ ਰੱਖ ਲੈਣਾ ਚਾਹੀਦਾ ਹੈ। ਅਗਲੀ ਗੱਲ ਇਹ ਵੀ ਹੈ ਕਿ ਜ਼ਰੂਰੀ ਨਹੀਂ ਹਰੇਕ ਲੇਖਕ ਸਾਰੇ ਪਾਸੇ ਕੰਮ ਕਰ ਸਕਣ ਦੀ ਸਮਰੱਥਾ ਰੱਖਦਾ ਹੋਵੇ। ਜੇ ਉਹ ਪਾਰਟੀ ਮੈਂਬਰ ਬਣ ਕੇ ਸਿਆਸਤ ਵਿਚ ਵੀ ਕਾਰਜਸ਼ੀਲ ਹੋਣ ਤੇ ਵਧੀਆ ਲਿਖ ਸਕਣ ਦੀ ਸਮਰੱਥਾ ਰੱਖਦਾ ਹੈ ਤਾਂ ਉਹ ਜੰਮ ਜੰਮ ਅਜਿਹਾ ਕਰੇ ਤੇ ਇਹ ਵਧੀਆ ਗੱਲ ਹੈ। ਪਰ ਮੇਰੇ ਵਰਗੇ ਜਿਹੜੇ ਏਨੀ ਵਡੇਰੀ ਸਮਰੱਥਾ ਦੇ ਮਾਲਕ ਨਹੀਂ ਹੁੰਦੇ, ਉਹਨਾਂ ਨੂੰ 'ਬਾਹਰ' ਰਹਿਣ ਦੀ ਆਗਿਆ ਦੇ ਕੇ ਪਾਰਟੀਆਂ ਤੇ ਆਗੂ ਹਿਕਾਰਤ ਨਾਲ ਵੇਖਣ ਦੀ ਥਾਂ ਅਪਣੱਤ ਭਾਵ ਨਾਲ ਵੇਖਣ ਤਾਂ ਚੰਗਾ ਹੈ।

ਸੋ ਮੇਰੀ ਪ੍ਰਤੀਬੱਧਤਾ ਕੁਝ ਏਸੇ ਕਿਸਮ ਦੀ ਹੈ। ਉਂਜ ਅਪਣੀ ਸੀਮਤ ਜਿਹੀ ਸਮਰੱਥਾ ਅਨੁਸਾਰ ਮੈਂ ਵਿਅਕਤੀਗਤ ਪੱਧਰ 'ਤੇ ਹੀ ਨਹੀਂ ਸਗੋਂ ਜਥੇਬੰਦਕ ਪੱਧਰ 'ਤੇ ਵੀ ਅਜਿਹੇ ਅਦਾਰਿਆਂ ਨਾਲ ਜੁੜਿਆ ਹੋਇਆ ਹਾਂ ਜੋ ਸਾਹਿਤ, ਸਭਿਆਚਾਰ, ਭਾਸ਼ਾ ਅਤੇ ਸੁੱਚੀ ਰਾਜਨੀਤੀ ਲਈ ਪ੍ਰਤੀਬੱਧ ਤੇ ਕਾਰਜਸ਼ੀਲ ਹਨ। ਇਹਨਾਂ ਅਦਾਰਿਆਂ ਵਿਚ ਮੈਂ ਲਿਖਣ ਤੋਂ ਇਲਾਵਾ ਅਮਲੀ ਪੱਧਰ 'ਤੇ ਵੀ ਕਾਰਜਸ਼ੀਲ ਹਾਂ। ਪਾਰਟੀਆਂ ਮੇਰੇ ਕੀਤੇ ਨੂੰ ਬੇਸ਼ੱਕ 'ਗਾਲ੍ਹੜ' ਵੱਲੋਂ ਸਮੁੰਦਰ ਵਿਚ ਬਣ ਰਹੇ ਪੁਲ 'ਤੇ ਪਿੰਡੇ ਦੀ ਮਿੱਟੀ ਝਾੜਨ ਜੇਡਾ 'ਨਾ-ਗਿਣੌਨਾ' ਕੰਮ ਹੀ ਕਿਉਂ ਨਾ ਸਮਝਣ ਤਦ ਵੀ ਮੈਨੂੰ ਏਨੀ ਤਸੱਲੀ ਤਾਂ ਜ਼ਰੂਰ ਹੀ ਹੈ ਕਿ ਮੈਂ ਅਪਣੇ ਪਿੰਡੇ ਦੀ ਮਿੱਟੀ ਝਾੜਦਾ ਤਾਂ ਓਸੇ ਪੁਲ ਉੱਤੇ ਹਾਂ ਜਿਹੜਾ ਪੁਲ ਇਹ ਪਾਰਟੀਆਂ ਉਸਾਰਨਾ ਚਾਹੁੰਦੀਆਂ ਹਨ। ਇਸ ਪ੍ਰਕਾਰ ਮੇਰੀ ਪ੍ਰਤੀਬੱਧਤਾ ਹਾਸੋਹੀਣੀ ਨਹੀਂ ਸਗੋਂ ਕਿਸੇ ਨਾ ਕਿਸੇ ਰੂਪ ਵਿਚ 'ਸਮੂਹ' ਦੇ ਹਿਤਾਂ ਦੀ ਅਨੁਸਾਰੀ ਹੀ ਹੈ।

*ਹੁਣ-ਲੇਖਕਾਂ ਦਾ ਇੱਕ ਧੜਾ ਕਿੰਨੇ ਹੀ ਚਿਰ ਤੋਂ ਕਹਿੰਦਾ ਆ ਰਿਹਾ ਹੈ ਕਿ ਸੰਸਾਰ ਦੀ ਕੋਈ 'ਅੰਤਿਮ ਵਿਚਾਰਧਾਰਾ' ਨਹੀਂ। ਇਸ ਲਈ ਕਿਸੇ ਵੀ ਚੰਗੀ ਮੰਦੀ ਵਿਚਾਰਧਾਰਾ ਦੀ ਨੀਂਹ 'ਤੇ ਰਚਨਾ ਦਾ ਉਸਾਰ ਕਰਨਾ ਠੀਕ ਨਹੀਂ। ਇਸ ਬਾਰੇ ਕੀ ਕਹੋਗੇ?*

ਸੰਧੂ -ਇਹ ਵੀ ਠੀਕ ਹੈ ਕਿਸੇ ਲੇਖਕ ਕੋਲ ਵਿਚਾਰਧਾਰਾ ਦਾ ਹੋਣਾ ਹੀ ਉਸਨੂੰ ਲੇਖਕ ਨਹੀਂ ਬਣਾ ਸਕਦਾ। ਵਿਚਾਰਧਾਰਾ ਹਮੇਸ਼ਾ ਪਿਛੋਕੜ ਵਿਚ ਹੁੰਦੀ ਹੈ ਜਾਂ ਹੋਣੀ ਚਾਹੀਦੀ ਹੈ। ਕਿਸੇ ਵਿਚਾਰਧਾਰਕ ਪੈਂਤੜੇ ਨੂੰ ਹੀ ਸਹੀ ਸਿੱਧ ਕਰਨ ਵਾਸਤੇ ਲਿਖੀ ਰਚਨਾ ਉਤਮ ਸਾਹਿਤ ਨਹੀਂ ਅਖਵਾ ਸਕਦੀ। ਵਿਚਾਰਧਾਰਾ ਤਾਂ ਜ਼ਿੰਦਗੀ ਤੇ ਵਰਤਾਰਿਆਂ ਨੂੰ ਵੇਖਣ-ਸਮਝਣ ਦਾ ਨਜ਼ਰੀਆ ਦਿੰਦੀ ਹੈ। ਸਾਹਿਤ ਉਸ ਨਜ਼ਰੀਏ ਵਿਚੋਂ ਕਸ਼ੀਦ ਹੋ ਕੇ ਕਾਗਜ਼ 'ਤੇ ਉੱਤਰੀ ਹਕੀਕਤ ਹੁੰਦੀ ਹੈ, ਕਿਸੇ ਵਿਚਾਰਧਾਰਾ ਦਾ ਪਰਚਾਰ ਨਹੀਂ। ਵਿਚਾਰਧਾਰਾ ਰਚਨਾ ਦੀ ਆਤਮਾ ਦਾ ਬੜਾ ਸੂਖ਼ਮ ਤੇ ਅਣਦਿਸਦਾ ਪਹਿਲੂ ਹੁੰਦੀ ਜਾਂ ਹੋਣੀ ਚਾਹੀਦੀ ਹੈ। ਜਿਹੜੇ ਲੋਕ ਸਾਹਿਤ ਨੂੰ ਵਿਚਾਰਧਾਰਾ ਦੇ ਪਰਚਾਰ ਦਾ ਹੀ ਮਾਧਿਅਮ ਮੰਨਦੇ ਹਨ ਉਹ ਸਾਹਿਤ ਦੀ ਵੱਖਰੀ ਜਾਂ ਸੁਤੰਤਰ ਹੋਂਦ ਦੇ ਮਹੱਤਵ ਨੂੰ ਨਹੀਂ ਜਾਣਦੇ। ਉਹ ਸਾਹਿਤ ਦਾ ਕੁਝ ਸੰਵਾਰਨ ਦੀ ਥਾਂ ਵਿਗਾੜਦੇ ਹੀ ਨੇ। ਉਂਜ ਬੜੀ ਸਿੱਧੀ ਜਿਹੀ ਗੱਲ ਹੈ, ਸ਼ਬਦ ਜਦੋਂ ਕਿਸੇ ਤਰਤੀਬ ਵਿਚ ਜੁੜ ਕੇ ਕੁਝ ਅਰਥ ਸਿਰਜਦੇ ਹਨ ਤਾਂ ਉਸਦੇ ਪਿੱਛੇ ਕੋਈ ਨਾ ਕੋਈ ਵਿਚਾਰ ਜਾਂ ਵਿਚਾਰਧਾਰਾ ਤਾਂ ਹੁੰਦੀ ਹੀ ਹੈ ਕਿਉਂਕਿ ਅਰਥਾਂ ਦਾ ਮਤਲਬ ਹੀ ਕਿਸੇ ਵਿਚਾਰਧਾਰਾ ਦੀ ਹੋਂਦ ਦਾ ਗਵਾਹ ਹੈ।

ਮੈਂ ਸਾਹਿਤ ਵਿਚ ਵਿਚਾਰਧਾਰਾ ਦੇ ਕਿਸੇ ਸਿੱਧੇ ਦਖ਼ਲ ਜਾਂ ਸਾਹਿਤ ਰਾਹੀਂ ਵਿਚਾਰਧਾਰਾ ਦੇ ਸਿੱਧੇ ਪਰਚਾਰ ਦਾ ਬਿਲਕੁਲ ਹਾਮੀ ਨਹੀਂ ਪਰ ਜ਼ਿੰਦਗੀ ਨੂੰ ਵੇਖਣ ਸਮਝਣ ਲਈ ਇਸਦੇ ਮਹੱਤਵ ਤੋਂ ਇਨਕਾਰੀ ਵੀ ਨਹੀਂ। ਇਸ ਲਈ ਕਿਸੇ 'ਅੰਤਮ ਵਿਚਾਰਧਾਰਾ' ਦੇ ਨਾ ਹੋਣ ਦਾ ਜੇ ਤਾਂ ਇਹ ਮਤਲਬ ਹੈ ਕਿ ਕੋਈ ਸਿਧਾਂਤ ਜਾਂ ਵਿਚਾਰਧਾਰਾ ਸਥਿਰ, ਗਤੀਹੀਣ, ਅਟੱਲ ਤੇ ਅਬਦਲ ਨਹੀਂ ਹੁੰਦੀ ਤੇ ਸਮੇਂ ਦੇ ਨਾਲ ਨਾਲ ਉਸ ਵਿਚ ਤਬਦੀਲੀ ਕਰਨ ਜਾਂ ਸੋਧੇ ਅਤੇ ਵਿਸਥਾਰੇ ਜਾਣ ਦੀ ਗੁੰਜਾਇਸ਼ ਹੁੰਦੀ ਹੈ ਤਾਂ ਮੈਂ ਇਸ ਨਾਲ ਮੁਤਫ਼ਿਕ ਹਾਂ ਤੇ ਮੰਨਦਾ ਹਾਂ ਕਿ ਸਮੇਂ-ਸਥਾਨ ਅਤੇ ਦੇਸ਼-ਕਾਲ ਦੀਆਂ ਲੋੜਾਂ ਅਨੁਸਾਰ ਵਿਚਾਰਧਾਰਾ ਨੂੰ ਸਮੇਂ ਦੇ ਵਧੇਰੇ ਅਨੁਕੂਲ ਤੇ ਲਾਭਕਾਰੀ ਬਨਾਉਣ ਲਈ ਇਸ ਵਿਚ ਲੋੜੀਂਦੇ ਪਰਿਵਰਤਨ ਦੀ ਸਦਾ ਲੋੜ ਬਣੀ ਰਹਿੰਦੀ ਹੈ। ਮਾਰਕਸਵਾਦ ਵਿਚ ਵੀ। ਪਰ ਜੇ ਇਸਦਾ ਅਰਥ ਇਹ ਹੈ (ਤੇ ਜਿਵੇਂ ਇਹ ਸਮਝਿਆ ਤੇ ਪਰਚਾਰਿਆ ਜਾ ਰਿਹਾ ਹੈ) ਕਿ ਹੁਣ ਸੰਸਾਰ ਦ੍ਰਿਸ਼ ਤੋਂ 'ਵਿਚਾਰਧਾਰਾ' ਨਾਂ ਦੀ ਚੀਜ਼ ਅਲੋਪ ਹੀ ਹੋ ਗਈ ਹੈ ਜਾਂ ਉਸਦੀ ਲੋੜ ਹੀ ਨਹੀਂ ਰਹਿ ਗਈ ਤਾਂ ਇਹ ਗੱਲ ਮੇਰੇ ਮੰਨਣ ਵਿਚ ਨਹੀਂ ਆਉਂਦੀ। ਇਸ ਗੱਲ ਨੂੰ ਪਰਚਾਰਨ ਵਾਲੇ ਵੀ ਕਿਸੇ ਵਿਚਾਰਧਾਰਕ ਪੈਂਤੜੇ 'ਤੇ ਖਲੋ ਕੇ ਹੀ ਇਹ ਗੱਲ ਆਖਦੇ ਨੇ।

*ਹੁਣ-ਕਿਸੇ ਵੀ ਲਿਖਤ ਦੇ ਰੂਪ ਅਤੇ ਵਿਸ਼ੇ ਬਾਰੇ ਬੜੀਆਂ ਬਹਿਸਾਂ ਚੱਲ ਚੁੱਕੀਆਂ ਹਨ। ਇਥੋਂ ਤੱਕ ਕਿ ਰੂਸੀ ਰੂਪਵਾਦੀਆਂ ਨੇ ਵੀ ਤਿੱਖੀ ਚਰਚਾ ਛੇੜੀ ਸੀ। ਮਸਲਾ ਇਹ ਹੈ ਕਿ ਇਨ੍ਹਾਂ ਵਿਚੋਂ ਪਹਿਲ ਕਿਸਨੂੰ ਤੇ ਦੂਜ ਕਿਸਨੂੰ ਦਿੱਤੀ ਜਾਵੇ। ਇਸ ਬਾਰੇ ਤੁਹਾਡਾ ਮਨ ਕਿੱਥੇ ਕੁ ਖਲੋਤਾ ਹੈ?*

ਸੰਧੂ -ਮੇਰੇ ਖ਼ਿਆਲ ਵਿਚ ਪਹਿਲ ਨਾ ਰੂਪ, ਨਾ ਵਿਸ਼ੇ ਦੀ ਹੁੰਦੀ ਹੈ; ਪਹਿਲ ਹੁੰਦੀ ਹੈ ਉਸ 'ਨਜ਼ਰ' ਦੀ ਜਿਸ ਨਜ਼ਰ ਨਾਲ ਤੁਸੀਂ ਹਕੀਕਤ ਨੂੰ ਵੇਖਦੇ-ਪਛਾਣਦੇ ਹੋ ਤੇ ਰਚਨਾ ਦੀ ਵਸਤੂ ਵਜੋਂ ਉਸਦੀ ਚੋਣ ਕਰਕੇ ਉਸਨੂੰ ਵਿਸ਼ੇਸ਼ ਸਿਰ-ਜਣਾਤਮਕ ਮੰਤਕ ਤੱਕ ਪਹੁੰਚਾਉਣਾ ਲੋੜਦੇ ਹੋ। ਲੇਖਕ ਸਾਹਮਣੇ ਵਿਛੀ ਪਈ ਹਕੀਕਤ ਤਾਂ ਹਿਮਾਲੀਆ ਪਹਾੜ ਹੈ ਪਰ ਲੇਖਕ ਨੇ ਤਾਂ ਉਸ ਵਿਚੋਂ 'ਸੰਜੀਵਨੀ ਬੂਟੀ' ਨੂੰ ਹੀ


ਅਪਣੇ ਸਮਕਾਲੀ ਕਹਾਣੀਕਾਰਾਂ ਮੋਹਨ ਭੰਡਾਰੀ, ਪ੍ਰੇਮ ਪ੍ਰਕਾਸ਼, ਗੁਲਜਾਰ ਸੰਧੂ, ਪ੍ਰਿੰ. ਸੁਜਾਨ ਸਿੰਘ ਨਾਲ। (1987)

ਅਪਣੀ ਨਜ਼ਰ ਨਾਲ ਪਛਾਨਣਾ ਤੇ ਰਚਨਾ ਦੀ ਵਸਤੂ ਬਨਾਉਣਾ ਹੈ। ਜੇ ਨਜ਼ਰ ਜਾਂ ਨਜ਼ਰੀਆ ਠੀਕ ਹੈ ਤਾਂ ਵਿਸ਼ਾ ਠੀਕ ਈ ਹੋਵੇਗਾ। ਇਸ ਨਜ਼ਰ ’ਚੋਂ ਕਸ਼ੀਦ ਕੀਤੀ ਹੋਈ ਹਕੀਕਤ ਜਦੋਂ ਵਿਸ਼ੇਸ਼ ਵਿਧਾ ਦਾ ਰੂਪ ਅਖ਼ਤਿਆਰ ਕਰਦੀ ਹੈ ਤਾਂ ਉਸਦੀ ਪੇਸ਼ਕਾਰੀ, ਨਿਭਾਓ ਜਾਂ ਕਲਾ ਦੇ ਪਿਛੋਕੜ ਵਿਚ ਉਹੋ ਵਿਸ਼ੇਸ਼ 'ਨਜ਼ਰ' ਹੀ ਕਾਰਜਸ਼ੀਲ ਹੁੰਦੀ ਹੈ। ਜਿਵੇਂ ਉਰਦੂ ਵਾਲੇ ਕਹਿੰਦੇ ਹੁੰਦੇ ਨੇ, "ਨਜ਼ਰ ਨੀਚੀ ਹੂਈ ਤੋ ਹਯਾ ਬਨ ਗਈ, ਨਜ਼ਰ ਊਂਚੀ ਹੂਈ ਤੋ ਦੁਆ ਬਨ ਗਈ, ਨਜ਼ਰ ਤਿਰਛੀ ਹੂਈ ਤੋ ਅਦਾ ਬਨ ਗਈ, ਨਜ਼ਰ ਫੇਰ ਲੀ ਤੋ ਕਜ਼ਾ ਬਨ ਗਈ"; ਓਵੇਂ ਹੀ ਮੇਰੇ ਨਜ਼ਦੀਕ ਵਧੇਰੇ ਮਹੱਤਵ ਏਸੇ ਨਜ਼ਰ ਦਾ ਹੈ ਤੇ ਏਹੋ ਹੀ ਵਸਤੂ ਦੇ ਰੂਪ ਤੇ ਅਰਥਾਂ ਨੂੰ ਨਿਰਧਾਰਤ ਕਰਦੀ ਹੈ।

*ਹੁਣ-ਅਪਣੇ ਕੁਝ ਸਮਰੱਥ ਸਮਕਾਲੀ ਕਹਾਣੀਕਾਰਾਂ ਵਲੋਂ ਕਾਮ ਸਮੱਸਿਆਵਾਂ ਬਾਰੇ ਲਿਖੀਆਂ ਕਹਾਣੀਆਂ ਨੂੰ ਤੁਸੀਂ 'ਅੰਦਰਲਾ ਗੰਦ ਫਰੋਲਣਾ' ਕਿਹਾ ਹੈ ਹਾਲਾਂਕਿ ਕਾਮ ਜੀਵਨ ਦਾ ਬਹੁਤ ਮਹੱਤਵਪੂਰਨ ਹਿੱਸਾ ਵੀ ਹੈ। ਲਗਦਾ ਹੈ ਤੁਹਾਡੀ ਇਹ ਸੋਚ ਕਿਸੇ ਨਿੱਜੀ ਖਾਰ ਕਰਕੇ ਬਣੀ ਹੈ, ਨਹੀਂ?*

ਸੰਧੂ -ਤੁਹਾਡਾ ਇਹ ਕਹਿਣਾ ਦਰੁਸਤ ਨਹੀਂ ਕਿ ਮੈਂ ਕਾਮ ਸਮੱਸਿਆਵਾਂ ਬਾਰੇ ਲਿਖੀਆਂ ਕਹਾਣੀਆਂ ਨੂੰ ਨਿਰ੍ਹਾ 'ਅੰਦਰਲਾ ਗੰਦ ਫਰੋਲਣਾ' ਆਖਦਾ ਹਾਂ। ਇਸ ਬਾਰੇ ਅਪਣੀ ਗੱਲ ਕਰਨ ਤੋਂ ਪਹਿਲਾਂ 'ਗੰਦ ਫਰੋਲਣ' ਵਾਲੇ ਮਿਹਣੇ ਦਾ ਸਪਸ਼ਟੀਕਰਨ ਦੇ ਲਵਾਂ। ਅਸਲ ਵਿਚ ਇਹ ਗੱਲ ਮੈਂ ਨਹੀਂ ਸੀ ਆਖੀ ਸਗੋਂ ਅਜਿਹੀਆਂ ਕਹਾਣੀਆਂ ਨੂੰ ਹੱਲਾਸ਼ੇਰੀ ਦੇ ਕੇ 'ਮੀਲ-ਪੱਥਰ' ਕਹਾਣੀਆਂ ਦਾ ਖ਼ਿਤਾਬ ਬਖ਼ਸ਼ਣ ਵਾਲੇ ਸਾਡੇ ਪ੍ਰਬੁੱਧ ਕਥਾਕਾਰ ਪ੍ਰੇਮ ਪ੍ਰਕਾਸ਼ ਨੂੰ ਆਪ ਹੀ ਇਹ ਗੱਲ ਆਖਣੀ ਪੈ ਗਈ ਸੀ। ਜਦੋਂ ਉਸ ਵੱਲੋਂ ਵਰਜਿਤ ਰਿਸ਼ਤਿਆਂ ਵਾਲੀ ਹਰ ਤਰ੍ਹਾਂ ਦੀ ਮੰਦੀ-ਚੰਗੀ ਕਹਾਣੀ ਦੀ ਵਡਿਆਈ ਜ਼ੋਰ-ਸ਼ੋਰ ਨਾਲ ਕੀਤੀ ਜਾਣ ਲੱਗੀ ਸੀ ਤਾਂ 'ਪ੍ਰਗਤੀਵਾਦੀਆਂ ਦੀ ਇੱਜੜ ਮਾਨਸਿਕਤਾ ਨੂੰ ਭੰਡਣ ਵਾਲੇ ਪ੍ਰੇਮ ਪ੍ਰਕਾਸ਼' ਦੇ ਚੇਲੇ ਬੇਮੁਹਾਰ ਕਿਸਮ ਦੀਆਂ ਕਹਾਣੀਆਂ ਲਿਖਣ ਲੱਗੇ, ਉਦੋਂ 'ਗੰਢਾਂ' ਨਾਂ ਦੇ ਸੰਪਾਦਤ ਕਹਾਣੀ ਸੰਗ੍ਰਹਿ ਵਿਚ ਪ੍ਰੇਮ ਪ੍ਰਕਾਸ਼ ਨੇ ਹੀ ਲਿਖਿਆ ਸੀ, "ਬਹੁਤੇ ਕਹਾਣੀਕਾਰ ਰੀਸੋ-ਰੀਸ ਅਪਣੇ ਨਿੱਜ ਦੇ ਅੰਦਰਲੇ ਬੰਦਿਆਂ ਨੂੰ ਫੜਦੇ ਏਨੇ ਅੰਦਰ ਆ ਵੜੇ ਕਿ ਜਿਹੜਾ ਗੰਦ ਦੇਖਣਾ ਵੀ ਚੰਗਾ ਨਹੀਂ ਸੀ ਲੱਗਦਾ ਉਹ ਕੱਢ ਕੱਢ ਵਿਖਾਉਣ ਤੇ ਖਿਲਾਰਨ ਲੱਗ ਪਏ। ਜਿਸ ਨਾਲ ਮਾਨਵੀ ਰੂਪ ਵਿਕਰਤ ਹੋਣ ਲੱਗ ਪਿਆ। ਸਾਹਿਤ ’ਚ ਸੁਹਜ ਅਤੇ ਸੁੰਦਰਤਾ ’ਚ ਕਮੀ ਆ ਗਈ।"

ਸੋ ਜ਼ਾਹਰ ਹੈ ਕਿ ਅਜਿਹੀ ਕਹਾਣੀ ਨੂੰ ਇਹ ਲਕਬ ਮੇਰਾ ਨਹੀਂ ਸਗੋਂ ਅਜਿਹੀ ਕਹਾਣੀ ਦੇ ਪ੍ਰਵਕਤਾ ਤੇ ਸਰਪਰਸਤ ਪ੍ਰੇਮ ਪ੍ਰਕਾਸ਼ ਦਾ ਬਖ਼ਸ਼ਿਆ ਹੋਇਆ ਹੈ। ਹਾਂ, ਇਹ ਗੱਲ ਉਸਨੇ ਮਜਬੂਰਨ ਉਦੋਂ ਆਖੀ, ਜਦੋਂ ਅਜਿਹੀ ਕਹਾਣੀ ਬਾਰੇ ਮੈਂ ਅਪਣਾ ਮਤ ਪਬਲਿਕ ਤੌਰ ’ਤੇ ਅਤੇ ਉਸਦੇ ਸਾਹਮਣੇ ਵੀ ਪ੍ਰਗਟਾਉਣਾ ਸ਼ੁਰੂ ਕਰ ਦਿੱਤਾ ਸੀ। ਆਖ਼ਰਕਾਰ ਉਸਨੂੰ ਮੇਰੇ ਮੱਤ ਨਾਲ ਸਹਿਮਤ ਹੋਣਾ ਪੈ ਗਿਆ ਸੀ। ਮੇਰਾ ਮੱਤ ਕੀ ਹੈ?

ਮੈਂ ਸਮਝਦਾਂ ਕਿ "ਕਾਮ ਤਾਂ ਜ਼ਿੰਦਗੀ ਦੀ ਬਹੁਤ ਮਹੱਤਵਪੂਰਨ ਤੇ ਬੁਨਿਆਦੀ ਪ੍ਰਵਿਰਤੀਆਂ ਵਿਚੋਂ ਇਕ ਹੈ ਅਤੇ ਸਾਡੇ ਜੀਵਨ ਅਤੇ ਵਿਹਾਰ ਨੂੰ ਪ੍ਰਭਾਵਤ ਅਤੇ ਪ੍ਰੇਰਤ ਕਰਨ ਵਿਚ ਇਸਦਾ ਬੜਾ ਹੀ ਵੱਡਾ ਰੋਲ ਹੈ। ਬੰਦੇ ਨੂੰ ਸਮਝਣ ਅਤੇ ਸਿਰਜਣ ਵਿਚ ਇਸਦੇ ਮਹੱਤਵ ਤੋਂ ਇਨਕਾਰੀ ਤਾਂ ਕੋਈ ਅਗਿਆਨੀ ਜਾਂ ਸਨਕੀ ਬੰਦਾ ਹੀ ਹੋਵੇਗਾ। ਇਸਦਾ ਸਹੀ ਨਿਕਾਸ ਜ਼ਿੰਦਗੀ ਵਿਚ ਖੇੜਾ ਅਤੇ ਅਛੂਹ ਬੁਲੰਦੀਆਂ ਸਰ ਕਰ ਸਕਣ ਦਾ ਚਾਅ ਪੈਦਾ ਕਰ ਸਕਦਾ ਹੈ। ਮਨੁੱਖ ਦੀਆਂ ਅਨੇਕਾਂ ਅਣਪਛਾਤੀਆਂ ਮਰਜ਼ਾਂ, ਬੀਮਾਰੀਆਂ ਅਤੇ ਅਸੰਤੁਲਤ ਵਿਹਾਰ ਪਿੱਛੇ ਉਸਦੀ ਕਾਮ ਪ੍ਰਵਿਰਤੀ ਨਾਲ ਸੰਬੰਧਤ ਤੋਟਾਂ ਅਤੇ ਅਤ੍ਰਿਪਤੀਆਂ ਕਾਰਜਸ਼ੀਲ ਹੁੰਦੀਆਂ ਹਨ। ਬੰਦੇ ਨੂੰ ਮੁਕੰਮਲ ਤੌਰ ’ਤੇ ਜਾਨਣ-ਸਮਝਣ ਲਈ ਉਸਦੇ ਕਾਮੁਕ ਵਿਹਾਰ ਨੂੰ ਸਮਝਣਾ ਬਹੁਤ ਹੀ ਲਾਜ਼ਮੀ ਹੈ। ਉਸ ਸਭ ਕੁਝ ਨੂੰ ਜਾਣੇ-ਸਮਝੇ ਬਿਨਾ ਬੰਦੇ ਨੂੰ ਸਮਝਿਆ ਈ ਨਹੀਂ ਜਾ ਸਕਦਾ। ਇਸ ਲਈ ਮੇਰੇ ਵੱਲੋਂ 'ਸਮਰੱਥ ਸਮਕਾਲੀ ਕਹਾਣੀਕਾਰਾਂ' ਜਾਂ ਪੂਰਵਲੇ ਕਹਾਣੀਕਾਰਾਂ ਵੱਲੋਂ ਲਿਖੀਆਂ ਕਾਮ ਨਾਲ ਸੰਬੰਧਤ ਕਹਾਣੀਆਂ ਨੂੰ ਰੱਦ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਲਈ ਕਿਸੇ ਨਾਲ ਵੀ ਕਿਸੇ ਕਿਸਮ ਦੀ 'ਖਾਰ' ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਪ੍ਰੇਮ ਪ੍ਰਕਾਸ਼ ਨਾਲ ਖਾਰ ਹੋਣ ਦੀ ਜਿਹੜੀ ਲੁਕਵੀਂ ਗੱਲ ਤੁਸੀਂ ਆਖਦੇ ਓ, ਮੈਂ ਸਿੱਧੀ ਆਖ ਕੇ ਸਪਸ਼ਟ ਕਰ ਰਿਹਾਂ ਕਿ ਇਸ ਮਸਲੇ ’ਤੇ ਆਖ਼ਰਕਾਰ ਅਸੀਂ ਦੋਵੇਂ ਇਕੋ ਤਰ੍ਹਾਂ ਸੋਚਣ ਲੱਗ ਪਏ ਹਾਂ, ਫਿਰ ਕਿਸੇ ਕਿਸਮ ਦੀ ਖਾਰਬਾਜ਼ੀ ਜਾਂ ਖਹਿਬਾਜ਼ੀ ਕਾਹਦੀ ਰਹਿ ਗਈ?

ਮੈਂ ਤਾਂ ਪਿਛਲੇ ਸਾਲਾਂ ਵਿਚ ਪੈਦਾ ਹੋ ਗਏ ਜਾਂ ਪੈਦਾ ਕਰ ਦਿੱਤੇ ਉਸ ਰੁਝਾਨ ਦੀ ਮੁਖ਼ਾਲਫ਼ਤ ਕੀਤੀ ਸੀ ਤੇ ਕਰਦਾ ਹਾਂ ਜਿਸ ਅਨੁਸਾਰ ਲਿੰਗ-ਸੰਬੰਧਾਂ ਬਾਰੇ ਅਜਿਹੀਆਂ ਕਹਾਣੀਆਂ ਲਿਖਣ ਦਾ ਫ਼ੈਸ਼ਨ ਜ਼ੋਰ ਫੜ੍ਹ ਗਿਆ ਜਿਨ੍ਹਾਂ ਵਿਚ ਮਨੁੱਖੀ ਸੁਭਾਅ ਦੀ ਕੋਈ ਲੁਕਵੀਂ ਪਰਤ ਵਿਖਾਉਣ ਦੀ ਥਾਂ ਕੇਵਲ ਕਾਮ-ਕ੍ਰਿਆਵਾਂ ਦੇ ਪ੍ਰਕਿਰਤਕ ਕਿਸਮ ਦੇ ਦ੍ਰਿਸ਼ਾਂ, ਸਨਸਨੀ ਪੈਦਾ ਕਰਨ ਲਈ ਕਾਮ-ਲਿੱਬੜੇ ਵਾਕਾਂ, ਵਾਕ-ਅੰਸ਼ਾਂ, ਅਵੈਧ ਲਿੰਗ-ਸੰਬੰਧਾਂ ਤੇ ਲਿੰਗ-ਅੰਗਾਂ ਦੇ ਖੁੱਲ੍ਹੇ ਜ਼ਿਕਰ-ਜ਼ਕਾਰ ਦੇ ਹਵਾਲੇ ਏਨੀ ਵੱਡੀ ਮਾਤਰਾ ਵਿਚ ਅਗਰਭੂਮੀ ਵਿਚ ਆਉਣ ਲੱਗੇ ਹਨ ਕਿ ਉਹਨਾਂ ਵਿਚੋਂ ਨਾ ਤਾਂ ਸਾਹਿਤਕ ਸੁਹਜ ਦਿਖਾਈ ਦਿੰਦਾ ਹੈ ਤੇ ਨਾ ਹੀ ਇਹ ਲਿਖਤਾਂ ਮਨੁੱਖ ਨੂੰ ਬਿਹਤਰ ਮਨੁੱਖ ਬਨਾਉਣ ਵਿਚ ਅਪਣਾ ਕੋਈ ਯੋਗਦਾਨ ਪਾਉਂਦੀਆਂ ਹਨ। ਸਾਹਿਤ ਅਤੇ ਕਲਾ ਦਾ ਮਕਸਦ ਬੰਦੇ ਅੰਦਰ ਸੁਹਜ ਤੇ ਸੰਵੇਦਨਾ ਦਾ ਸੰਚਾਰ ਕਰਨਾ ਹੈ ਅਤੇ ਉਸ ਅੰਦਰਲੀ ਪਸ਼ੂਤਾ ਨੂੰ ਤੋੜ-ਖੋਰ ਕੇ ਉਸ ਵਿਚ ਸ਼ੁਭ ਮਾਨਵੀ ਗੁਣਾਂ-ਲੱਛਣਾਂ ਨੂੰ ਸੰਚਰਿਤ ਕਰਨਾ ਵੀ ਹੈ। ਕਿਸੇ ਵੀ ਮਸਲੇ ’ਤੇ ਕੋਈ ਰਚਨਾ ਪੜ੍ਹ ਕੇ ਜੇ ਕਿਸੇ ਬੰਦੇ ਅੰਦਰੋਂ ਕੁਝ ਮਾੜਾ ਝੜਦਾ ਨਹੀਂ ਤੇ ਕੁਝ ਨਵਾਂ ਜੁੜਦਾ ਨਹੀਂ ਜਾਂ ਉਹ ਰਚਨਾ ਉਸ ਬੰਦੇ ਨੂੰ ਪਹਿਲਾਂ ਨਾਲੋਂ ਬਿਹਤਰ ਇਨਸਾਨ ਬਨਾਉਣ ਵਿਚ ਕੋਈ ਮਦਦ ਨਹੀਂ ਕਰਦੀ ਸਗੋਂ ਪਹਿਲਾਂ ਪ੍ਰਾਪਤ ਕੀਤੇ ਇਨਸਾਨੀ ਪੱਧਰ ਤੋਂ ਹੇਠਾਂ ਡੇਗ ਕੇ ਉਸਨੂੰ ਪਸ਼ੂਪੁਣੇ ਵੱਲ ਧਕੇਲਦੀ ਹੈ ਤਾਂ ਮੇਰਾ ਅਜਿਹੀ ਲਿਖਤ ਨੂੰ ਅਪ੍ਰਵਾਨ ਕਰਨ ਅਤੇ ਉਸ ਵਿਰੁੱਧ ਬੋਲਣ ਦਾ ਅਧਿਕਾਰ ਹੈ। ਇਹ ਕਹਾਣੀਆਂ ਅਜਿਹਾ ਹੀ ਕਰ ਰਹੀਆਂ ਸਨ/ਹਨ।

ਅਸੀਂ ਕਦੋਂ ਕਹਿੰਦੇ ਹਾਂ ਕਿ ਮਨੁੱਖੀ ਅੰਦਰਲਾ ਫਰੋਲਿਆ ਨਾ ਜਾਵੇ ਪਰ ਫਰੋਲਿਆ ਇਸ ਮਕਸਦ ਨਾਲ ਜਾਵੇ ਕਿ ਉਸ ਵਿਚੋਂ ਕਿਸੇ ਤਰੀਕੇ ਨਾਲ 'ਗੰਦ' ਨੂੰ ਹੂੰਝ ਕੇ ਬਾਹਰ ਸੁੱਟਿਆ ਜਾ ਸਕੇ ਅਤੇ ਮਨੁੱਖੀ ਅੰਦਰਲੇ ਨੂੰ ਨਿਰਮਲ ਬਣਾਇਆ ਜਾ ਸਕੇ। ਪਰ ਜੇ ਉਸ ਗੰਦ ਨੂੰ ਫਰੋਲ ਕੇ ਉਸਨੂੰ ਪਾਠਕ ਦੀ ਰੂਹ ਤੇ ਮੂੰਹ-ਮੱਥੇ ’ਤੇ ਮਲ਼ ਦੇਣਾ ਹੈ ਅਤੇ ਉਸਦੀਆਂ ਰੁਚੀਆਂ ਤੇ ਭਾਵਨਾਵਾਂ ਨੂੰ ਦੂਸ਼ਤ ਕਰ ਦੇਣਾ ਹੈ ਤਾਂ ਮੈਂ ਇਸਦੇ ਵਿਰੁੱਧ ਹਾਂ। ਕਿਸੇ ਵੀ ਕਿਸਮ ਦੀ ਸਮਾਜਕ ਜ਼ਿੰਮੇਵਾਰੀ ਤੋਂ ਮੁਕਤ ਅਜਿਹਾ ਕਾਮ-ਲਿਬੜਿਆ ਸਾਹਿਤ ਪਾਠਕ ਨੂੰ ਵੀ ਪਸ਼ੂਪੁਣੇ ਵੱਲ ਉਲਾਰਨ ਦਾ ਸਬੱਬ ਬਣਦਾ ਹੈ।

ਮੈਨੂੰ ਸਾਹਿਤ ਵਿਚ ਕਿਸੇ ਵੀ ਕਿਸਮ ਦੇ ਕਾਮ-ਦ੍ਰਿਸ਼ ਜਾਂ ਕਾਮ-ਜ਼ਿਕਰ ਨਾਲ ਵੀ ਤਕਲੀਫ਼ ਨਹੀਂ ਹੁੰਦੀ ਜੇ ਉਹ ਦ੍ਰਿਸ਼ ਮੇਰੀ ਸੁਹਜ ਭਾਵਨਾ ਨੂੰ ਦੂਸ਼ਤ ਕਰਨ ਦੀ ਥਾਂ ਮੇਰੇ ਅੰਦਰ ਕਿਸੇ ਰਿਸ਼ਤੇ, ਬੰਦੇ ਜਾਂ ਮਨੁੱਖੀ ਮਨ ਨੂੰ ਸਮਝ ਸਕਣ ਵਾਲੀ ਕੋਈ ਲਿਸ਼ਕ ਪੈਦਾ ਕਰਦਾ ਹੈ। ਮੈਂ ਕਿਸੇ ਪ੍ਰਕਾਰ ਦੇ ਨੈਤਿਕ ਮੁੱਲਾਂ ਦੇ ਸ਼ੁਧਤਾਵਾਦੀ ਬੁਲਾਰੇ ਵਾਂਗ ਨਹੀਂ ਬੋਲ ਰਿਹਾ ਤੇ ਨਾ ਹੀ ਇਹ ਸਮਝਦਾਂ ਕਿ ਕੋਈ ਨੈਤਿਕ ਜਾਂ ਸਦਾਚਾਰਕ ਮੁੱਲ-ਵਿਧਾਨ ਸਥਿਰ

ਅਤੇ ਸਦੀਵੀ ਹੈ। ਨੈਤਿਕ ਜਾਂ ਸਦਾਚਾਰਕ ਮੁੱਲ-ਵਿਧਾਨ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ। ਪਰ ਇਹ ਵੀ ਸੱਚ ਹੈ ਕਿ ਅਸੀਂ ਪਸ਼ੂ ਤੋਂ ਬੰਦਾ ਬਣਨ ਲਈ ਸਦੀਆਂ ਦੀ ਮੁਸ਼ੱਕਤ ਅਤੇ ਅਭਿਆਸ ਤੋਂ ਬਾਅਦ ਰਿਸ਼ਤਿਆਂ ਦਾ ਇਕ ਵਿਧਾਨ ਸਿਰਜਿਆ ਹੈ। ਇਹਨਾਂ ਕਹਾਣੀਕਾਰਾਂ ਨੇ ਤਾਂ ਨੂੰਹ-ਸਹੁਰੇ, ਪਿਓ-ਧੀ ਅਤੇ ਭੈਣ-ਭਰਾ ਦੇ ਅਵੈਧ ਲਿੰਗ-ਰਿਸ਼ਤੇ ਤੱਕ ਨੂੰ ਅੰਦਰਲੀ ਹਕੀਕਤ ਦੀ ਪੇਸ਼ਕਾਰੀ ਦੇ ਨਾਂ 'ਤੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਮੈਂ ਤਾਂ ਇਹ ਵੀ ਕਹਿੰਦਾਂ ਕਿ ਰਿਸ਼ਤਿਆਂ ਵਿਚ ਆਏ ਕਿਸੇ ਵੀ ਵਿਗਾੜ ਦੀ ਤੁਸੀਂ ਗੱਲ ਕਰ ਸਕਦੇ ਹੋ ਪਰ ਤੁਹਾਡੀ ਉਸ ਪੇਸ਼ਕਾਰੀ ਪਿਛੇ ਤੁਹਾਡਾ ਨਜ਼ਰੀਆ ਕੀ ਹੈ? ਕੀ ਤੁਸੀਂ ਇਸ ਕਾਮ-ਵਿਗਾੜ ਨੂੰ ਮਾਨਵੀ ਹਮਦਰਦੀ ਨਾਲ ਵਿਅੰਗ ਦੀ ਦ੍ਰਿਸ਼ਟੀ ਤੋਂ ਬਿਆਨ ਕਰ ਰਹੇ ਹੋ ਅਤੇ ਇਹ ਚਾਹੁੰਦੇ ਹੋ ਕਿ ਰਚਨਾ ਦੇ ਮਾਧਿਅਮ ਰਾਹੀਂ ਪਾਠਕ ਇਸ ਅਸੰਤੁਲਤ ਵਿਹਾਰ ਪਿਛਲੇ ਮਾਨਸਿਕ, ਸਰੀਰਕ ਜਾਂ ਆਰਥਕ-ਸਮਾਜਕ ਪ੍ਰੇਰਕਾਂ ਦੀ ਸੋਝੀ ਪ੍ਰਾਪਤ ਕਰਕੇ ਅਪਣਾ ਆਪਾ ਸੰਤੁਲਤ ਕਰ ਸਕੇ ਅਤੇ ਨਾਲ ਹੀ ਦੂਸ਼ਤ ਹੋ ਰਹੇ ਰਿਸ਼ਤਿਆਂ ਵਿਚ ਮੁੜ ਤੋਂ ਸੰਤੁਲਨ ਸਿਰਜ ਸਕਣ ਦੇ ਯੋਗ ਅਤੇ ਸਮਰੱਥ ਹੋ ਸਕੇ ਜਾਂ ਤੁਹਾਡਾ ਮਕਸਦ ਇਹਨਾਂ ਅਵੈਧ ਰਿਸ਼ਤਿਆਂ ਨੂੰ ਕੇਵਲ ਪੁਸ਼ਟ ਕਰਨਾ ਹੀ ਹੈ ਅਤੇ ਕਾਮ-ਕ੍ਰੀੜਾ ਦੇ ਪ੍ਰਕਿਰਤਕ ਦ੍ਰਿਸ਼ ਬਿਆਨ ਕਰਕੇ ਉਸ ਵਿਚੋਂ ਪਾਸ਼ਵਿਕ ਰੁਚੀਆਂ ਵਾਲਾ ਰਸ ਲੈਣਾ ਅਤੇ ਦੇਣਾ ਹੀ ਹੈ!

ਜਿਨ੍ਹਾਂ ਕਹਾਣੀਕਾਰਾਂ ਨੇ ਹਰੇਕ ਕਿਸਮ ਦੇ ਅਵੈਧ ਲਿੰਗ-ਵਿਹਾਰ ਨੂੰ ਪੁਸ਼ਟ ਕਰਨ ਦੀ ਦ੍ਰਿਸ਼ਟੀ ਤੋਂ ਕਹਾਣੀਆਂ ਲਿਖੀਆਂ ਨੇ ਅਤੇ ਮੁੱਲ-ਵਿਹੂਣੇ, ਲਲਸਾਏ ਤੇ ਹਾਬੜੇ ਹੋਏ ਕਾਮ-ਦ੍ਰਿਸ਼, ਕਾਮ-ਵਾਕ ਪੇਸ਼ ਕੀਤੇ ਨੇ; ਉਹਨਾਂ ਨੂੰ ਹੀ ਮੈਂ ਪ੍ਰੇਮ ਪ੍ਰਕਾਸ਼ ਤੋਂ ਉਧਾਰੇ ਲਏ ਲਕਬ ਦੀ ਵਰਤੋਂ ਕਰਦਿਆਂ 'ਅੰਦਰਲਾ ਗੰਦ ਫਰੋਲਣ' ਵਾਲੇ ਆਖਿਆ ਹੈ। ਜਿਹੜੇ ਲੋਕ ਅਜਿਹੀ ਕਹਾਣੀ ਨੂੰ 'ਅੰਦਰਲੇ ਦੀਆਂ ਪਰਤਾਂ ਲੱਭਣ ਤੇ ਫਰੋਲਣ' ਦੀ 'ਕੋਲੰਬਸੀ' ਵਡਿਆਈ ਦੇ ਰਹੇ ਹਨ, ਮੈਂ ਉਹਨਾਂ ਦਾ ਹੀ ਵਿਰੋਧ ਕੀਤਾ ਸੀ। ਮੈਂ ਨਹੀਂ ਸਾਂ ਚਾਹੁੰਦਾ ਕਿ ਸਾਡੇ ਨਵੇਂ ਲੇਖਕ ਇਸ ਝੂਠੀ ਵਡਿਆਈ ਦੇ ਭਰਮ-ਜਾਲ ਦੇ ਸ਼ਿਕਾਰ ਹੋ ਕੇ ਅਸ਼ਲੀਲ ਕਿਸਮ ਦੀ ਬੇਹੂਦਾ ਦ੍ਰਿਸ਼-ਦਿਖਾਈ ਤੇ ਲੁੱਚ-ਬਿਆਨੀ ਨੂੰ ਹੀ ਚੰਗੀ ਰਚਨਾ ਦਾ ਮਾਪ-ਦੰਡ ਸਮਝਣ ਲੱਗ ਪੈਣ। ਮੈਨੂੰ ਬੜੀ ਖ਼ੁਸ਼ੀ ਹੋਈ ਹੈ ਕਿ ਮੇਰੇ ਤੋਂ ਪਿਛੋਂ ਹੋਰ ਸਾਹਿਤਕ ਸਿਆਣਿਆਂ ਨੇ ਵੀ ਮੇਰੀ ਰਾਇ ਦੀ ਪੁਸ਼ਟੀ ਕੀਤੀ ਹੈ ਅਤੇ ਇਸ ਭੈੜੇ ਰੁਝਾਨ ਦੇ ਖ਼ਿਲਾਫ਼ ਜ਼ੋਰਦਾਰ ਆਵਾਜ਼ ਉਠਾਈ ਹੈ। ਇਸ ਸਾਰੇ ਕੁਝ ਦਾ ਸਿੱਟਾ ਇਹ ਨਿਕਲਿਆ ਹੈ ਕਿ ਗ਼ਲਤ ਰਾਹੇ ਪੈ ਚੁੱਕੇ ਲੇਖਕ ਇਸ ਪੱਖੋਂ ਹੁਣ ਕਾਫ਼ੀ ਹੱਦ ਤੱਕ ਸੁਚੇਤ ਹੋਣ ਲੱਗੇ ਹਨ। ਅਜਿਹਾ ਕਰਕੇ ਮੈਂ ਸਾਹਿਤਕ-ਸਮਾਜਕ ਜ਼ਿੰਮੇਵਾਰੀ ਹੀ ਨਿਭਾਈ ਹੈ।

## ਅਹੁਰਾਂ ਦਾ ਇਲਾਜ

*ਹੁਣ-ਕੀ ਸਮਾਜਵਾਦ ਹੀ ਦੁਨੀਆ ਦੀਆਂ ਸਾਰੀਆਂ ਅਹੁਰਾਂ ਦਾ ਇਲਾਜ ਹੈ? ਜੇ ਹਾਂ ਤਾਂ ਰੂਸ ਅਤੇ ਪੂਰਬੀ ਯੂਰਪੀ ਮੁਲਕਾਂ ਇਹ ਫੇਲ੍ਹ ਕਿਉਂ ਹੋਇਆ?*

ਸੰਧੂ -ਸਮਾਜਵਾਦ ਤਾਂ ਕੇਵਲ ਕੁੱਲੀ, ਗੁੱਲੀ, ਜੁੱਲੀ ਦੀਆਂ ਅਹੁਰਾਂ ਦਾ ਇਲਾਜ ਹੀ ਕਰ ਸਕਦਾ ਹੈ, 'ਸਾਰੀਆਂ ਅਹੁਰਾਂ' ਦਾ ਨਹੀਂ। ਬੜੀਆਂ ਅਹੁਰਾਂ ਹੋਰ ਨੇ ਜਿਨ੍ਹਾਂ ਦਾ ਇਲਾਜ ਸ਼ਾਇਦ ਸਮਾਜਵਾਦ ਕੋਲ ਨਹੀਂ। ਮੇਰੀ ਕਹਾਣੀ 'ਵਾਪਸੀ' ਦੇ ਪਾਤਰ ਸੰਤਾ ਸਿੰਘ ਨੂੰ ਸ਼ੱਕ ਹੈ ਕਿ ਉਹਦੇ ਸਾਂਢੂ 'ਤਾਰੇ ਬਿੱਲੇ' ਨਾਲ ਉਹਦੀ ਘਰਵਾਲੀ ਨਿੰਦਰੋ ਦੇ ਨਜਾਇਜ਼ ਸੰਬੰਧ ਰਹਿ ਚੁੱਕੇ ਹਨ। ਉਸਨੂੰ ਇਹ ਵੀ ਲੱਗਦਾ ਹੈ ਕਿ ਉਹਦਾ ਪੁੱਤ ਰਤਨਾ ਵੀ ਤਾਰੇ ਦਾ 'ਬੀਜ' ਹੈ। ਉਹ ਕਿਸੇ ਸ਼ਰੀਕ ਵੱਲੋਂ ਇਸ ਹਵਾਲੇ ਨਾਲ ਵੱਜੇ ਮਿਹਣੇ ਨੂੰ ਸੁਣ ਕੇ ਦੁਖੀ ਹੋਇਆ ਅਸ਼ਾਂਤ ਮਨ ਨਾਲ ਘਰ ਤਿਆਗ ਦਿੰਦਾ ਹੈ ਤੇ 'ਆਪੇ ਨੂੰ ਸੰਵਾਰਨ ਲਈ' ਅਧਿਆਤਮ ਵਿਚੋਂ ਮਨ ਦੀ ਸ਼ਾਂਤੀ ਤਲਾਸ਼ ਕਰਨ ਲਈ ਕਿਸੇ ਗੁਰਦਵਾਰੇ ਦਾ 'ਭਾਈ' ਬਣ ਕੇ ਇਕੱਲ ਦਾ ਜੀਵਨ ਜਿਊਣ ਲੱਗ ਜਾਂਦਾ ਹੈ ਜਦ ਕਿ ਉਸਦਾ ਭਤੀਜਾ ਕੁਲਦੀਪ ਸਮਝਦਾ ਹੈ ਕਿ 'ਅਪਣਾ ਆਪ' ਵੀ ਤਾਂ ਹੀ ਸੌਰ ਸਕਦਾ ਹੈ ਜੇ 'ਜੱਗ' ਦਾ ਕੁਝ ਸੰਵਾਰ ਲਿਆ ਜਾਵੇ। 'ਜੱਗ ਨੂੰ ਸੰਵਾਰਨ ਲਈ' ਉਹ ਇਨਕਲਾਬੀ ਪਾਰਟੀ ਵਿਚ ਸ਼ਾਮਲ ਹੋ ਕੇ ਅੰਡਰਗਰਾਊਂਡ ਵਿਚਰਦਾ ਹੋਇਆ ਕਦੀ ਕਦੀ ਰਾਤ ਬਰਾਤੇ ਅਪਣੇ 'ਭਾਈ' ਬਣੇ ਚਾਚੇ ਸੰਤਾ ਸਿੰਘ ਕੋਲ ਵੀ ਰਾਤ ਕੱਟ ਜਾਂਦਾ ਹੈ। ਕੁਲਦੀਪ ਅਤੇ ਉਸਦੇ ਸਾਥੀਆਂ ਦੀਆਂ ਨਵੇਂ ਪਰਬੰਧ ਨੂੰ ਸਥਾਪਤ ਕਰਨ ਦੀ ਲੜਾਈ ਦੀਆਂ ਗੱਲਾਂ ਸੁਣ ਕੇ ਸੰਤਾ ਸਿੰਘ ਸੋਚਦਾ ਹੈ: 'ਉਸ ਪਰਬੰਧ ਤੋਂ ਪਿੱਛੋਂ ਉਸਦੇ ਮਨ ਦੀ ਅਸ਼ਾਂਤੀ ਦਾ ਕੀ ਬਣੇਗਾ? ਨਿੰਦਰੋ ਅਤੇ ਉਸ ਵਿਚ ਪਏ ਪਾੜ ਵਿਚ ਉਹ ਪਰਬੰਧ ਕਿਵੇਂ ਪੁਲ਼ ਬਣ ਸਕੇਗਾ? ਕੀ ਉਸਦੇ ਪੁੱਤ ਰਤਨੇ ਦੀਆਂ ਅੱਖਾਂ ਦੇ ਪਿੱਛੋਂ ਤਾਰੇ ਬਿੱਲੇ ਦੀਆਂ ਅੱਖਾਂ ਉਸਨੂੰ ਘੂਰਨੋਂ ਹਟ ਜਾਣਗੀਆਂ? ਕੀ ਉਸਨੂੰ ਯਕੀਨ ਹੋ ਜਾਵੇਗਾ ਕਿ ਤਾਰਾ ਉਹਦਾ ਹੀ ਪੁੱਤਰ ਹੈ?'

ਕਹਾਣੀ ਦਾ ਹਵਾਲਾ ਮੈਂ ਇਸ ਕਰਕੇ ਦਿੱਤਾ ਹੈ ਕਿ ਇੱਕ ਤਾਂ ਪਾਠਕਾਂ ਨੂੰ ਪਤਾ ਚੱਲ ਜਾਵੇ ਕਿ ਮੈਂ ਔਰਤ-ਮਰਦ ਸੰਬੰਧਾਂ ਜਾਂ ਕਾਮ-ਸੰਬੰਧਾਂ ਦੇ ਮਨੁੱਖੀ ਮਨ 'ਤੇ ਪੈਣ ਵਾਲੇ ਅਸਰਾਂ ਬਾਰੇ ਤੇ ਇਸਦੇ ਮਹੱਤਵ ਬਾਰੇ ਕਿੰਨਾਂ ਸੰਵੇਦਨਸ਼ੀਲ ਹਾਂ; ਸਗੋਂ ਮੈਂ ਤਾਂ ਇਹ ਵੀ ਮੰਨਦਾਂ ਕਿ ਮਨੁੱਖੀ ਮਨ ਦੇ, ਸ਼ਾਤੀ-ਅਸ਼ਾਤੀ ਦੇ, ਮੁਹੱਬਤ ਦੇ, ਮੌਤ, ਵਿਛੋੜੇ ਅਤੇ ਦੁਖ-ਸੁਖ ਆਦਿ ਦੇ ਅਨੇਕਾਂ ਮਸਲੇ ਅਜਿਹੇ ਹਨ ਜਿਨ੍ਹਾਂ ਦਾ ਸਮਾਜਵਾਦ ਕੋਲ ਕੋਈ ਇਲਾਜ ਨਹੀਂ। ਮਨੁੱਖੀ ਮਨ ਤਾਂ ਅਬੁੱਝ ਰਹੱਸ ਹੈ, ਇਸਦੀਆਂ ਸਾਰੀਆਂ ਪੀੜਾਂ ਤੇ ਪਰਤਾਂ ਸਮਝ ਸਕਣੀਆਂ ਤੇ ਉਹਨਾਂ ਦਾ ਇਲਾਜ ਕਰਨਾ ਸਮਾਜਵਾਦ ਲਈ ਵੀ ਡਾਢਾ ਮੁਸ਼ਕਲ ਹੈ।

ਪ੍ਰਾਪਤ ਸਮਾਜਵਾਦ ਦੀ ਵੱਡੇ ਹੱਦ ਤੱਕ ਅਸਫ਼ਲਤਾ ਦੀ ਤਸਦੀਕ ਤੁਸੀਂ ਆਪ ਹੀ ਕਰ ਦਿੱਤੀ ਹੈ। ਪਰ ਮੈਨੂੰ ਲੱਗਦਾ ਹੈ ਕਿ ਇਸਨੂੰ ਉਸਾਰਨ ਵਾਲਿਆਂ ਕੋਲ ਹੀ ਕਿਤੇ ਗ਼ਲਤੀ ਰਹਿ ਗਈ ਹੋਣੀਂ ਏਂ, ਨਹੀਂ ਤਾਂ ਇਹ ਢਹਿ ਢੇਰੀ ਨਹੀਂ ਸੀ ਹੋਣਾ। ਇਹਨਾਂ ਗ਼ਲਤੀਆਂ ਬਾਰੇ ਸੰਸਾਰ ਭਰ ਵਿਚ ਚਰਚਾ ਹੁੰਦੀ ਰਹਿੰਦੀ ਹੈ। ਇਸ ਚਰਚਾ ਬਾਰੇ ਤੁਸੀਂ ਵੀ ਜਾਣਦੇ ਹੋ। ਇਹ ਗੱਲ ਦਰੁਸਤ ਜਾਪਦੀ ਹੈ ਕਿ ਬਦਲੇ ਹੋਏ ਸੰਸਾਰ-ਦ੍ਰਿਸ਼ ਵਿਚ ਪਹਿਲਾਂ ਵਾਲਾ ਸਮਾਜਵਾਦ ਤਾਂ ਸ਼ਾਇਦ ਕਾਰਗਰ ਸਾਬਤ ਨਾ ਹੋਵੇ ਤੇ ਸੰਸਾਰ ਦੇ ਸਿਆਣੇ ਇਸਦੇ ਨਵੇਂ ਸਰੂਪ ਬਾਰੇ ਕੋਈ ਨਕਸ਼ ਤਲਾਸ਼ਣ ਵਿਚ ਵੀ ਜ਼ਰੂਰ ਲੱਗੇ ਹੋਣਗੇ ਪਰ ਇਹ ਵੀ ਦਰੁਸਤ ਹੈ ਕਿ ਮੰਡੀ ਕੀਮਤਾਂ ਵਾਲਾ ਇਹ ਪੂੰਜੀਵਾਦੀ ਸੰਸਾਰ ਨਿਜ਼ਾਮ ਤਾਂ ਕਿਸੇ ਸੂਰਤ ਵਿਚ ਵੀ ਮਾਨਵ-ਹਿਤੈਸ਼ੀ ਨਹੀਂ। ਸਰਮਾਏ ਦਾ ਕੁਝ ਇਕ ਹੱਥਾਂ, ਕੰਪਨੀਆਂ ਜਾਂ ਘਰਾਣਿਆਂ ਵਿਚ ਸਿਮਟ ਜਾਣਾ ਤੇ ਸੰਸਾਰ ਦੀ ਪੌਣੀ ਤੋਂ ਵੱਧ ਵਸੋਂ ਦਾ ਭੁੱਖ, ਗਰੀਬੀ ਤੇ ਥੁੜਾਂ ਦਾ ਸ਼ਿਕਾਰ ਹੋਣਾ ਕਿਵੇਂ ਵੀ ਇਸ ਸਿਸਟਮ ਦੀ ਚੰਗਿਆਈ ਦੀ ਸ਼ਾਹਦੀ ਨਹੀਂ ਭਰਦਾ। ਮੈਂ ਏਨਾ ਬੁੱਧੀਮਾਨ ਨਹੀਂ ਕਿ 'ਸਮਾਜਵਾਦ' ਨਾਲ ਜੁੜੇ ਸਮੱਸਿਆਕਾਰ ਦਾ ਕੋਈ ਹੱਲ ਜੁਟਾ ਸਕਾਂ (ਇਹ ਹੱਲ ਤਾਂ ਅਜੇ ਤੱਕ ਸਾਡੀਆਂ ਸਾਰੀਆਂ ਪਾਰਟੀਆਂ ਰਲ ਕੇ ਨਹੀਂ ਜੁਟਾ ਸਕੀਆਂ ਤੇ ਹਨੇਰੇ ਵਿਚ ਤੀਰ ਮਾਰੀ ਜਾ ਰਹੀਆਂ ਹਨ) ਪਰ ਬਦਲੀਆਂ ਹੋਈਆਂ ਹਾਲਤਾਂ ਵਿਚ ਬਦਲੇ ਹੋਏ ਕਿਸੇ ਨਵੇਂ ਕਿਸਮ ਦੇ ਸਮਾਜਵਾਦ ਦੀ ਆਮਦ ਅਤੇ ਉਸਦੇ ਵਧੇਰੇ ਮਾਨਵ ਹਿਤੈਸ਼ੀ ਹੋਣ ਵਿਚੋਂ ਮੇਰਾ ਯਕੀਨ ਹਾਲੇ ਖ਼ਤਮ ਨਹੀਂ ਹੋਇਆ।

ਮੇਰਾ ਤਾਂ ਇਹ ਵੀ ਮੰਨਣਾ ਹੈ ਕਿ ਕਲਾਸੀਕਲ ਮਾਰਕਸਵਾਦ ਵੀ ਸਾਡੇ ਦੇਸ਼ ਦੀਆਂ ਵਰਤਮਾਨ ਲੋੜਾਂ ਅਨੁਸਾਰ ਕਾਰਗਰ ਸਾਬਤ ਨਹੀਂ ਹੋ ਸਕਦਾ। ਉਸ ਵਿਚ ਵੀ ਏਥੋਂ ਦੀਆਂ ਠੋਸ ਹਾਲਤਾਂ ਮੁਤਾਬਕ ਤਬਦੀਲੀ ਕੀਤੇ ਜਾਣ ਦੀ ਗੁੰਜਾਇਸ਼ ਹੈ। ਮਸਲਨ ਜਿਡੀ ਵੱਡੀ ਮਿਡਲ ਕਲਾਸ ਭਾਰਤ ਵਿਚ ਪੈਦਾ ਹੋ ਚੁੱਕੀ ਹੈ ਇਸਦੀ ਮਾਰਕਸ ਨੇ ਕਲਪਨਾ ਹੀ ਨਹੀਂ ਸੀ ਕੀਤੀ। ਨਾ ਰੂਸ ਤੇ ਨਾ ਚੀਨ ਦਾ ਸਮਾਜਵਾਦੀ ਮਾਡਲ ਏਥੇ ਕਾਮਯਾਬ ਹੋਣਾ ਹੈ। ਏਥੇ ਤਾਂ ਨਿਰੋਲ ਭਾਰਤ ਦੀਆਂ ਸਥਾਨਕ ਹਾਲਤਾਂ ਦੀ ਸਹੀ ਸਮਝ ਰੱਖਣ ਵਾਲੀ ਪਾਰਟੀ ਹੀ ਸਮਾਜਵਾਦ ਲਿਆ ਸਕਦੀ ਹੈ। ਪਰ ਇਸ ਸਮਝ ਦਾ ਵਿਖਾਲਾ ਅਜੇ ਸਾਡੀ ਕਿਸੇ ਸਮਾਜਵਾਦੀ ਪਾਰਟੀ ਨੇ ਨਹੀਂ ਕੀਤਾ ਤੇ ਜੇ ਉਨਾਂ ਵਿਚੋਂ ਕੁਝ ਇਸ ਸਮਝ ਦੇ ਨੇੜੇ ਜਾਣ ਦਾ ਦਾਅਵਾ ਕਰਦੇ ਵੀ ਹੋਣ ਤਾਂ ਉਹਨਾਂ ਦੀ ਪਹੁੰਚ ਇਨਕਲਾਬ ਦੇ ਤਥਾ-ਕਥਿਤ ਹਰਾਵਲ ਦਸਤੇ ਤੱਕ ਅਜੇ ਅਸਲੋਂ ਹੀ ਨਾ-ਗਿਣਾਉਣੀ ਹੈ। ਇਹ ਪਾਰਟੀਆਂ ਤਾਂ ਵਿਚਾਰੀਆਂ ਅਜੇ ਅਪਣੇ ਆਪ ਨੂੰ ਜਿੰਦਾ ਰੱਖਣ ਤੱਕ ਦੀ ਲੜਾਈ ਹੀ ਲੜ ਰਹੀਆਂ ਹਨ।

## ਮਨ 'ਤੇ ਭਾਰ

*ਹੁਣ- ਕੀ ਤੁਹਾਨੂੰ ਕਦੀ ਘੋਰ ਉਦਾਸੀ ਦਾ ਸਾਹਮਣਾ ਵੀ ਕਰਨਾ ਪਿਆ ਹੈ ਜਾਂ ਕਦੀ ਅਪਣੇ ਕੀਤੇ 'ਤੇ ਨਮੋਸ਼ੀ ਵੀ ਹੋਈ ਹੈ?*

ਸੰਧੂ -ਉਦਾਸੀ ਤਾਂ ਜਿਊਂਦੇ ਬੰਦੇ ਦੀ ਪਛਾਣ ਹੈ। ਜੀਵਨ ਤੇ ਜਗਤ ਵਿਚ ਸਾਰਾ ਕੁਝ ਤੁਹਾਡੀਆਂ ਇਛਾਵਾਂ ਤੇ ਰੁਚੀਆਂ ਮੁਤਾਬਕ ਨਹੀਂ ਹੁੰਦਾ। ਤੁਹਾਡੇ ਆਪੇ ਦਾ ਬਹੁਤ ਸਾਰਾ ਹਿਸਾ ਊਣਾ, ਅਤ੍ਰਿਪਤ ਤੇ ਅਧੂਰਾ ਪਿਆ ਰਹਿੰਦਾ ਹੈ। ਇਸ ਅਤ੍ਰਿਪਤੀ ਤੇ ਅਧੂਰੇਪਨ ਨਾਲ ਜੁੜੀ ਉਦਾਸੀ ਤੁਹਾਡੀ ਰੂਹ ਦਾ ਹਿੱਸਾ ਬਣ ਕੇ ਤੁਹਾਡੇ ਧੁਰ ਅਵਚੇਤਨ ਵਿਚ ਬੈਠ ਜਾਂਦੀ ਹੈ। ਬਹੁਤੀ ਵਾਰ ਤੁਹਾਨੂੰ ਜ਼ਾਹਿਰਾ ਤੌਰ 'ਤੇ ਦਿਸਦੀ ਵੀ ਨਹੀਂ। ਦਿੱਖ ਦੀ ਪੱਧਰ 'ਤੇ ਭਾਵੇਂ ਕਿੰਨੇ ਵੀ ਚੜ੍ਹਦੀਆਂ ਕਲਾ ਵਿਚ ਹੋਈਏ, ਇਹ ਉਦਾਸੀ ਰਹਿੰਦੀ ਤੁਹਾਡੇ ਅੰਗ-ਸੰਗ ਹੀ ਹੈ ਤੇ ਤੁਹਾਡੇ ਵਤੀਰੇ ਨੂੰ ਵੀ ਅਚੇਤ ਰੂਪ ਵਿਚ ਸੰਚਾਲਤ ਕਰਦੀ ਰਹਿੰਦੀ ਹੈ। ਮੇਰੇ ਅੰਦਰਲੀ ਇਸ ਲੁਕਵੀਂ ਉਦਾਸੀ ਦਾ ਤਾਂ ਕੋਈ ਮਨੋਵਿਗਿਆਨੀ ਹੀ ਪਤਾ ਲਾ ਸਕਦਾ ਹੈ ਪਰ ਮੈਂ ਇਸਤੋਂ ਇਨਕਾਰੀ ਹਰਗਿਜ਼ ਨਹੀਂ। ਉਂਜ ਮੈਂ ਆਮ ਤੌਰ 'ਤੇ ਚੜ੍ਹਦੀਆਂ ਕਲਾ ਵਿਚ ਰਹਿਣ ਵਾਲਾ ਬੰਦਾ ਹਾਂ ਤੇ ਵੇਖਣ-ਮਿਲਣ ਵਾਲਿਆਂ ਨੂੰ ਮੇਰੇ ਸਦੀਵੀ ਖ਼ੁਸ਼ਮਿਜ਼ਾਜ ਹੋਣ ਦਾ ਭੁਲੇਖਾ ਵੀ ਲੱਗ ਸਕਦਾ ਹੈ। ਕਈ ਵਾਰ ਵੱਡੇ ਸਦਮਿਆਂ ਨੂੰ ਬਰਦਾਸ਼ਤ ਕਰ ਚੁੱਕਾ ਹਾਂ। ਬਿਨਾ ਕਸੂਰ ਤੋਂ ਕਈ ਵਾਰ ਜੇਲ੍ਹ-ਯਾਤਰਾ ਕਰ ਚੁੱਕਾਂ; ਇੰਟੈਰੋਗੇਸ਼ਨ ਸੈਂਟਰ ਦੇ ਕਸਾਈਪੁਣੇ ਦਾ ਚਸ਼ਮਦੀਦ ਗਵਾਹ ਹਾਂ; ਪੁਲਿਸ ਵੱਲੋਂ ਝੂਠੇ ਕਤਲ-ਕੇਸਾਂ ਦਾ ਸਾਹਮਣਾ ਕਰ ਚੁੱਕਾਂ; ਉਚ ਪੁਲਿਸ ਅਫ਼ਸਰ ਦੀ ਟੈਲੀਫ਼ੋਨ 'ਤੇ ਮੈਨੂੰ ਮਾਰੇ ਜਾਣ ਦੀ ਦਿੱਤੀ ਹਦਾਇਤ ਨੂੰ ਸੰਬੰਧਤ ਪੁਲਿਸ ਅਫ਼ਸਰ ਦੇ ਨੇੜੇ ਬੈਠਾ ਹੋਣ ਕਰਕੇ ਅਪਣੇ ਕੰਨੀ ਸੁਣ ਚੁੱਕਾਂ; ਖਾੜਕੂਆਂ ਵੱਲੋਂ ਪਰਿਵਾਰ ਸਮੇਤ ਮਾਰੇ ਜਾਣ ਦੇ ਖ਼ਤਰੇ ਦਾ ਇਕ ਤੋਂ ਵੱਧ ਵਾਰ ਸਾਹਮਣਾ ਕਰ ਚੁੱਕਾ ਹੀ ਨਹੀਂ ਸਗੋਂ ਮਾਰੇ ਜਾਣ ਤੋਂ ਵਾਲ ਵਾਲ ਬਚਿਆਂ ਤਦ ਵੀ ਇਹਨਾਂ ਪਲਾਂ ਵਿਚ ਘੋਰ ਉਦਾਸੀ ਦਾ ਸਾਹਮਣਾ ਨਹੀਂ ਕੀਤਾ। ਕੁਝ ਚਿਰ ਲਈ ਡਰਿਆ-ਸਹਿਮਿਆਂ ਤਾਂ ਜ਼ਰੂਰ ਪਰ ਛੇਤੀ ਹੀ ਅਪਣੇ ਆਪ ਨੂੰ ਨਵੇਂ ਹਾਲਾਤ ਅਨੁਸਾਰ ਢਾਲ ਲੈਂਦਾ ਰਿਹਾ।

ਹਾਂ, ਉਦੋਂ ਘੋਰ ਉਦਾਸੀ ਦਾ ਸਾਹਮਣਾ ਜ਼ਰੂਰ ਕਰਨਾ ਪਿਆ ਜਦੋਂ ਮੇਰੀ ਇਕ ਭੈਣ ਤੇ ਛੋਟੇ ਭਰਾ ਨੇ ਮਿਲ ਕੇ ਸਾਡੇ ਪਰਿਵਾਰਕ ਬਜ਼ੁਰਗ ਦੀ ਜ਼ਮੀਨ ਦੀ ਵਸੀਅਤ ਧੋਖੇ ਨਾਲ ਅਪਣੇ ਨਾਂ ਕਰਵਾ ਲਈ ਸੀ। ਭਾਵੇਂ ਪਿੱਛੋਂ ਜਾ ਕੇ ਇਸ ਮਸਲੇ ਦਾ ਹੱਲ ਕੱਢ ਲਿਆ ਗਿਆ ਤੇ ਮੇਰੇ ਹਿੱਸੇ ਦੀ ਜ਼ਮੀਨ ਮੈਨੂੰ ਮਿਲ ਵੀ ਗਈ ਤਦ ਵੀ ਉਹਨਾਂ ਦਿਨਾਂ ਵਿਚ ਲਹੂ ਦੇ ਰਿਸ਼ਤਿਆਂ ਦੇ ਹੋਏ ਘਾਣ ਨੇ ਮੈਨੂੰ ਘੋਰ ਉਦਾਸੀ ਦੇ ਰੂਬਰੂ ਲਿਆ ਖੜਾ ਕੀਤਾ ਸੀ। ਦੂਜੀ ਘੋਰ ਉਦਾਸੀ ਦਾ ਸਾਹਮਣਾ ਉਦੋਂ ਕਰਨਾ ਪਿਆ ਜਦੋਂ ਮੈਨੂੰ ਮਜਬੂਰੀ ਵੱਸ ਪਰਵਾਸ ਧਾਰਨ ਕਰਨਾ ਪੈ ਗਿਆ। ਪੁੱਤ-ਨੂੰਹ ਭਾਵੇਂ ਕਿੰਨੇ ਵੀ ਚੰਗੇ ਕਿਉਂ ਨਾ ਹੋਣ, ਉਹਨਾਂ ਦਾ ਘਰ 'ਉਹਨਾਂ ਦਾ' ਹੁੰਦਾ ਹੈ, 'ਤੁਹਾਡਾ ਅਪਣਾ ' ਨਹੀਂ ਹੁੰਦਾ। ਪਹਿਲੀ ਵਾਰ 'ਅਪਣਾ ਘਰ' ਤੇ ਅਪਣੀ ਖ਼ੁਦਮੁਖ਼ਤਿਆਰੀ ਖੁੱਸਣ ਨੇ ਵੀ ਮੈਨੂੰ ਘੋਰ ਉਦਾਸੀ ਨਾਲ ਭਰ ਦਿੱਤਾ। ਰਹੀ ਗੱਲ ਕੀਤੇ 'ਤੇ ਨਮੋਸ਼ੀ ਹੋਣ ਦੀ। ਜ਼ਿੰਦਗੀ ਵਿਚ ਕੀਤੇ ਹੋਏ ਕੁਝ ਵਾਅਦੇ ਨਾ ਨਿਭਾ ਸਕਣ ਦੀ ਨਮੋਸ਼ੀ ਹੈ। ਮਾਂ-ਪਿਓ ਨੂੰ ਸਮੇ ਸਿਰ ਲੋੜੀਂਦਾ ਪਿਆਰ ਤੇ ਮਾਣ ਸਤਿਕਾਰ ਨਾ ਦੇ ਸਕਣ ਦੀ ਨਮੋਸ਼ੀ ਹੈ। ਮੇਰੀ ਰੂਹ ਤੇ ਘਰ ਦੀ ਮਾਲਕਣ ਤੇ ਮੈਨੂੰ ਲੱਗਣ ਵਾਲਾ ਹਰੇਕ ਸੇਕ ਸਭ ਤੋਂ ਪਹਿਲਾਂ ਅੱਗੇ ਹੋ ਕੇ ਅਪਣੇ ਤਨ ਮਨ 'ਤੇ ਸਹਿਣ ਵਾਲੀ ਤੇ ਮੈਨੂੰ ਮੇਰੀ ਵਰਤਮਾਨ ਹਸਤੀ ਤੱਕ ਪਹੁੰਚਾਉਣ ਵਾਲੀ ਅਪਣੀ ਪਤਨੀ ਨਾਲ ਜ਼ਿੰਦਗੀ ਵਿਚ ਇਕ-ਅੱਧੀ ਵਾਰ ਕੀਤੀ ਬਦਲਸੂਕੀ ਦੀ ਵੀ ਬੇਹੱਦ ਨਮੋਸ਼ੀ ਹੈ।

*ਹੁਣ-ਅਪਣੀ ਕਿਸ਼ੋਰ ਅਵਸਥਾ ਵਿਚ ਸਕੂਲ ਦੀ ਲਾਇਬ੍ਰੇਰੀ ਦੀਆਂ ਕਿਤਾਬਾਂ ਚੋਰੀ ਕਰਨ ਦੀ ਤੁਹਾਡੀ ਵਾਰਤਾ ਬੜੀ ਦਿਲਚਸਪ ਹੈ। ਕੀ ਇਹੋ ਜਹੀਆਂ ਘੁੰਨੀਆਂ ਚੋਰੀਆਂ ਤੁਹਾਡੀ ਮਾਨਸਿਕਤਾ ਦਾ ਹਿੱਸਾ ਨਹੀਂ ਬਣੀਆਂ ਫੇਰ?*

ਸੰਧੂ -ਹੋਰ ਵਾਰਤਾ ਵੀ ਸੁਣ ਲਵੋ। ਮੇਰੇ ਪਿੰਡ ਦੀ ਗੱਲ ਹੈ। ਸਾਡਾ ਨਲਕਾ ਖ਼ਰਾਬ ਹੋ ਗਿਆ। ਠੀਕ ਕਰਨ ਤੋਂ ਪਿੱਛੋਂ ਬੋਰ ਵਧਾਇਆ ਤਾਂ ਨਲਕੇ ਦੀ ਮਸ਼ੀਨ ਦੇ ਆਲੇ-ਦੁਆਲੇ ਪਹਿਲਾਂ ਬਣੇ ਫ਼ਰਸ਼ ਵਿਚ ਚੱਪਾ ਭਰ ਵਿਰਲ ਹੋ ਗਈ। ਇਸਨੂੰ ਭਰਨ ਲਈ ਦੋ-ਚਾਰ ਕਿੱਲੋਂ ਸੀਮਿੰਟ ਤੇ ਅੱਧੀ ਕੁ ਬੋਰੀ ਬੱਜਰੀ ਚਾਹੀਦੀ ਸੀ। ਸੀਮਿੰਟ ਘਰ ਪਿਆ ਸੀ। ਬੱਜਰੀ ਪਿੰਡੋਂ ਤਾਂ ਮਿਲਣੀ ਨਹੀਂ ਸੀ, ਨੇੜਲੇ ਅੱਡੇ ਭਿੱਖੀਵਿੰਡੋਂ ਲਿਆਉਣੀ ਪੈਣੀ ਸੀ। ਮਿਸਤਰੀ ਕਹਿੰਦਾ ਕਿ ਇਸ ਨਿੱਕੇ ਜਿਹੇ ਕੰਮ ਲਈ ਭਿੱਖੀਵਿੰਡ ਕਿਧਰ ਤੁਰੇ ਫਿਰੋਗੇ; ਬੱਜਰੀ ਲਓਗੇ; ਬੱਸ ਤੱਕ ਲਿਆਓਗੇ; ਬੱਸ 'ਤੇ ਚੜ੍ਹਾਓਗੇ; ਫਿਰ ਲਵ੍ਹਾਉਗੇ, ਘਰ ਲਿਆਓਗੇ। ਏਨਾ ਵਖ਼ਤ ਕਰਨ ਦੀ ਕੀ ਲੋੜ ਏ! ਅਪਣੀ ਬਾਹਰਲੀ ਸੜਕ 'ਤੇ ਸੜਕ ਮੁਰੰਮਤ ਹੋਣ ਪਿੱਛੋਂ ਪਈ ਅਣਵਰਤੀ ਬੱਜਰੀ ਦੇ ਅੱਧ-ਪਚੱਧੇ ਕਈ ਢੇਰ ਪਏ ਨੇ, ਓਥੋਂ ਅੱਧੀ ਬੋਰੀ ਆਖੋ ਤਾਂ ਮੈਂ ਲੈ ਆਉਂ। ਤੁਹਾਡਾ ਟਾਈਮ ਲੱਗੇ ਤੁਸੀਂ ਲੈ ਆਇਓ।

ਮੈਂ ਵੀ ਸੋਚਿਆ, ਠੀਕ ਈ ਏ, ਏਨਾ ਵਖਤ ਕਰਨ ਦੀ ਕੀ ਲੋੜ ਐ। ਸੋਚਿਆ; ਦਿਨੇ ਸੜਕ ਤੋਂ ਬੱਜਰੀ ਚੁੱਕਦੇ ਚੰਗੇ ਨਹੀਂ ਲੱਗਣਾ, ਹਨੇਰਾ ਹੁੰਦਿਆਂ ਸਾਈਕਲ 'ਤੇ ਬੱਜਰੀ ਲੱਦ ਲਿਆਊਂ। ਮੈਂ ਖਾਦ ਵਾਲਾ ਖਾਲੀ ਤੋੜਾ ਲਿਆ ਤੇ ਹਨੇਰਾ ਹੁੰਦਿਆਂ ਬੱਜਰੀ ਲੈਣ ਤੁਰ ਪਿਆ। ਪਰ ਓਸੇ ਵੇਲੇ ਹੀ ਮੇਰੇ ਅੰਦਰ ਗੁਨਾਹ ਦਾ ਅਹਿਸਾਸ ਪਨਪਣ ਲੱਗਾ। ਮੈਨੂੰ ਲੱਗਾ, ਮੈਂ ਚੋਰੀ ਕਰਨ ਜਾ ਰਿਹਾਂ। ਚੋਰ ਹਾਂ ਮੈਂ। ਮੇਰੇ ਕੋਲੋਂ ਇਹ ਵੀ ਨਾ ਹੋਇਆ ਕਿ ਅਪਣਾ ਫ਼ੈਸਲਾ ਬਦਲ ਲਵਾਂ। ਭਿੱਖੀਵਿੰਡ ਜਾਣ ਦੀ ਖਾਹ-ਮ-ਖਾਹ ਖ਼ੇਚਲ ਹੀ ਆੜੇ ਆ ਗਈ ਸੀ ਵਰਨਾ ਏਨੀ ਕੁ ਬੱਜਰੀ ਉਦੋਂ ਮਸਾਂ ਚਾਰ-ਪੰਜ ਰੁਪੈ ਦੀ ਮਾਰ ਸੀ। ਲਓ ਜੀ; ਮੈਂ ਚਾਰ-ਚੁਫ਼ੇਰੇ ਵਿੰਹਦਾ ਜਾਵਾਂ। ਡਰਾਂ ਕਿ ਕੋਈ 'ਚੋਰੀ' ਕਰਨ ਜਾਂਦੇ ਨੂੰ ਵੇਖ ਤਾਂ ਨਹੀਂ ਰਿਹਾ। ਕੋਈ ਮਿਲ ਪਿਆ ਤੇ ਉਸਨੇ ਪੁੱਛ ਲਿਆ ਕਿ ਏਸ ਵੇਲੇ ਕਿਧਰ ਜਾ ਰਿਹਾਂ ਤਾਂ ਕੀ ਜਵਾਬ ਦਿਆਂਗਾ। ਅਪਣੇ ਆਪ 'ਚ ਸ਼ਰਮਿੰਦਾ ਹੋਇਆ ਨਾਲੇ ਅਪਣਾ ਆਪ ਕੋਸੀ ਜਾਵਾਂ ਤੇ

ਚੋਰੀ ਕਰਨ ਤੁਰਿਆ ਵੀ ਜਾਵਾਂ। ਮਨ ਨੂੰ ਇਹ ਵੀ ਸਮਝਾਵਾਂ ਕਿ ਇਹ ਬੱਜਰੀ ਤਾਂ ਵਰਤੋਂ ਤੋਂ ਵਾਧੂ ਬਚੀਆਂ ਢੇਰੀਆਂ ਦਾ ਹੇਠਲਾ ਭੂਰ ਭੂਰ ਈ ਹੈ। ਪਤਾ ਨਹੀਂ ਮਹਿਕਮੇ ਨੇ ਇਹ ਕੂੜਾ ਕੱਠਾ ਕਰਕੇ ਲਿਜਾਣਾ ਵੀ ਹੈ ਜਾਂ ਇਵੇਂ ਪਿਆ ਰਹਿਣਾ ਹੈ। ਤੋੜੇ ਵਿਚ ਬੱਜਰੀ ਪਾਉਣ ਲੱਗਾ ਤਾਂ ਦਿਲ ਇੰਜ ਧੜਕੇ ਜਿਵੇਂ ਕਿਸੇ ਵੱਡੇ ਬੈਂਕ ਵਿਚ ਕਰੋੜਾਂ ਦਾ ਡਾਕਾ ਮਾਰਨ ਵਾਲੇ ਡਾਕੂ ਦਾ ਵੀ ਨਾ ਧੜਕਿਆ ਹੋਵੇ। ਜੇ ਕੋਈ ਵੇਖ ਲਵੇ ਤਾਂ ਕੀ ਆਖੇ, ਪੰਜਾਂ ਰੁਪੈਆਂ ਦੀ ਬੱਜਰੀ ਪਿੱਛੇ ਚੋਰੀ ਕਰਨ ਆਣ ਲੱਗਾਂ। ਦੂਰੋਂ ਆਉਂਦੇ ਕਿਸੇ ਟਰੱਕ ਦੀ ਲਾਈਟ ਵੱਜੀ ਤਾਂ ਤੋੜਾ ਓਥੇ ਛੱਡ ਕੇ, ਮੈਂ ਭੱਜ ਕੇ, ਰੁੱਖ ਦੇ ਓਹਲੇ ਹੋ ਗਿਆ। ਲੱਗਾ; ਟਰੱਕ ਵਾਲਾ ਟਰੱਕ ਰੋਕ ਕੇ ਆਖ ਨਾ ਦੇਵੇ, "ਸਰਦਾਰਾ? ਏਨੀ ਕੁ ਬੱਜਰੀ ਪਿੱਛੇ ਚੋਰੀ ਦੀ ਕਾਲਖ਼ ਖੱਟਣ ਲੱਗੈਂ।"



1961

ਲਓ ਜੀ, ਆਪਾਂ ਉਹ ਕਾਲਖ਼ ਖੱਟ ਲਈ। ਪਰ ਉਸਦੀ ਨਮੋਸ਼ੀ ਹੁਣ ਤੱਕ ਨਹੀਂ ਗਈ। ਸਾਡੇ ਵਰਗੇ ਥੋੜ-ਦਿਲਿਆਂ ਨੇ ਚੋਰੀਆਂ ਕੀ ਕਰਨੀਆਂ ਹੋਈਆਂ! ਚੋਰੀ ਜਾਂ ਗੁਨਾਹ ਕਰਨ ਲਈ ਪੱਥਰ ਵਰਗੇ ਜਿਗਰੇ ਚਾਹੀਦੇ ਨੇ। ਤੁਹਾਨੂੰ ਹੋਰ ਗੱਲ ਸੁਣਾਵਾਂ। ਬੀ ਐੱਡ ਕਰਨ ਸਮੇਂ ਮੈਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪਟਿਆਲਾ ਹੋਸਟਲ ਵਿਚ ਰਹਿੰਦਾ ਸਾਂ। ਸਾਡੇ ਹੋਸਟਲ ਦੇ ਅਹਾਤੇ ਦੇ ਪਿਛਲੇ ਛੋਟੇ ਜਿਹੇ ਦਰਵਾਜ਼ੇ ਵਿਚੋਂ ਬਾਹਰ ਜਾਣ ਦਾ ਰਸਤਾ ਨਿਕਲਦਾ ਸੀ। ਉਸ ਦਰਵਾਜ਼ੇ ਦੇ ਬਾਹਰਲੇ ਪਾਸੇ ਸਾਡੇ ਕਾਲਜ ਦੀ ਕਨਟੀਨ ਸੀ। ਇਕ ਦਿਨ ਅਹਾਤੇ ਦੇ ਬਾਹਰਲੇ ਦਰਵਾਜ਼ੇ ਕੋਲ ਮੈਨੂੰ ਦੋ-ਦੋ ਰੁਪਏ ਦੇ ਤਿੰਨ ਨੋਟ ਡਿੱਗੇ ਹੋਏ ਲੱਭੇ। ਆਸੇ ਪਾਸੇ ਵੇਖਿਆ, ਕੋਈ ਵੀ ਨਹੀਂ ਸੀ ਓਥੇ। ਕਿਸਨੂੰ ਪੁੱਛਾਂ ਤੇ ਦਿਆਂ ਉਹ ਛੇ ਰੁਪਏ। ਸੌ ਮੁੰਡਾ ਤੇ ਸੌ ਕੁੜੀ ਮੇਰੇ ਕਾਲਜ ਦੇ ਵਿਦਿਆਰਥੀ ਤੇ ਮੇਨ ਕਾਲਜ ਦੇ ਅਨੇਕ ਵਿਦਿਆਰਥੀ ਹੋਸਟਲ ਦੇ ਅਹਾਤੇ ਵਿਚੋਂ ਸਾਰਾ ਦਿਨ ਕਨਟੀਨ ਵਿਚ ਆਉਣ-ਜਾਣ ਲਈ ਲੰਘਦੇ ਰਹਿੰਦੇ। ਸੋਚਾਂ ਸੋਚਦਾ ਮੈਂ ਕਨਟੀਨ ਚਲਾ ਗਿਆ। ਓਥੇ ਬੈਠੇ ਸਾਥੀਆਂ ਨੂੰ ਦੱਸਿਆ ਕਿ ਯਾਰ ਮੈਨੂੰ ਰਾਹ ਵਿਚੋਂ ਛੇ ਰੁਪਏ ਲੱਭੇ ਨੇ, ਇਹ ਕਿਸਦੇ ਹੋਣਗੇ, ਕਿਸਨੂੰ ਦਿਆਂ? ਉਹ 'ਏਡੀ ਵੱਡੀ ਰਕਮ' ਨੂੰ ਸਾਂਭਣ ਦੇ ਮੇਰੇ ਫਿਕਰ 'ਤੇ ਹੱਸੇ। ਮੈਂ ਫ਼ੈਸਲਾ ਕੀਤਾ ਕਿ ਕਾਲਜ ਦੇ ਨੋਟਸ-ਬੋਰਡ 'ਤੇ ਲਿਖ ਦਿਆਂਗਾ ਕਿ ਮੈਨੂੰ ਛੇ ਰੁਪਏ ਲੱਭੇ ਹਨ, ਜਿਸ ਦੇ ਹੋਣ ਮੇਰੇ ਕੋਲੋਂ ਲੈ ਲਵੇ। ਪਰ ਮੇਰੇ ਸਾਥੀ 'ਲੋੜੋਂ ਵੱਧ ਵਿਖਾਈ ਜਾ ਰਹੀ ਈਮਾਨਦਾਰੀ' ਦਾ ਮਖ਼ੌਲ ਉਡਾਈ ਜਾਣ। ਮੈਂ ਚੁੱਪ ਹੋ ਗਿਆ। ਉਹਨਾਂ ਦੇ ਮਜ਼ਾਕ ਤੋਂ ਡਰਦਾ ਜਾਂ ਬਹੁਤਾ 'ਸੱਚ-ਪੁੱਤ' ਬਣਨ ਦਾ ਦਿਖਾਵਾ ਕਰਨ ਤੋਂ ਡਰਦਾ ਮੈਂ ਲੱਭੇ ਪੈਸਿਆਂ ਦੀ ਸੂਚਨਾ ਨੋਟਸ ਬੋਰਡ 'ਤੇ ਵੀ ਨਾ ਲਾ ਸਕਿਆ।

ਤੁਸੀਂ ਹੈਰਾਨ ਹੋਵੋਗੇ ਕਿ ਇਹ ਕਿਹੜੀ ਏਡੀ ਦੱਸਣ ਵਾਲੀ ਗੱਲ ਹੈ। ਪਰ ਮੈਂ ਸੱਚ ਆਖਦਾਂ ਕਿ ਉਹਨਾਂ ਛੇ ਰੁਪਇਆਂ ਦਾ ਅਜੇ ਵੀ ਮੇਰੇ ਮਨ 'ਤੇ ਭਾਰ ਹੈ। ਉਹ ਇਸ ਕਰਕੇ ਕਿ ਮੈਂ ਨੋਟਸ ਬੋਰਡ 'ਤੇ ਸੂਚਨਾ ਕਿਉਂ ਨਾ ਲਾਈ। ਮੈਨੂੰ ਲੱਗਣ ਲੱਗਾ ਕਿ ਬਾਕੀ ਗੱਲਾਂ ਤਾਂ ਐਵੇਂ ਬਹਾਨਾ ਸਨ ਅਸਲ ਵਿਚ ਮੈਂ ਬੇਈਮਾਨ ਹੋ ਗਿਆ ਸਾਂ ਤੇ ਲੱਭੇ ਹੋਏ ਛੇ ਰੁਪਏ ਮੈਂ ਅਪਣੇ ਕੋਲ ਰੱਖਣ ਦਾ ਮਨ ਬਣਾ ਲਿਆ ਸੀ।

ਅੱਜ ਵੀ ਮੇਰਾ ਜੀ ਕਰਦਾ ਹੈ ਕਿ ਕੋਈ ਦੱਸੇ ਕਿ ਇਹ ਛੇ ਰੁਪਏ ਉਸਦੇ ਸਨ ਤਾਂ ਮੈਂ ਚਾਲੀ ਸਾਲਾਂ ਦੇ ਵਿਆਜ ਸਮੇਤ ਉਹ ਪੈਸੇ ਮੋੜਨ ਲਈ ਤਿਆਰ ਹਾਂ ਅਤੇ ਹੱਥ ਜੋੜ ਕੇ ਉਸਤੋਂ ਬਾਰ ਬਾਰ ਮੁਆਫ਼ੀ ਮੰਗਣ ਲਈ ਵੀ। ਉਂਜ ਮਨ ਨੂੰ ਏਨੀ ਕੁ ਤਸੱਲੀ ਜ਼ਰੂਰ ਹੈ ਕਿ ਅੱਜ ਤੱਕ ਨਾ ਕਿਸੇ ਨਾਲ ਧੋਖਾ ਕੀਤਾ ਹੈ ਨਾ ਧੱਕਾ। ਨਾ ਹੀ ਕਦੀ ਕਿਸੇ ਦਾ ਹੱਕ ਮਾਰਿਆ ਹੈ।

## ਸਮੁੰਦਰਾਂ ਵਰਗੇ ਜਿਗਰੇ

*ਹੁਣ- ਤੁਹਾਡਾ ਪਿੰਡ 'ਸੁਰ ਸਿੰਘ' ਪੰਜਾਬ ਦੇ ਉਨ੍ਹਾਂ ਚੋਣਵੇਂ ਪਿੰਡਾਂ ਵਿਚੋਂ ਹੈ ਜਿਥੇ ਗ਼ਦਰ ਲਹਿਰ ਜਾਂ ਪੰਜਾਬ ਦੇ 'ਕਾਲੇ ਦਿਨਾਂ' ਵੇਲੇ ਵੀ ਫਾਂਸੀਆਂ ਦਾ ਬੋਲ ਬਾਲਾ, ਗੋਲੀਆਂ ਦੀਆਂ ਬੁਛਾੜਾਂ ਤੇ ਹੋਰ ਉਥਲ ਪੁਥਲ ਹੁੰਦੀ ਰਹੀ। ਇਹ ਸਭ ਤੁਹਾਡੇ ਬਚਪਨ ਦੇ ਦਿਨਾਂ ਵਿਚ ਵੀ ਇਵੇਂ ਹੀ ਹੁੰਦਾ ਹੋਵੇਗਾ। ਇਸ ਬਾਰੇ ਤੁਹਾਡੀਆਂ ਪਹਿਲੀਆਂ ਯਾਦਾਂ ਕਿਹੋ ਜਹੀਆਂ ਹਨ?*

ਸੰਧੂ -ਤੁਹਾਡੀ ਇਹ ਗੱਲ ਠੀਕ ਹੈ ਕਿ ਸਾਡੇ ਪਿੰਡ ਦਾ ਪੁਰਾਣਾ ਇਤਿਹਾਸ ਬੜਾ ਗੌਰਵਮਈ ਰਿਹਾ ਹੈ। ਮੈਂ ਅਕਸਰ ਬੜੇ ਮਾਣ ਨਾਲ ਅਪਣੇ ਪਿੰਡ ਦੇ ਇਸ ਵਿਰਾਸਤੀ ਗੌਰਵ ਦੀ ਵਡਿਆਈ ਕਰਦਾ ਰਹਿੰਦਾਂ। ਸੁਰ ਸਿੰਘ ਦਾ ਪੰਜਾਬ ਅਤੇ ਭਾਰਤ ਦੇ ਇਤਿਹਾਸ ਵਿਚ ਬਹੁਤ ਹੀ ਮਾਣਯੋਗ ਸਥਾਨ ਹੈ। ਗੁਰੂ-ਕਾਲ ਦੇ ਮੁਢਲੇ ਦਿਨਾਂ ਤੋਂ ਇਸਦੀ ਸਿੱਖੀ ਦੀ ਵਿਰਾਸਤੀ ਸ਼ਾਨ ਨਾਲ ਸਾਂਝ ਰਹੀ ਹੈ। ਗੁਰੂ ਅਰਜਨ ਤੇ ਗੁਰੂ ਹਰਗੋਬਿੰਦ ਵੇਲੇ ਸਾਡੇ ਪਿੰਡ ਦਾ ਭਾਈ ਬਿਧੀ ਚੰਦ ਉਹਨਾਂ ਦਾ ਸਿੱਖ ਤੇ ਸੰਗੀ-ਸਾਥੀ ਰਿਹਾ। ਸ਼ਾਹਜਹਾਨ ਦੇ ਫ਼ੌਜੀਆਂ ਵੱਲੋਂ ਗੁਰੂ ਹਰਗੋਬਿੰਦ ਦੀ ਭੇਟਾ ਲਿਆਂਦੇ ਜਾਣ ਵਾਲੇ ਕਾਬਲ ਦੇ ਸਿੱਖ ਕੋਲੋਂ ਖੋਹੇ ਗਏ ਘੋੜੇ, ਦਿਲਬਾਗ ਤੇ ਗੁਲਬਾਗ, ਭਾਈ ਬਿਧੀ ਚੰਦ ਹੀ ਇਕ ਵਾਰ ਘਾਹੀ ਤੇ ਇਕ ਵਾਰ ਨਜੂਮੀ ਦਾ ਭੇਸ ਧਾਰ ਕੇ ਲਾਹੌਰ ਦੇ ਕਿਲ੍ਹੇ ਵਿਚੋਂ ਕੱਢ ਕੇ ਲਿਆਇਆ ਸੀ। ਪੱਟੀ ਸ਼ਹਿਰ 'ਚੋਂ ਮੁਗ਼ਲਾਂ ਵੱਲੋਂ ਖੋਹੇ ਗੁਰੂ ਘਰ ਦੇ ਦੁਸ਼ਾਲੇ ਲਿਆਉਣ ਵਾਲਾ ਬਿਧੀ ਚੰਦ ਦਾ ਪਰਸੰਗ ਵੀ ਅਸੀਂ ਪੜ੍ਹਦੇ ਸੁਣਦੇ ਆਏ ਹਾਂ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਦੀ ਸਾਜਨਾ ਕੀਤੀ ਤਾਂ ਸਿੱਖਾਂ ਵਿਚ ਹੱਕ-ਸੱਚ ਲਈ ਲੜ ਮਰਨ ਲਈ ਜੋਸ਼ ਪੈਦਾ ਕਰਨ ਲਈ, ਯੋਧਿਆਂ ਦੀਆਂ ਵਾਰਾਂ ਦਾ ਗਾਇਨ ਕਰਨ ਵਾਲੇ ਪਹਿਲੇ ਢਾਡੀ ਨੱਥਾ ਤੇ ਅਬਦੁੱਲ ਵਿਚੋਂ ਨਥ ਮੱਲ ਸੁਰ ਸਿੰਘ ਪਿੰਡ ਦਾ ਹੀ ਸੀ ਤੇ ਫਿਰ ਗੁਰੂ ਗੋਬਿੰਦ ਸਿੰਘ ਜੀ ਲਈ ਜਾਨ ਦੀ ਬਾਜ਼ੀ ਲਾਉਣ ਵਾਲੇ ਅਤੇ ਟੁੱਟੀ ਗੰਢਣ ਵਾਲੇ ਚਾਲੀ ਮੁਕਤਿਆਂ ਦੇ ਆਗੂ ਜੱਥੇਦਾਰ ਭਾਈ ਮਹਾਂ ਸਿੰਘ ਇਸੇ ਹੀ ਪਿੰਡ ਦੇ ਸਨ। ਅਠ੍ਹਾਰਵੀਂ ਸਦੀ ਦੇ ਪ੍ਰਸਿੱਧ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਪੈਦਾ ਤਾਂ ਭਾਵੇਂ ਪਿੰਡ ਈਚੋਗਿਲ ਵਿਖੇ ਹੋਏ ਪਰ ਉਹਨਾਂ ਦੇ ਪਿਤਾ ਅਤੇ ਵਡੇਰਿਆਂ ਦਾ ਜੱਦੀ ਪਿੰਡ ਸੁਰ ਸਿੰਘ ਹੀ ਸੀ। ਸੁਰ ਸਿੰਘ ਦੇ ਜੱਦੀ ਵਸਨੀਕ ਤੇ ਜੱਸਾ ਸਿੰਘ ਰਾਮਗੜ੍ਹੀਏ ਦੇ ਪਿਤਾ ਭਾਈ ਹਰਦਾਸ ਸਿੰਘ ਨੇ ਗੁਰੂ ਗੋਬਿੰਦ ਸਿੰਘ ਕੋਲੋਂ ਅੰਮ੍ਰਿਤ ਛਕਿਆ ਸੀ ਤੇ ਉਹ ਗੁਰੂ ਜੀ ਵੱਲੋਂ ਲੜੇ ਯੁੱਧਾਂ ਵਿਚ ਵੀ ਭਾਗ ਲੈਂਦਾ ਰਿਹਾ।



ਅਪਣੇ ਵਿਆਹ ਤੋਂ ਅਗਲੇ ਦਿਨ ਵਰਿਆਮ ਸਿੰਘ ਸੰਧੂ ਅਪਣੀ ਪਤਨੀ ਰਜਵੰਤ ਕੌਰ ਅਤੇ ਮਾਤਾ ਜੋਗਿੰਦਰ ਕੌਰ ਨਾਲ (10 ਦਸੰਬਰ 1973)

ਇਹ ਵੀ ਕਿਹਾ ਜਾਂਦਾ ਹੈ ਕਿ ਬਚਿੱਤਰ ਸਿੰਘ ਵੱਲੋਂ ਹਾਥੀ ਦਾ ਮੱਥਾ ਵਿੰਨ੍ਹਣ ਵਾਲੀ ਨਾਗਣੀ ਭਾਈ ਹਰਦਾਸ ਸਿੰਘ ਨੇ ਬਣਾਈ ਸੀ। ਸੁਰ ਸਿੰਘ ਪਿੰਡ ਨੂੰ ਇਕ ਹੋਰ ਵੱਡਾ ਮਾਣ ਇਸ ਗੱਲ ਦਾ ਹੈ ਕਿ ਜਦੋਂ ਅਠ੍ਹਾਰਵੀਂ ਸਦੀ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਤਬਾਹ ਕਰ ਦਿੱਤਾ ਤਾਂ ਸਿੱਖ-ਸੰਗਤਾਂ ਨੇ ਮਾਇਆ ਇਕੱਠੀ ਕਰਕੇ ਸੁਰ ਸਿੰਘ ਦੇ ਗੁਰੂ-ਪ੍ਰੇਮੀ ਖੱਤਰੀ ਦੇਸ ਰਾਜ ਦੀ ਝੋਲੀ ਪਾਈ ਤੇ ਫਿਰ ਤੋਂ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਉਣ ਲਈ ਉਸਦੀ ਡਿਊਟੀ ਲਾਈ। ਸ੍ਰੀ ਹਰਿਮੰਦਰ ਸਾਹਿਬ ਦੀ ਮੌਜੂਦਾ ਇਮਾਰਤ ਸ੍ਰੀ ਦੇਸ ਰਾਜ ਵੱਲੋਂ ਹੀ ਬਣਵਾਈ ਗਈ ਹੈ। ਇਹ ਕੋਈ ਘੱਟ ਮਾਣ ਵਾਲੀ ਗੱਲ ਨਹੀਂ।

ਮੁਗ਼ਲ ਰਾਜ ਹੀ ਨਹੀਂ ਸਗੋਂ ਅੰਗਰੇਜ਼ੀ ਰਾਜ ਸਮੇਂ ਚੱਲੇ ਹਰੇਕ ਅੰਗਰੇਜ਼ ਵਿਰੋਧੀ ਅੰਦੋਲਨ ਵਿਚ ਸੁਰ ਸਿੰਘ ਪੇਸ਼-ਪੇਸ਼ ਰਿਹਾ। ਵੀਹਵੀਂ ਸਦੀ ਦੇ ਸ਼ੁਰੂ ਵਿਚ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਪੁੱਟਣ ਲਈ ਬਣੀ 'ਗ਼ਦਰ ਪਾਰਟੀ' ਵਿਚ ਸੁਰ ਸਿੰਘ ਪਿੰਡ ਦਾ ਪ੍ਰਮੁੱਖ ਰੋਲ ਸੀ। ਮਾਝੇ ਵਿਚ ਇਸ ਪਿੰਡ ਨੂੰ ਗ਼ਦਰ ਪਾਰਟੀ ਦਾ ਸਭ ਤੋਂ ਵੱਡਾ ਗੜ੍ਹ ਸਮਝਿਆ ਜਾਂਦਾ ਸੀ। ਕਰਤਾਰ ਸਿੰਘ ਸਰਾਭਾ ਦੇ ਨਜ਼ਦੀਕੀ ਸਾਥੀਆਂ ਭਾਈ ਜਗਤ ਸਿੰਘ ਅਤੇ ਪ੍ਰੇਮ ਸਿੰਘ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਪ੍ਰੇਮ ਸਿੰਘ ਦੇ ਛੋਟੇ ਭਰਾ ਭਾਈ ਮਿਤ ਸਿੰਘ ਨੇ ਮੈਨੂੰ ਸਾਡੀ ਬਾਹਰਲੀ ਚੰਦੂ ਕੀ ਪੱਤੀ ਦੀ ਖੂਹੀ ਨੇੜੇ ਖਲੋ ਕੇ ਦੱਸਿਆ ਸੀ, "ਏਸ ਖੂਹੀ 'ਤੇ ਮੈਂ ਕਰਤਾਰ ਸੂੰਹ ਸਰਾਭੇ ਨੂੰ ਨਵ੍ਹਾਇਆ ਸੀ ਪਾਣੀ ਦੇ ਡੋਲ ਕੱਢ ਕੱਢ ਕੇ। ਉਹਦਾ ਗੋਰਾ ਚਿੱਟਾ ਪਿੰਡਾ ਤੇ ਥੱਬੇ ਥੱਬੇ ਦੇ ਲਿਸ਼ਕਦੇ ਪੱਟ ਸਨ। ਉਦੋਂ ਸਰਾਭਾ ਅਪਣੇ ਪਿੰਡ ਕਈ ਦਿਨ ਠਹਿਰਿਆ ਸੀ। ਉਹ ਪਾਰਟੀ ਬਨਾਉਣ ਲਈ ਦਿਨੇ ਨਿਕਲ ਜਾਂਦੇ ਤੇ ਰਾਤ-ਬਰਾਤੇ ਘਰ ਮੁੜਦੇ।"

ਸੁਰ ਸਿੰਘ ਦੇ ਹੀ ਗੁਰਦਿੱਤ ਸਿੰਘ, ਇੰਦਰ ਸਿੰਘ, ਕਾਲਾ ਸਿੰਘ, ਜਵੰਦ ਸਿੰਘ, ਬੁੱਢਾ ਸਿੰਘ, ਗੰਡਾ ਸਿੰਘ, ਕੇਸਰ ਸਿੰਘ ਆਦਿ ਨੂੰ ਉਮਰ ਕੈਦ, ਕਾਲੇ ਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ। 'ਕਾਮਾਗਾਟਾ ਮਾਰੂ' ਇਨਕੁਆਰੀ ਕਮੇਟੀ ਦੀ ਰਿਪੋਰਟ ਇਹ ਵੀ ਦੱਸਦੀ ਹੈ ਕਿ ਅੰਗਰੇਜ਼ ਸਰਕਾਰ ਬਾਬਾ ਗੁਰਦਿੱਤ ਸਿੰਘ ਤੋਂ ਬਿਨਾਂ ਜਿਨ੍ਹਾਂ ਹੋਰ ਵਿਅਕਤੀਆਂ ਨੂੰ ਖ਼ਤਰਨਾਕ ਲੀਡਰਾਂ ਵਿਚ ਗਿਣਦੀ ਸੀ, ਉਹਨਾਂ ਵਿਚ ਸ. ਸੁੱਚਾ ਸਿੰਘ, ਪਿੰਡ ਸੁਰ ਸਿੰਘ ਵੀ ਇਕ ਅਜਿਹਾ ਹੀ ਖ਼ਤਰਨਾਕ ਬਾਗ਼ੀ ਸੀ ਅਤੇ ਬਜਬਜ ਘਾਟ 'ਤੇ ਚੱਲੀ ਗੋਲੀ ਵਿਚ ਉਸਦੀ ਲੱਤ ਉੱਪਰ ਗੋਲੀ ਵੱਜੀ ਸੀ। ਸੁੱਚਾ ਸਿੰਘ ਵੀ ਸਾਡੀ ਪੱਤੀ ਦਾ ਸੀ। ਮੈਂ ਅਪਣੇ ਬਚਪਨ ਵਿਚ ਉਹਦੀ ਲੱਤ 'ਤੇ ਲੱਗਾ ਗੋਲੀ ਦਾ ਨਿਸ਼ਾਨ ਆਪ ਵੇਖਿਆ ਸੀ। ਇਹਨਾਂ ਸਭ ਲੀਡਰਾਂ ਤੋਂ ਇਲਾਵਾ ਇਹਨਾਂ ਦੇ ਪਿੱਛੇ ਸੈਂਕੜਿਆਂ ਦੀ ਗਿਣਤੀ ਵਿਚ ਹੋਰ ਵਰਕਰ ਵੀ ਦੇਸ਼ ਦੀ ਆਜ਼ਾਦੀ ਪ੍ਰਾਪਤ ਕਰਨ ਲਈ ਗ਼ਦਰ ਪਾਰਟੀ ਵਲੋਂ ਆਰੰਭ ਕੀਤੇ ਸੰਘਰਸ਼ ਵਿਚ ਜੁੱਟੇ ਹੋਏ ਸਨ। ਗ਼ਦਰੀਆਂ ਤੇ ਆਜ਼ਾਦੀ ਸੰਗਰਾਮੀਆਂ ਦੀ ਵੱਧ ਤੋਂ ਵੱਧ ਸਹਾਇਤਾ ਕਰਨ ਲਈ ਤਤਪਰ ਰਹਿਣ ਵਾਲਾ ਸਰਦਾਰ ਹਰਚੰਦ ਸਿੰਘ ਲਾਇਲਪੁਰ ਸੁਰ ਸਿੰਘ ਦਾ ਜੰਮ-ਪਲ ਹੀ ਸੀ। ਉਨ੍ਹੀਵੀਂ ਸਦੀ ਦੇ ਅਖ਼ੀਰ 'ਤੇ ਸ਼ਾਂਤ ਸਾਗਰ ਦੇ ਪੱਛਮੀ ਕੰਢੇ 'ਤੇ ਉੱਤਰਨ ਵਾਲਾ ਤੇ ਹੋਰ ਭਾਰਤੀਆਂ ਲਈ ਅਮਰੀਕਾ ਕਨੇਡਾ ਲਈ ਰਾਹ ਖੋਲ੍ਹਣ ਲਈ ਬਹਾਨਾ ਬਣਨ ਵਾਲਾ ਪਹਿਲਾ ਬੰਦਾ ਭਾਈ ਬਖ਼ਸ਼ੀਸ਼ ਸਿੰਘ ਵੀ ਸੁਰ ਸਿੰਘ ਦਾ ਸੀ। ਗ਼ਦਰ ਪਾਰਟੀ ਦਾ ਆਖ਼ਰੀ ਸਕੱਤਰ ਕੇਸਰ ਸਿੰਘ ਵੀ ਸੁਰ ਸਿੰਘ ਦਾ ਵਸਨੀਕ ਸੀ।

ਕਿਸਾਨ ਮੋਰਚਾ, ਅਕਾਲੀ ਮੋਰਚੇ ਤੇ ਹਰਛਾ ਛੀਨਾ ਮੋਘਾ ਮੋਰਚਾ ਵਿਚ ਵੀ ਸੁਰ ਸਿੰਘ ਦੇ ਅਨੇਕਾਂ ਕਿਸਾਨ ਜੇਲ੍ਹਾਂ ਵਿਚ ਗਏ। ਸਰਕਾਰ ਵਿਰੋਧੀ ਕਿਸਾਨ ਮੋਰਚੇ ਵਿਚ ਜੇਲ੍ਹ ਦੀਆਂ ਤੰਗੀਆਂ ਸਹਿੰਦੇ ਹੋਏ ਸੁਰ ਸਿੰਘ ਦਾ ਲਾਲ ਦੀਨ ਸ਼ਹੀਦੀ ਪਾ ਗਿਆ। ਸ਼੍ਰੋਮਣੀ ਕਮੇਟੀ ਨੇ ਜਦੋਂ ਅੰਗਰੇਜ਼ੀ ਰਾਜ ਸਮੇਂ ਸਿੱਖ ਰਹਿਤ ਮਰਿਆਦਾ ਕਾਇਮ ਕਰਨ ਲਈ ਕਮੇਟੀ ਬਣਾਈ ਤਾਂ ਉਸਦੇ ਮੈਂਬਰਾਂ ਵਿਚੋਂ ਇਕ ਮੈਂਬਰ ਭਾਈ ਤਰਲੋਚਨ ਸਿੰਘ ਸੁਰ ਸਿੰਘ ਦੇ ਸਨ। ਪਿੰਡ ਸੁਰ ਸਿੰਘ ਦੀਆਂ ਅੰਗਰੇਜ਼ ਵਿਰੋਧੀ ਸਰਗਰਮੀਆਂ ਨੂੰ ਨਜ਼ਰ ਵਿਚ ਰੱਖਦੇ ਹੋਏ, ਪਿੰਡ ਦੇ ਲੋਕਾਂ ਨੂੰ ਦਬਾਉਣ ਲਈ ਅੰਗਰੇਜ਼ ਸਰਕਾਰ ਨੇ ਪਿੰਡ ਵਿਚ ਪੱਕੀ ਪੁਲਿਸ ਚੌਂਕੀ ਬਿਠਾ ਦਿੱਤੀ ਸੀ।

ਸਾਇੰਸ ਪੱਖੋਂ ਵੀ ਇਸ ਪਿੰਡ ਨੇ ਕਮਾਲ ਦੀਆਂ ਪ੍ਰਤਿਭਾਵਾਂ ਪੈਦਾ ਕੀਤੀਆਂ। ਵੀਹਵੀਂ ਸਦੀ ਦੇ ਮੁੱਢ ਵਿਚ ਸਾਡੇ ਵਡੇਰੇ ਸ. ਕਿਸ਼ਨ ਸਿੰਘ ਘੋੜਿਆਂ ਵਾਲੇ ਦੀ ਪ੍ਰਸਿਧੀ ਪੰਜਾਬ ਵਿਚ ਦੂਰ ਦੂਰ ਤੱਕ ਇਸ ਕਰਕੇ ਫੈਲ ਗਈ ਸੀ ਕਿ ਉਦੋਂ ਉਹ ਅਪਣੀ ਵਿਸ਼ੇਸ਼ ਤਕਨੀਕ ਰਾਹੀਂ ਚਾਹੁਣ ਵਾਲੇ ਦੇ ਪਸੰਦ ਦੇ ਰੰਗ ਦਾ ਵਛੇਰਾ ਜਾਂ ਵਛੇਰੀ ਪੈਦਾ ਕਰਵਾ ਸਕਣ ਦਾ ਚਮਤਕਾਰੀ ਵਿਗਿਆਨ ਜਾਣਦਾ ਸੀ।

'ਹੁਣ' ਦੇ ਪਾਠਕਾਂ ਨਾਲ ਇਹ ਸਾਰਾ ਕੁਝ ਸਾਂਝਾ ਕਰਨ ਦਾ ਭਾਵ ਇਹ ਹੈ ਕਿ ਕਿਸੇ ਵੀ ਲੇਖਕ ਦੇ ਇਤਿਹਾਸ ਅਤੇ ਪਿਛੋਕੜ ਦਾ ਉਸਦੀ ਮਾਨਸਕ ਉਣਤਰ-ਬਣਤਰ ਵਿਚ ਬੜਾ ਵੱਡਾ ਯੋਗਦਾਨ ਹੁੰਦਾ ਹੈ। ਇਸ ਇਤਿਹਾਸ ਨੂੰ ਮੈਂ ਬਚਪਨ ਤੋਂ ਹੀ ਅਪਣੇ ਪਿੰਡ ਵਿਚ ਲੱਗਦੇ ਧਾਰਮਕ ਦੀਵਾਨਾਂ ਸਮੇਂ ਰਾਗੀਆਂ-ਢਾਡੀਆਂ ਕੋਲੋਂ ਸੁਣਦਾ ਰਿਹਾਂ। ਇਸ ਕਰਕੇ ਸਿੱਖੀ ਦਾ ਜ਼ੁਲਮ ਵਿਰੁਧ ਲੜਨ ਦਾ ਤੇ ਸੱਚੇ ਇਨਸਾਨ ਬਣ ਕੇ ਸਰਬੱਤ ਦਾ ਭਲਾ ਚਾਹੁਣ ਦਾ ਤਸੱਵਰ ਮੈਨੂੰ ਏਸੇ ਵਿਰਾਸਤ ਵਿਚੋਂ ਮਿਲਿਆ ਤੇ ਇਸਨੇ ਮੇਰੇ ਅੰਦਰ ਸਵੈਮਾਣ ਦੇ ਅੰਸ਼ ਭਰਨ ਵਿਚ ਵੀ ਰੋਲ ਨਿਭਾਇਆ।

ਸਾਡਾ ਘਰ ਪਿੰਡ ਦੇ ਮੇਨ ਬਾਜ਼ਾਰ ਵਿਚ ਸੀ। ਦੁਕਾਨਾਂ ਰਾਤ ਦੇਰ ਤੱਕ ਖੁੱਲ੍ਹੀਆਂ ਰਹਿੰਦੀਆਂ। ਮੇਰਾ ਪਿਓ ਰਾਤ ਨੂੰ ਅਪਣੇ ਗਵਾਂਢੀ ਮਿੱਤਰ ਦੁਕਾਨਦਾਰ ਵੇਦ ਪ੍ਰਕਾਸ਼ ਕੋਲ ਬੈਠਦਾ। ਮੈਂ ਵੀ ਨਾਲ ਹੁੰਦਾ। ਹੌਲੀ ਹੌਲੀ ਨੇੜਲੇ ਦੁਕਾਨਦਾਰ ਵੀ ਦੁਕਾਨਾਂ ਵਧਾ ਕੇ ਓਥੇ ਆ ਜਾਂਦੇ। ਸਿਆਲੂ ਦਿਨ ਹੁੰਦੇ ਤਾਂ ਦੇਰ ਤੱਕ ਦੁਕਾਨ 'ਤੇ ਅੰਗੀਠੀ ਭਖਦੀ ਰਹਿੰਦੀ। ਦੇਰ ਰਾਤ ਤੱਕ ਗੱਪ-ਗੋਸ਼ਟੀਆਂ ਚੱਲਦੀਆਂ। ਉਹਨਾਂ ਦੀਆਂ ਗੱਲਾਂ ਵਿਚ ਘੜੀ-ਮੁੜੀ ਪਾਕਿਸਤਾਨ ਤੁਰ ਗਏ ਮੁਸਲਮਾਨ ਭਰਾਵਾਂ ਦਾ ਜ਼ਿਕਰ ਹੁੰਦਾ। ਮਾਰੇ ਜਾਣ ਵਾਲਿਆਂ ਨਿਰਦੋਸ਼ਾਂ ਲਈ ਹਉਕਾ ਹੁੰਦਾ। ਪਿੰਡ ਦੇ ਉਹਨਾਂ ਦੋ ਬੰਦਿਆਂ ਬਾਰੇ ਨਫ਼ਰਤ 'ਤੇ ਗੁੱਸਾ ਹੁੰਦਾ ਜਿਨ੍ਹਾਂ ਨੇ ਕਾਫ਼ਲਿਆਂ ਵਿਚ ਆਉਂਦੇ-ਜਾਂਦੇ ਮੁਸਲਮਾਨਾਂ ਨੂੰ ਕਤਾਰਾਂ ਵਿਚ ਖੜੇ ਕਰ ਕੇ ਕਤਲ ਕੀਤਾ। ਮੈਂ ਪੰਜ-ਛੇ ਸਾਲ ਦਾ ਹੀ ਸਾਂ ਜਦੋਂ ਇਹ ਗੱਲਾਂ ਸੁਣ ਕੇ ਮੈਨੂੰ ਫ਼ਿਰਕਾਪ੍ਰਸਤੀ ਨਾਲ ਡੂੰਘੀ ਨਫ਼ਰਤ ਹੋ ਗਈ। ਸਾਡਾ ਘਰ ਬਾਜ਼ਾਰ ਵਿਚ ਸੀ। ਸਾਹਮਣੇ ਦੋ ਪਾਸੇ ਹਿੰਦੂਆਂ ਦੀਆਂ ਦੁਕਾਨਾਂ ਤੇ ਘਰ। ਦੋ ਪਾਸੇ ਸੁਨਿਆਰਾਂ, ਮੋਚੀਆਂ, ਮਹਿਰਿਆਂ ਦੇ ਘਰ ਤੇ ਸਾਡੀ ਹਵੇਲੀ ਦੇ ਨਾਲ ਹੀ ਠਾਕਰ ਝਟਕਈ ਦਾ ਘਰ। ਵਿਚ

ਕੱਲ੍ਹਾ ਸਾਡਾ ਜੱਟਾਂ ਦਾ ਘਰ। ਇਸ ਮਾਹੌਲ ਵਿਚ ਸਾਰੇ ਗਵਾਂਢੀ ਮੇਰੇ ਚਾਚੇ-ਤਾਏ ਸਨ। ਉਹਨਾਂ ਦੇ ਮੁੰਡੇ ਮੇਰੇ ਯਾਰ ਬੇਲੀ। ਕੱਠੇ ਖੇਡਦੇ, ਇਕ-ਦੂਜੇ ਦੇ ਘਰੋਂ ਖਾ ਪੀ ਲੈਂਦੇ। ਕੋਈ ਨਿੰਦ-ਵਿਚਾਰ ਨਹੀਂ। ਮੇਰੀ ਦਾਦੀ ਦੇ ਮੰਜੇ 'ਤੇ ਬੈਠੀ ਕਰਮ ਚੰਦ ਮੋਚੀ ਦੀ ਵਹੁਟੀ ਬਾਵੀ ਜੁੱਤੀਆਂ ਦੇ ਪੱਲੇ ਤਿੱਲੇ ਨਾਲ ਕੱਢਦੀ ਰਹਿੰਦੀ।

ਪਿੰਡ ਦੇ ਮੇਲਿਆਂ 'ਤੇ ਨਗਰ ਕੀਰਤਨ ਦਾ ਜਲੂਸ ਨਿਕਲਦਾ ਤਾਂ ਹਿੰਦੂ ਦੁਕਾਨਦਾਰ ਬਾਜ਼ਾਰ ਨੂੰ ਧੋ ਸਵਾਰ ਕੇ ਸਾਫ਼ ਕਰਦੇ ਤੇ ਚਿੱਟੀਆਂ ਪੱਗਾਂ ਬੰਨ੍ਹ ਕੇ ਦੇਵੀ ਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਦਾ ਠਹਿਰਾ ਕਰਕੇ ਅਪਣਾ ਆਦਰ ਪੇਸ਼ ਕਰਦੇ। ਮਾਇਆ ਭੇਟ ਕਰਦੇ। ਜਲੂਸ ਨਾਲ ਰਾਗੀ ਜਦੋਂ ਬਾਜ਼ਾਰ ਵਿਚੋਂ ਗਾਉਂਦੇ ਲੰਘਦੇ ਤਾਂ ਉਹਨਾਂ ਦੇ ਹੋਠਾਂ 'ਤੇ ਇਹੋ ਸ਼ਬਦ ਹੁੰਦਾ, 'ਰੰਗ ਰੰਗ ਦੀ ਵਜਾਉਂਦਾ ਬੰਸਰੀ ਨਾਲੇ ਕਾਹਨ ਗਊਆਂ ਚਾਰਦਾ।" ਦੇਵੀ ਦਵਾਰੇ ਢਾਡੀ-ਕਵੀਸ਼ਰ ਦ੍ਰੋਪਦੀ ਦੇ ਚੀਰ-ਹਰਨ ਦਾ ਪ੍ਰਸੰਗ ਸੁਣਾਉਂਦੇ ਜਾਂ ਭੀਲਣੀ ਦੇ ਬੇਰ ਦੀ ਸਾਖੀ। ਭਗਤ ਰਵਿਦਾਸ ਦਾ ਜਨਮ ਦਿਨ ਹੁੰਦਾ ਤਾਂ ਦੇਵੀ ਦਵਾਰੇ ਨੇੜੇ ਖਾਲੀ ਥਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਦੀਵਾਨ ਲੱਗਦਾ। ਜਨਮ ਅਸ਼ਟਮੀ ਦਾ ਦਿਨ ਹੁੰਦਾ ਤਾਂ ਇਸ ਮੇਲੇ 'ਤੇ ਵੀ ਸਾਰੇ ਭਾਈਚਾਰੇ ਦੇ ਲੋਕ ਦਿਨ ਰਾਤ ਦੀਵਾਨ ਦਾ ਆਨੰਦ ਲੈਂਦੇ। ਮੁਸਲਮਾਨ ਫ਼ਕੀਰਾਂ ਸ਼ਾਹ-ਮਾਲਕ ਤੇ ਸ਼ਾਹ ਜਮਾਲ ਦੀਆਂ ਮਜ਼ਾਰਾਂ 'ਤੇ ਵੀ ਕੁਝ ਸ਼ਰਧਾਲੂ ਦੇਗਾਂ ਚੜ੍ਹਾਉਣ ਅਤੇ ਕਵਾਲੀਆਂ ਗਾਉਣ ਦਾ ਪ੍ਰਬੰਧ ਹਰ ਸਾਲ ਹੀ ਕਰ ਲੈਂਦੇ। ਇਸ ਮਾਹੌਲ ਵਿਚ ਮੈਨੂੰ ਕੋਈ ਬਿਗ਼ਾਨਾ ਦਿਸਣੋਂ ਹਟ ਗਿਆ ਤੇ ਮੇਰੀ 'ਸਗਲ-ਸੰਗ' ਬਣ ਆਉਣ ਲੱਗੀ। ਮੇਰੀ ਸ਼ਖ਼ਸੀਅਤ ਦੀ ਉਸਾਰੀ ਵਿਚ ਬਾਲਪਨ ਵਿਚ ਪਰਾਪਤ ਹੋਏ ਏਸ ਮਾਹੌਲ ਦਾ ਬਹੁਤ ਅਸਰ ਹੈ।

*ਹੁਣ- ਪਿਉ ਦੇ ਛੋਟੀ ਉਮਰ ਵਿਚ ਗੁਜ਼ਰ ਵਾਲੇ ਦਿਨ ਤੁਹਾਨੂੰ ਖਬਰ ਦੇਣ ਤੋਂ ਪਹਿਲਾਂ ਮਾਂ ਨੇ ਤੁਹਾਨੂੰ ਰੋਟੀ ਖਾਣ ਭੇਜ ਦਿੱਤਾ ਸੀ। ਬੜੀ ਦੁਨਿਆਵੀ ਸਿਆਣਪ ਅਤੇ ਜਜ਼ਬਾਤੀ ਹੜ੍ਹ ਵਿਚ ਨਾ ਵਹਿ ਜਾਣ ਦਾ ਮਾਮਲਾ ਸੀ ਇਹ। ਕੀ ਇਹੋ ਜਹੀ ਸੰਕੋਚਵੀ ਤਬੀਅਤ ਤੁਹਾਨੂੰ ਉਸੇ ਤੋਂ ਮਿਲੀ ਹੈ?*

ਸੰਧੂ -ਸਾਰੀਆਂ ਮਾਵਾਂ ਦੇ ਜਿਗਰੇ ਹੀ ਸਮੁੰਦਰਾਂ ਵਰਗੇ ਹੁੰਦੇ ਹੋਣਗੇ। ਜਿਹੜੀ ਵਾਰਤਾ ਵੱਲ ਤੁਸੀਂ ਸੰਕੇਤ ਕੀਤਾ ਹੈ, ਉਸਨੂੰ ਸੋਚਦਿਆਂ ਅੱਜ ਵੀ ਮੇਰੇ ਲੂੰ-ਕੰਡੇ ਖੜੇ ਹੋ ਜਾਂਦੇ ਨੇ। ਪਿਓ ਬੀਮਾਰ, ਆਕਸੀਜਨ ਲੱਗੀ ਹੋਈ। ਅਸੀਂ ਕਿਸੇ ਟੈਸਟ ਦੀ ਰੀਪੋਰਟ ਲੈ ਕੇ ਆਏ ਤਾਂ ਪਿਓ ਦੇ ਸਿਰਹਾਣਿਓਂ ਉੱਠ ਕੇ ਬੀਬੀ ਅੱਗਲਵਾਂਢੀ ਆਕੇ ਸਾਨੂੰ ਕਹਿੰਦੀ, "ਤੁਹਾਡੇ ਪਿਓ ਕੋਲ ਮੈਂ ਬੈਠੀ ਹਾਂ, ਠੀਕ ਹੈ ਉਹ। ਤੁਸੀਂ ਰੋਟੀ ਖਾ ਆਓ।" ਰੋਟੀ ਖਾ ਕੇ ਮੁੜੇ ਤਾਂ ਪਤਾ ਲੱਗਾ ਕਿ ਪਿਤਾ ਦੀ ਮੌਤ ਤਾਂ ਪਹਿਲਾਂ ਹੀ ਹੋ ਚੁੱਕੀ ਸੀ। ਮਾਂ ਤਾਂ ਸਿਰਫ਼ ਇਹ ਚਾਹੁੰਦੀ ਸੀ ਕਿ ਰੋਣ-ਕੁਰਲਾਉਣ ਸ਼ੁਰੂ ਹੋਣ ਤੋਂ ਪਹਿਲਾਂ ਸਵੇਰ ਤੋਂ ਭੁੱਖਣ-ਭਾਣਾ ਉਹਦਾ ਪੁੱਤ ਰੋਟੀ ਖਾ ਲਵੇ।

ਮੇਰੀ ਮਾਂ ਸਚਮੁੱਚ ਬੜੀ ਦਲੇਰ ਸੀ। ਖ਼ਰੀ ਗੱਲ ਕਰਨੋਂ ਕਦੀ ਨਹੀਂ ਸੀ ਰੁਕਦੀ, ਭਾਵੇਂ ਕਿਸੇ ਦੇ ਗੋਡੇ ਲੱਗੇ ਜਾਂ ਗਿੱਟੇ। ਮੈਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਣ ਤੱਕ ਵੀ ਉਹ ਜਿਊਂਦੀ ਸੀ। ਮੇਰੀਆਂ ਪ੍ਰਾਪਤੀਆਂ 'ਤੇ ਖ਼ੁਸ਼ ਵੀ ਹੁੰਦੀ ਪਰ ਜੇ ਕਿਤੇ ਮੇਰੀ ਕੋਈ ਗੱਲ ਉਸਨੂੰ ਠੀਕ ਨਾ ਲੱਗਦੀ ਤਾਂ ਅਜੇ ਵੀ ਮੇਰੀ ਖੜਕਾਈ ਕਰ ਦਿੰਦੀ ਸੀ। ਮੇਰੀ ਮੰਗਣੀ ਤੋਂ ਬਾਅਦ ਇਕ ਹੋਰ ਬੀਬੀ ਮੇਰੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ। ਮੈਨੂੰ ਇਹ 'ਸੌਦਾ' ਤਾਂ ਆਪ ਹੀ ਪਰਵਾਨ ਨਹੀਂ ਸੀ ਪਰ ਬੀਬੀ ਅਜੇ ਤੱਕ ਮੇਰੀ ਪਤਨੀ ਨੂੰ ਮਾਣ ਨਾਲ ਕਹਿੰਦੀ ਸੀ, "ਮੈਂ ਇਹਨੂੰ ਆਖਿਆ, ਬੰਦਾ ਬਣ ਜਾ। ਇਸ ਘਰ ਆਊ ਤਾਂ ਰਜਵੰਤ ਈ। ਕੋਈ ਹੋਰ ਆ ਕੇ ਵੇਖੇ ਤਾਂ ਸਹੀ। ਨਾਲੇ ਉਹਦੇ, ਨਾਲੇ ਤੇਰੇ ਗਿੱਟੇ ਨਾ ਛਾਂਗ ਦਿੱਤੇ ਤਾਂ ਮੇਰਾ ਨਾਂ ਵੀ ਜੋਗਿੰਦਰ ਕੌਰ ਨਹੀਂ।"

ਮੁਹੱਬਤ ਨਾਲ ਏਨੀ ਲਬਾ-ਲਬ ਭਰਪੂਰ ਕਿ ਮੇਰੇ ਨਕਸਲੀ ਮਿੱਤਰਾਂ ਹਰਭਜਨ ਹਲਵਾਰਵੀ, ਅਮਰਜੀਤ ਚੰਦਨ ਤੇ ਗੋਵਿੰਦਰ (ਹੁਣ ਅਜਮੇਰ ਸਿੰਘ) ਤੇ ਹੋਰਨਾਂ ਨੂੰ ਸਕੇ ਪੁੱਤਰਾਂ ਵਰਗਾ ਪਿਆਰ ਦਿੰਦੀ। ਇਹ ਸਾਰੇ ਵੀ ਬੀਬੀ ਨੂੰ ਮਾਵਾਂ ਵਰਗਾ ਆਦਰ ਦਿੰਦੇ। ਮੇਰੀ ਪਹਿਲੀ ਬੱਚੀ ਰੂਪ ਪੰਜ-ਚਾਰ ਦਿਨਾਂ ਦੀ ਸੀ ਕਿ ਐਮਰਜੈਂਸੀ ਦੌਰਾਨ ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮੇਰੀ ਪਤਨੀ ਛਿਲੇ ਵਿਚ ਹੀ ਰੂਪ ਨੂੰ ਨਾਲ ਲੈ ਕੇ ਬੀਬੀ ਸਮੇਤ ਜੇਲ੍ਹ ਵਿਚ ਮਿਲਣ ਆਈ। ਮੈਨੂੰ ਚਿੰਤਾ ਸੀ ਕਿ ਮੇਰੀ ਤਨਖ਼ਾਹ ਬੰਦ ਹੋ ਜਾਣ ਕਰਕੇ ਘਰ ਦਾ ਗੁਜ਼ਾਰਾ ਕਿਵੇਂ ਚੱਲੇਗਾ ਤਾਂ ਬੀਬੀ ਮੈਨੂੰ ਚੜ੍ਹਦੀ ਕਲਾ ਵਿਚ ਕਰਨ ਲਈ ਛੋਟੀ ਜਿਹੀ ਰੂਪ ਦਾ ਮੂੰਹ ਚੁੰਮ ਕੇ ਬੋਲੀ, "ਲੈ ਘਰ ਦਾ ਖ਼ਰਚਾ ਤਾਂ ਮੇਰੀ ਪੋਤਰੀ ਨੂੰ ਮਿਲਣ ਵਾਲੇ ਸ਼ਗਨਾਂ ਨਾਲ ਤੁਰਿਆ ਜਾਂਦਾ।" ਮੈਂ ਅੰਦਰਲੀ ਹਕੀਕਤ ਤਾਂ ਸਮਝਦਾ ਸਾਂ ਪਰ ਇਹ ਮੇਰੀ ਬੀਬੀ ਦੇ ਸੁਭਾ ਦਾ ਗੁਣ ਸੀ ਕਿ ਉਹ ਨਾ ਅਪਣਾ ਤੇ ਨਾ ਕਿਸੇ ਨੇੜਲੇ ਦਾ ਹੌਸਲਾ ਡਿੱਗਣ ਦਿੰਦੀ। ਹਰੇਕ ਪ੍ਰਤੀਕੂਲ ਹਾਲਾਤ ਨਾਲ ਨਜਿੱਠਣ ਲਈ ਅਪਣੇ ਆਪ ਨੂੰ ਤਿਆਰ ਕਰ ਲੈਣ ਦਾ ਮੇਰਾ ਸੁਭਾ ਵੀ ਸ਼ਾਇਦ ਬੀਬੀ ਦੇ ਸੁਭਾ ਦਾ ਹੀ ਮੇਰੇ ਉੱਤੇ ਪਿਆ ਪ੍ਰਛਾਵਾਂ ਹੋਵੇ। ਸੱਚ ਕਹਿਣ ਦੀ ਦਲੇਰੀ ਤੇ ਬੇਬਾਕੀ ਜਿਹੇ ਗੁਣ-ਲੱਛਣ ਸ਼ਾਇਦ ਮੇਰੇ ਕੋਲ ਬੀਬੀ ਵੱਲੋਂ ਹੀ ਆਏ ਹੋਣ।

ਬੀਬੀ ਦੇ ਬੀਮਾਰ ਹੋਣ ਤੇ ਹਸਪਤਾਲ ਦਾਖ਼ਲ ਹੋਣ ਦਾ ਸੁਨੇਹਾਂ ਮਿਲਿਆ ਤਾਂ ਮੈਂ ਤੁਰੰਤ ਪਿੰਡ ਵੱਲ ਭੱਜਾ। ਜਾਂਦਿਆਂ ਮਨ ਵਿਚ ਖ਼ਿਆਲ ਆਇਆ ਕਿ ਅਪਣਾ ਨਵਾਂ ਛਪਿਆ ਸਫ਼ਰਨਾਮਾ 'ਵਗਦੀ ਏ ਰਾਵੀ', ਜਿਹੜਾ ਬੀਬੀ ਨੂੰ ਸਮਰਪਤ ਕੀਤਾ ਹੈ, ਨਾਲ ਲੈਂਦਾ ਜਾਵਾਂ ਤੇ ਉਸਨੂੰ ਅਪਣੀ ਉਸ ਪ੍ਰਤੀ ਅਕੀਦਤ ਵਿਖਾ ਕੇ ਲਾਡ ਲਡਾਵਾਂ ਤੇ ਬੀਮਾਰੀ ਵਿਚ ਹੌਸਲਾ ਦਿਆਂ। ਪਤਨੀ ਰਜਵੰਤ ਕਿਤਾਬ ਲੈਣ ਅੰਦਰ ਵੀ ਗਈ ਪਰ ਕਾਹਲੀ ਕਰਕੇ ਮੈਂ ਕਿਹਾ, "ਚੱਲ ਕੱਲ੍ਹ ਲੈ ਜਾਵਾਂਗੇ।" ਪਰ ਕੱਲ੍ਹ ਨਾ ਆਇਆ। ਬੀਬੀ ਓਸੇ ਸ਼ਾਮ ਚੱਲ ਵੱਸੀ। ਉਹ ਕਿਤਾਬ ਅੱਜ ਵੀ ਵਿੰਹਦਾਂ ਤਾਂ ਬੀਬੀ ਚੇਤੇ ਆ ਜਾਂਦੀ ਹੈ।

*ਹੁਣ- ਪਿਉ ਦਿਲ ਦਾ ਦੁੱਧ ਤਾਂ ਸੀ ਪਰ ਨਸ਼ੇ ਕਰਨ ਲੱਗ ਪਿਆ ਸੀ। ਕੀ ਕਾਰਨ ਸਨ ਉਹਦੇ ਇਸ ਪਾਸੇ ਤੁਰ ਜਾਣ ਦੇ?*

ਸੰਧੂ -ਮੇਰੇ ਵਡੇਰਿਆਂ ਦਾ ਪਿੰਡ ਭਡਾਣਾ ਸੀ; ਜ਼ਿਲ੍ਹਾ ਲਾਹੌਰ ਵਿਚ। ਹੁਣ ਵਾਲੇ ਪਿੰਡ ਸੁਰ ਸਿੰਘ ਤੋਂ ਪੰਜ-ਛੇ ਕੋਹ ਦੀ ਵਾਟ 'ਤੇ। ਸੁਰ ਸਿੰਘ ਪਿਤਾ ਦੇ ਨਾਨਕੇ ਸਨ। ਪਿਤਾ ਦੇ ਜਨਮ ਲੈਂਦੇ ਸਾਰ ਹੀ ਮੇਰੀ ਦਾਦੀ ਧੰਨ ਕੌਰ ਗੁਜ਼ਰ ਗਈ। ਪਤਨੀ ਦੀ ਮੌਤ ਹੋ ਜਾਣ 'ਤੇ ਛੋਟੇ ਬੱਚਿਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਸਿਰ ਉੱਤੇ ਆ ਪੈਣ ਕਰ ਕੇ ਮੇਰਾ ਦਾਦਾ ਚੰਦਾ ਸਿੰਘ ਡਾਢਾ ਪਰੇਸ਼ਾਨ ਸੀ। ਪਰ ਇਸ ਪਰੇਸ਼ਾਨੀ ਨੂੰ ਉਸਦੇ ਛੋਟੇ ਸਾਲੇ ਹਕੀਕਤ ਸਿੰਘ ਅਤੇ ਉਸਦੀ ਪਤਨੀ ਹਰਨਾਮ ਕੌਰ ਨੇ ਛੇਤੀ ਹੀ ਦੂਰ ਕਰ ਦਿੱਤਾ। ਹਰਨਾਮ ਕੌਰ ਨੇ ਅਪਣੀ ਨਣਾਨ, ਮੇਰੀ ਦਾਦੀ ਧੰਨ ਕੌਰ ਦੇ ਸਸਕਾਰ ਪਿੱਛੋਂ ਹੀ ਉਸਦਾ ਬੱਚਾ, ਮੇਰਾ ਹੋਣ ਵਾਲਾ ਪਿਤਾ, ਅਪਣੀ ਗੋਦ ਵਿੱਚ ਲੈ ਲਿਆ ਅਤੇ ਸਭ ਦੇ ਸਾਹਮਣੇ ਐਲਾਨ ਕਰ ਦਿੱਤਾ, "ਵੀਰਾ ਚੰਦਾ ਸਿਆਂ! ਅੱਜ ਤੋਂ ਗੇਜੋ ਅਤੇ ਦੀਦਾਰ ਸਿੰਘ ਸਾਡੇ ਹੋਏ...।"

ਹਰਨਾਮ ਕੌਰ ਦਾ ਪਿੰਡ ਪਠਾਣ-ਕੇ ਭਡਾਣੇ ਦੇ ਨੇੜੇ ਹੀ ਸੀ। ਇਹ ਪਿੰਡ ਵੀ ਭਡਾਣੇ ਵਾਂਗ 'ਸੰਧੂਆਂ ਦਾ ਪਿੰਡ' ਹੀ ਸੀ। ਗੋਤ ਵੱਲੋਂ ਸੰਧੂ ਹੋਣ

ਕਰਕੇ ਉਹ ਚੰਦਾ ਸਿੰਘ ਨੂੰ ਭਰਾ ਹੀ ਸਮਝਦੀ ਤੇ ਆਖਦੀ ਸੀ। ਹਕੀਕਤ ਸਿੰਘ ਅਤੇ ਹਰਨਾਮ ਕੌਰ ਦਾ ਅਪਣਾ ਕੋਈ ਬੱਚਾ ਨਹੀਂ ਸੀ। ਦੋਵੇਂ ਜੀਅ, ਦੋਹਾਂ ਬੱਚਿਆਂ ਗੁਰਮੇਜ ਕੌਰ (ਮੇਰੀ ਭੂਆ) ਅਤੇ ਦੀਦਾਰ ਸਿੰਘ (ਮੇਰੇ ਪਿਤਾ) ਨੂੰ ਸੁਰ ਸਿੰਘ ਅਪਣੇ ਨਾਲ ਲੈ ਆਏ। ਹਰਨਾਮ ਕੌਰ ਨੇ ਮੇਰੇ ਪਿਤਾ ਨੂੰ ਅਪਣਾ ਪੁੱਤਰ ਸਮਝ ਕੇ ਬੜੀ ਰੀਝ ਅਤੇ ਮੁਹੱਬਤ ਨਾਲ ਪਾਲਿਆ। ਮੋਹ-ਵੱਸ ਉਹਦੇ ਦੁੱਧ ਉੱਤਰ ਆਇਆ ਸੀ ਅਤੇ ਮੇਰਾ ਪਿਤਾ ਉਸਦਾ ਦੁੱਧ ਪੀ ਕੇ ਹੀ ਵੱਡਾ ਹੋਇਆ। ਉਹੋ ਹੀ ਅਸਲ ਵਿੱਚ ਉਸਦੀ ਮਾਂ ਸੀ। ਸਾਡੇ ਭੈਣ-ਭਰਾਵਾਂ ਦੀ ਵੀ ਅਸਲ ਦਾਦੀ ਉਹੋ ਹੀ ਸੀ।

ਮੇਰਾ ਪਿਓ ਸੁਰ ਸਿੰਘ ਦੇ ਮਿਡਲ ਸਕੂਲ ਵਿੱਚ ਸੱਤ ਜਮਾਤਾਂ ਪੜ੍ਹ ਗਿਆ। ਗੱਭਰੂ ਹੋਇਆ ਤਾਂ ਮੇਰੇ ਦਾਦੇ ਚੰਦਾ ਸਿੰਘ ਨੇ ਉਸਨੂੰ ਉਸਦੇ ਮਾਮੇ-ਮਾਮੀ ਕੋਲੋਂ ਵਾਪਸ ਮੰਗ ਲਿਆ। ਉਸਨੇ ਸੁਰ ਸਿੰਘ ਜਾ ਕੇ ਹਕੀਕਤ ਸਿੰਘ ਤੇ ਹਰਨਾਮ ਕੌਰ ਤੋਂ ਮੰਗ ਕੀਤੀ ਕਿ ਉਹ ਬੱਚਿਆਂ ਨੂੰ ਅਪਣੇ ਨਾਲ ਲਿਜਾਣਾ ਤੇ ਉਹਨਾਂ ਦਾ ਅਪਣੇ ਹੱਥੀਂ ਵਿਆਹ ਕਰਨਾ ਚਾਹੁੰਦਾ ਹੈ। ਹਕੀਕਤ ਸਿੰਘ ਤੇ ਹਰਨਾਮ ਕੌਰ ਨੇ ਕਿਹਾ ਕਿ ਜੇ ਉਹਨਾਂ ਨੇ ਉਸਦੇ ਬੱਚੇ ਅਪਣਾਏ ਸਨ ਤਾਂ ਵਿਆਹ ਵੀ ਉਹ ਆਪ ਹੀ ਕਰਨਗੇ। ਪਰ ਚੰਦਾ ਸਿੰਘ ਦੀ ਇੱਛਾ ਸੀ ਕਿ ਉਹ ਅਪਣਾ ਮੁੰਡਾ ਆਪ ਵਿਆਹੇਗਾ। ਘਰ ਵਿੱਚ ਨੂੰਹ ਆਏਗੀ, ਬੱਚੇ ਹੋਣਗੇ। ਉਹਦਾ ਉੱਜੜਿਆ ਘਰ ਵੱਸ ਜਾਊ। ਪਰ ਏਧਰ ਜਿਨ੍ਹਾਂ ਨੇ ਦੋਹਾਂ ਹੀ ਬੱਚਿਆਂ ਨੂੰ ਕਲੇਜੇ ਦਾ ਟੁਕੜਾ ਸਮਝ ਕੇ ਪਾਲਿਆ ਅਤੇ ਵੱਡਾ ਕੀਤਾ ਸੀ, ਉਹ ਉਹਨਾਂ ਦਾ ਅਪਣੇ ਕਲੇਜੇ ਨਾਲੋਂ ਟੁੱਟਣਾ ਕਿਵੇਂ ਬਰਦਾਸ਼ਤ ਕਰ ਸਕਦੇ ਸਨ! ਪਰ ਉਹ ਬੱਚੇ ਤਾਂ ਚੰਦਾ ਸਿੰਘ ਦੇ ਹੀ ਸਨ ਨਾ। ਉਹਨਾਂ ਦਾ ਜ਼ੋਰ ਨਾ ਚੱਲਿਆ। ਬਾਪੂ ਚੰਦਾ ਸਿੰਘ ਮੇਰੀ ਭੂਆ ਨੂੰ ਅਤੇ ਮੇਰੇ ਪਿਓ ਨੂੰ ਲੈ ਕੇ ਭਡਾਣੇ ਚਲਾ ਗਿਆ। ਪਹਿਲਾਂ ਭੂਆ ਦਾ ਵਿਆਹ ਹੋਇਆ। ਫ਼ਿਰ ਮੇਰੇ ਬਾਪ ਦਾ।

ਮੇਰੀ ਉਮਰ ਅਜੇ ਡੇਢ ਪੌਣੇ ਦੋ ਸਾਲ ਦੀ ਹੀ ਸੀ ਕਿ ਪਾਕਿਸਤਾਨ ਬਣ ਗਿਆ। ਤੇ ਅਸੀਂ ਸੁਰ ਸਿੰਘ ਆ ਟਿਕੇ। ਹਕੀਕਤ ਸਿੰਘ ਅਤੇ ਹਰਨਾਮ ਕੌਰ ਨੇ ਅਪਣੇ ਦਿਲ ਵਾਂਗ ਹੀ ਘਰ ਦੇ ਬੂਹੇ ਖੋਲ੍ਹ ਦਿੱਤੇ। ਪਾਕਿਸਤਾਨ ਵਿੱਚ ਰਹਿ ਗਈ ਸਾਡੀ ਜ਼ਮੀਨ ਦੇ ਬਦਲੇ ਕੱਚੀ ਅਲਾਟਮੈਂਟ ਮੁਕੇਰੀਆਂ ਨਜ਼ਦੀਕ ਇੱਕ ਛੋਟੇ ਜਿਹੇ ਪਿੰਡ ਤੰਗਰਾਲੀਆਂ ਵਿੱਚ ਹੋਈ। ਬਾਕੀ ਭਾਈਚਾਰੇ ਨਾਲ ਸਾਡਾ ਪਰਿਵਾਰ ਵੀ ਤੰਗਰਾਲੀਆਂ ਜਾ ਵੱਸਿਆ। ਸਾਰਾ ਮਾਲ ਡੰਗਰ ਤਾਂ ਪਿੱਛੇ ਛੱਡ ਆਏ ਸਾਂ। ਹਰਨਾਮ ਕੌਰ ਤੇ ਹਕੀਕਤ ਸਿੰਘ ਮਿਲਣ ਆਏ ਤਾਂ ਸੱਜਰ-ਸੂਈ ਮੱਝ ਮੁੱਲ ਲੈ ਕੇ ਦੇ ਗਏ ਤਾਂ ਕਿ ਬੱਚਿਆਂ ਦੇ ਮੂੰਹ 'ਚ ਦੁੱਧ ਦੀ ਤਿੱਪ ਜਾ ਸਕੇ। ਮੈਨੂੰ ਅਪਣੀ ਪਹਿਲੀ ਸੰਭਾਲ ਇਸੇ ਪਿੰਡ ਤੰਗਰਾਲੀਆਂ ਦੀ ਹੀ ਹੈ। ਇੱਥੇ ਮੇਰੀ ਇੱਕ ਭੈਣ ਸੁਰਜੀਤੋ ਨੇ ਜਨਮ ਲਿਆ। ਹਕੀਕਤ ਸਿੰਘ ਅਤੇ ਹਰਨਾਮ ਕੌਰ ਕੁੱਝ ਚਿਰ ਬਾਅਦ ਫੇਰ ਆਏ। ਉਹਨਾਂ ਨੇ ਮੇਰੇ ਬਾਪੂ ਚੰਦਾ ਸਿੰਘ ਨੂੰ ਸਮਝਾਇਆ। ਹਰਨਾਮ ਕੌਰ ਨੇ ਆਖਿਆ, "ਵੀਰਾ! ਇਹ ਤੇਰੇ ਹੀ ਨਿਆਣੇ ਸਹੀ, ਪਰ ਸਾਡੇ ਵੀ ਕੁੱਝ ਲੱਗਦੇ ਨੇ। ਇਹਨਾਂ ਨੂੰ ਇਸ ਹਾਲ ਵਿੱਚ ਵੇਖ ਕੇ ਸਾਡੇ ਤੋਂ ਨਹੀਂ ਜਰਿਆ ਜਾਂਦਾ। ਤੂੰ ਦੀਦਾਰ ਨੂੰ ਸਾਡੇ ਕੋਲ ਘੱਲ ਦੇਹ। ਜਦੋਂ ਤੈਨੂੰ ਕਿਤੇ ਪੱਕੀ ਜ਼ਮੀਨ ਮਿਲ ਗਈ। ਬੇਸ਼ੱਕ ਲੈ ਜਾਈਂ।"

ਇੰਜ ਅਸੀਂ ਸੁਰ ਸਿੰਘ ਪਰਤ ਆਏ। ਪਿੱਛੋਂ ਕੱਚੀ ਜ਼ਮੀਨ ਵੀ ਖੁੱਸ ਗਈ ਅਤੇ ਬਾਪੂ ਚੰਦਾ ਸਿੰਘ ਵੀ ਸੁਰ ਸਿੰਘ ਹੀ ਆ ਗਿਆ। ਉਹ ਇੱਥੋਂ ਹੀ ਅਪਣੇ ਕਲੇਮ ਅਤੇ ਜ਼ਮੀਨ ਦੀ ਪ੍ਰਾਪਤੀ ਲਈ ਜਲੰਧਰ ਫੇਰੇ ਤੇ ਫੇਰੇ ਮਾਰਦਾ। ਜਲੰਧਰ ਉਹ ਸਦਾ ਤੁਰ ਕੇ ਹੀ ਜਾਂਦਾ। ਉਹ ਰਾਤ ਦੇ ਤੀਜੇ ਪਹਿਰ ਪਰਾਉਂਠੇ ਤੇ ਅੰਬ ਦਾ ਆਚਾਰ ਪਰਨੇ ਦੇ ਲੜ ਬੰਨ੍ਹ ਕੇ ਜਲੰਧਰ ਨੂੰ ਪੈਦਲ ਯਾਤਰਾ ਤੇ ਨਿਕਲ ਜਾਂਦਾ ਅਤੇ ਤੀਜੇ ਚੌਥੇ ਦਿਨ ਖੱਜਲ-ਖ਼ਰਾਬ ਹੋਣ ਤੋਂ ਬਾਅਦ ਘਰ ਪਰਤਦਾ। ਆਖ਼ਰ ਲੰਮੇਂ ਯਤਨਾਂ ਪਿੱਛੋਂ ਸਾਨੂੰ ਅਪਣੇ ਹੋਰ ਬਹੁਤ ਸਾਰੇ ਪਿੰਡ ਵਾਸੀਆਂ ਵਾਂਗ ਅਬਹੋਰ ਦੇ ਨਜ਼ਦੀਕ 'ਚਰਾਗ ਢਾਣੀ' ਨਾਂ ਦੇ ਪਿੰਡ ਵਿੱਚ ਜ਼ਮੀਨ ਅਲਾਟ ਹੋਈ। ਜ਼ਮੀਨ ਦਾ ਕਬਜ਼ਾ ਲੈਣ ਲਈ ਬਾਪੂ ਚੰਦਾ ਸਿੰਘ ਓਥੇ ਪਹੁੰਚ ਗਿਆ। ਓਥੇ ਹੀ ਉਸਦੇ ਭਤੀਜਿਆਂ ਨੂੰ ਜ਼ਮੀਨ ਮਿਲੀ ਹੋਈ ਸੀ। ਪਰ ਅਸੀਂ ਬਾਕੀ ਪਰਿਵਾਰ ਸੁਰ ਸਿੰਘ ਹੀ ਟਿਕੇ ਰਹੇ।

ਜਦੋਂ ਮੈਂ ਅਠਵੀਂ ਵਿੱਚ ਪੜ੍ਹਦਾ ਸਾਂ ਤਾਂ ਅਸੀਂ ਅਪਣੀ ਜ਼ਮੀਨ 'ਤੇ ਜਾਣ ਦਾ ਫ਼ੈਸਲਾ ਕਰ ਲਿਆ। ਸਮਾਨ ਲੱਦ ਕੇ ਲੈ ਜਾਣ ਲਈ ਮੇਰਾ ਪਿਤਾ ਟਰੱਕ ਵੀ ਕਿਰਾਏ 'ਤੇ ਕਰ ਲਿਆਇਆ। ਹਕੀਕਤ ਸਿੰਘ ਅਤੇ ਹਰਨਾਮ ਕੌਰ ਨੂੰ ਜਦੋਂ ਇਸਦਾ ਪਤਾ ਲੱਗਾ ਤਾਂ ਉਹਨਾਂ ਨੇ ਮੇਰੇ ਪਿਤਾ ਦੀ ਨੇੜਲੀ ਜਾਣ-ਪਛਾਣ ਅਤੇ ਰਸੂਖ਼ ਵਾਲੇ ਬੰਦਿਆਂ ਕੋਲ ਸਾਨੂੰ ਅਬੋਹਰ ਜਾਣੋਂ ਰੋਕਣ ਦਾ ਤਰਲਾ ਲਿਆ।

ਵਿਚਲੀ ਗੱਲ ਇਹ ਸੀ ਕਿ ਸੁਰ ਸਿੰਘ ਵਿਚਲੀ ਸਾਰੀ ਜ਼ਮੀਨ-ਜਾਇਦਾਦ ਤਾਂ ਹਕੀਕਤ ਸਿੰਘ ਦੇ ਨਾਂ ਸੀ ਅਤੇ ਉਸਤੋਂ ਬਾਅਦ ਉਸ ਉੱਤੇ ਉਸਦੇ ਭਤੀਜਿਆਂ ਦਾ ਹੱਕ ਹੋ ਜਾਣਾ ਸੀ। ਮੇਰਾ ਪਿਤਾ ਕਹਿੰਦਾ ਸੀ ਕਿ ਜੇ ਉਹ ਏਥੇ ਹੀ ਬੈਠਾ ਰਿਹਾ ਤਾਂ ਕੱਲ੍ਹ ਨੂੰ ਅਪਣੇ ਪਰਿਵਾਰ ਨੂੰ ਰੋਟੀ ਕਿਥੋਂ ਖੁਆਵੇਗਾ! ਉਂਜ ਵੀ ਜ਼ਮੀਨ ਦੀ ਸਾਰੀ ਖੱਟੀ ਹਕੀਕਤ ਸਿੰਘ ਦੀ ਜੇਬ ਵਿੱਚ ਜਾਂਦੀ ਸੀ ਅਤੇ ਘਰ-ਪਰਿਵਾਰ ਦੇ ਸਾਰੇ ਖ਼ਰਚਿਆਂ ਲਈ ਹਰ ਵੇਲੇ ਉਸਦੇ ਮੂੰਹ ਵੱਲ ਵੇਖਣਾ ਪੈਂਦਾ ਸੀ। ਮੇਰੇ ਪਿਤਾ ਨੂੰ ਇਸ ਘਰ ਵਿੱਚ ਕਿਸੇ ਪਰਕਾਰ ਦੇ ਹੱਕ ਅਤੇ ਮਾਣ ਦੀ ਘਾਟ ਦੁਖੀ ਕਰਦੀ ਸੀ। ਉਹ ਲੱਖ ਕੋਸ਼ਿਸ਼ ਕਰਨ 'ਤੇ ਵੀ ਅਪਣੇ ਪਿਓ ਵਰਗਾ ਮਾਣ ਅਪਣੇ ਪਿਓ ਵਰਗੇ ਮਾਮੇ 'ਤੇ ਨਹੀਂ ਸੀ ਕਰ ਸਕਦਾ। ਬਹੁਤੀ ਵਾਰ ਤਾਂ ਉਹ ਮਾਂ ਹਰਨਾਮ ਕੌਰ ਕੋਲ ਹੀ ਅਪਣੀ ਮੰਗ ਰੱਖਦਾ ਤੇ ਉਹੋ ਹੀ ਅੱਗੇ ਅਪਣੀ ਸਿਫ਼ਾਰਸ਼ ਸਮੇਤ ਹਕੀਕਤ ਸਿੰਘ ਤੱਕ ਉਸਦਾ ਸੁਨੇਹਾ ਪਹੁੰਚਾਉਂਦੀ। ਦੂਜੇ ਪਾਸੇ ਹਕੀਕਤ ਸਿੰਘ ਦੇ ਅੰਦਰ ਵੀ ਸ਼ਾਇਦ ਇਹ ਕੰਡਾ ਰੜਕਦਾ ਹੀ ਰਹਿੰਦਾ ਸੀ ਕਿ ਉਸਦਾ ਅਸਲੀ ਪੁੱਤ ਹੁੰਦਾ ਤਾਂ ਉਸਨੂੰ ਖ਼ਬਰੇ ਕਿਵੇਂ ਦਾ ਮੋਹ-ਪਿਆਰ ਅਤੇ ਆਦਰ-ਮਾਣ ਦਿੰਦਾ! ਮਾਮਾ-ਭਣੇਵਾਂ ਦੋਵੇ ਇੱਕ ਦੂਜੇ ਨੂੰ ਅਪਣੀ ਵੱਲੋਂ ਬਣਦਾ ਮੋਹ-ਪਿਆਰ ਦੇਣ ਦੇ ਬਾਵਜੂਦ ਅੰਦਰੋਂ ਅੰਦਰੀ ਕਿਤੇ ਖਾਲੀਪਨ ਮਹਿਸੂਸ ਕਰਦੇ ਸਨ। ਇਸੇ ਕਰਕੇ ਕਦੀ ਕਦੀ ਮਾਮੇ-ਭਣੇਵੇਂ ਵਿੱਚ ਮਨ-ਮੁਟਾਵ ਵੀ ਹੋ ਜਾਂਦਾ ਸੀ। ਅੱਜ ਮੈਨੂੰ ਲੱਗਦਾ ਹੈ ਕਿ ਮਾਮਾ-ਭਣੇਵਾਂ ਦੋਵੇਂ ਹੀ ਸ਼ਾਇਦ ਅਪਣੀ ਅਪਣੀ ਥਾਂ ਸੱਚੇ ਸਨ। ਦੋਵਾਂ ਨੂੰ ਕਿਤੇ ਕਿਤੇ 'ਪਿਓ-ਪੁੱਤ' ਦਾ ਇਹ ਰਿਸ਼ਤਾ 'ਅੰਬ' ਦੀ ਥਾਂ 'ਅੰਬਾਕੜੀ' ਵਾਂਗ ਲੱਗਣ ਦਾ ਅਹਿਸਾਸ ਸਤਾਉਣ ਲੱਗ ਜਾਂਦਾ ਸੀ।

ਸਚਾਈ ਉੱਤੇ ਜਿੰਨਾਂ ਮਰਜ਼ੀ ਆਦਰਸ਼ ਦਾ ਪੋਚਾ ਮਾਰਦੇ ਫਿਰੀਏ 'ਆਪਣਿਆਂ ਅਤੇ ਅਪਣੇ-ਪਨ ਦੀ ਘਾਟ' ਰੜਕਦੀ ਹੀ ਰਹਿੰਦੀ ਹੈ। ਰਿਸ਼ਤਿਆਂ ਦੀ ਇਸ ਗੁੰਝਲ ਵਿੱਚ ਫਸਿਆ ਮੇਰਾ ਪਿਤਾ ਅਪਣੇ ਆਪ ਨੂੰ ਹਕੀਕਤ ਸਿੰਘ ਦੀ ਦਇਆ 'ਤੇ ਨਿਰਭਰ ਸਮਝਦਾ ਸੀ। ਇਹ 'ਦਇਆ' ਉਸਦੇ ਸਵੈਮਾਣ ਨੂੰ ਜ਼ਖ਼ਮੀ ਕਰਦੀ ਰਹਿੰਦੀ ਸੀ। ਉਸਨੂੰ ਹਰ ਨਿੱਕੇ ਮੋਟੇ ਪਰਿਵਾਰਕ ਖ਼ਰਚੇ ਲਈ ਅਪਣੇ ਮਾਮੇ ਅੱਗੇ ਹੱਥ ਅੱਡਣੇ ਗਵਾਰਾ ਨਹੀਂ ਸਨ। ਉਹ ਹੁਣ ਕੋਈ ਛੋਟਾ ਬੱਚਾ ਨਹੀਂ ਸੀ ਰਹਿ ਗਿਆ! ਦੂਜੇ ਪਾਸੇ ਹਕੀਕਤ ਸਿੰਘ ਦਾ ਵਿਚਾਰ ਸੀ ਕਿ ਸਾਨੂੰ ਏਥੇ ਕਿਸ ਚੀਜ਼ ਦਾ ਘਾਟਾ ਸੀ! ਉਸਨੇ ਕਿਹੜਾ ਸਾਡੇ ਕੋਲੋਂ ਕੁੱਝ ਲੁਕਾਇਆ ਸੀ! ਉਹ ਜਟਕੀ ਜਿਹੀ ਦਲੀਲ ਦਿੰਦਾ ਕਿ ਜਦੋਂ ਮੈਂ ਤੈਨੂੰ ਅਪਣਾ ਪੁੱਤ ਬਣਾ ਕੇ ਪਾਲਿਆ ਹੈ ਅਤੇ ਕੋਲ ਰੱਖਿਆ ਹੈ ਤਾਂ ਮੇਰੀ ਜਾਇਦਾਦ ਦਾ ਵਾਰਿਸ ਕੋਈ ਹੋਰ ਕਿਵੇਂ ਬਣ ਜਾਵੇਗਾ! ਉਸਨੇ ਬਾਕਾਇਦਾ ਕਾਨੂੰਨੀ ਤੌਰ 'ਤੇ ਮੇਰੇ ਪਿਤਾ ਨੂੰ ਅਪਣਾ ਮੁਤਬੰਨਾ ਨਹੀਂ ਸੀ ਬਣਾਇਆ

ਹੋਇਆ। ਮੇਰਾ ਪਿਤਾ ਕਾਨੂੰਨੀ ਮੁਤਬੰਨਾ ਬਣਾਏ ਜਾਣ ਦੀ ਗੱਲ ਉਸਨੂੰ ਆਖਦਾ ਨਹੀਂ ਸੀ ਕਿਉਂਕਿ ਉਹ ਨਹੀਂ ਸੀ ਚਾਹੁੰਦਾ ਕਿ ਉਸਦੇ ਮਾਮਾ-ਮਾਮੀ ਉਸ ਬਾਰੇ ਇਹ ਸੋਚਣ ਕਿ ਉਹ ਉਹਨਾਂ ਦੀ ਜਾਇਦਾਦ ਉੱਤੇ ਲਾਲਚੀ ਨਜ਼ਰ ਰੱਖੀ ਬੈਠਾ ਹੈ। ਸ਼ਾਇਦ ਅੰਦਰਲੀ ਗੱਲ ਇਹ ਸੀ ਕਿ ਹਕੀਕਤ ਸਿੰਘ ਜ਼ਮੀਨ ਅਪਣੇ ਹੱਥ ਵਿੱਚ ਇਸ ਲਈ ਵੀ ਰੱਖੀ ਰੱਖਣਾ ਚਾਹੁੰਦਾ ਹੋਵੇ ਕਿ ਜੇ ਸਾਰੀ ਜ਼ਮੀਨ ਸਾਡੇ ਨਾਂ ਲਵਾ ਦਿੱਤੀ ਤਾਂ ਕੀ ਪਤਾ ਲੋੜ ਪੈਣ 'ਤੇ ਅਸੀਂ ਉਹਨਾਂ ਦੀ ਦੇਖ-ਭਾਲ ਕਰੀਏ ਵੀ ਜਾਂ ਨਾ ਕਰੀਏ! ਉਸਦੀ ਇਹ ਸ਼ੰਕਾ ਵੀ ਦੁਨਿਆਵੀ ਵਿਹਾਰ ਦੇ ਪੱਖੋਂ ਨਿਰਮੂਲ ਨਹੀਂ ਸੀ ਆਖੀ ਜਾ ਸਕਦੀ। ਪਰ 'ਉਸਦੇ ਪਿੱਛੋਂ ਵੀ ਜ਼ਮੀਨ ਜਾਇਦਾਦ ਸਾਡੀ ਹੋਵੇਗੀ' ਇਹ ਗੱਲ ਏਨੀ ਸਿੱਧੀ ਤਾਂ ਨਹੀਂ ਸੀ। ਸਾਡੇ ਵੱਲੋਂ ਪਿੰਡ ਛੱਡ ਕੇ ਚਲੇ ਜਾਣ ਦੀ ਖ਼ਬਰ ਸੁਣ ਕੇ ਅਤੇ ਮਾਤਾ ਹਰਨਾਮ ਕੌਰ ਦੇ ਤਰਲਿਆਂ ਕਰਕੇ ਪਰਿਵਾਰ ਦੇ ਸਨੇਹੀਆਂ ਦਾ ਸਾਡੇ ਘਰ ਆਉਣ-ਜਾਣ ਅਤੇ ਬਾਪੂ ਹਕੀਕਤ ਸਿੰਘ ਨੂੰ ਸਮਝਾਉਣ ਦਾ ਸਿਲਸਿਲਾ ਦੋ ਕੁ ਦਿਨ ਚੱਲਿਆ ਅਤੇ ਆਖ਼ਰਕਾਰ ਅੰਗਾਂ-ਸਾਕਾਂ ਤੇ ਹਰਨਾਮ ਕੌਰ ਦੇ ਕਹਿਣ 'ਤੇ ਉਸਨੇ 'ਹਾਲ ਦੀ ਘੜੀ' ਅਪਣੀ ਜ਼ਮੀਨ ਵਿਚੋਂ ਅੱਠ ਕੁ ਕਿੱਲੇ ਜ਼ਮੀਨ ਮੇਰੇ ਪਿਤਾ ਦੇ ਨਾਂ ਲਗਵਾ ਦਿੱਤੀ।


ਬਾਪੂ ਹਕੀਕਤ ਸਿੰਘ ਤੇ ਭੂਆ ਜੀ

ਪਿਤਾ ਨੇ ਅਬੋਹਰ ਜਾਣ ਦਾ ਇਰਾਦਾ ਤਰਕ ਕਰ ਦਿੱਤਾ। ਉਂਜ ਵੀ ਉਹ ਬਚਪਨ ਤੋਂ ਹੀ ਸੁਰ ਸਿੰਘ ਪਿੰਡ ਵਿੱਚ ਪਲਿਆ, ਪੜ੍ਹਿਆ ਅਤੇ ਹੁਣ ਕਈ ਸਾਲਾਂ ਤੋਂ ਏਥੇ ਹੀ ਵੱਸਦਾ ਰਿਹਾ ਹੋਣ ਕਰਕੇ ਇਸ ਪਿੰਡ ਨਾਲ ਉਸਦੀਆਂ ਗੂੜ੍ਹੀਆਂ ਸਾਂਝਾਂ ਬਣੀਆਂ ਹੋਈਆਂ ਸਨ। ਇਸ ਲਈ ਇਸ ਪਿੰਡ ਨੂੰ ਛੱਡ ਕੇ ਤੁਰ ਜਾਣ ਦਾ ਉਸਦਾ ਅਪਣਾ ਮਨ ਵੀ ਨਹੀਂ ਸੀ। ਰਹਿੰਦਾ ਤਾਂ ਸਾਡਾ ਪਰਿਵਾਰ ਪਹਿਲਾਂ ਵੀ ਇਕੱਠਾ ਸੀ ਤੇ ਹੁਣ ਵੀ ਮੇਰਾ ਪਿਤਾ ਹੀ 'ਅਪਣੀ' ਅਤੇ ਹਕੀਕਤ ਸਿੰਘ ਦੀ ਜ਼ਮੀਨ ਦੀ ਸਾਂਭ-ਸੰਭਾਲ ਕਰਦਾ ਸੀ।

ਪਰ ਘਰ ਦੀ ਹਾਲਤ ਸੁਧਰਨ ਦੀ ਥਾਂ ਵਿਗੜਨ ਲੱਗੀ ਸੀ। ਕੁੱਝ ਸਾਲ ਪਹਿਲਾਂ ਮੇਰੀ ਭੂਆ ਦੀਆਂ ਦੋ ਧੀਆਂ ਦੇ ਇੱਕੋ ਸਮੇਂ ਕੀਤੇ ਵਿਆਹਾਂ 'ਤੇ ਉਸਦੇ ਇਕਲੌਤੇ ਭਰਾ, ਮੇਰੇ ਪਿਓ ਵੱਲੋਂ, 'ਬਣ-ਠਣ' ਕੇ ਜਾਣ ਦੇ ਸਭਿਆਚਾਰਕ ਮੁੱਲ ਨੇ ਸਾਡੀ ਕੁੱਝ ਜ਼ਮੀਨ ਗਹਿਣੇ ਪੁਆ ਦਿੱਤੀ ਸੀ। ਪਰਿਵਾਰ ਨੇ ਸੋਚਿਆ ਕਿ ਅਬੋਹਰ ਵਾਲੀ ਜ਼ਮੀਨ ਵੇਚ ਕੇ ਗਹਿਣੇ ਪਈ ਜ਼ਮੀਨ ਛੁਡਵਾ ਲਈ ਜਾਵੇ ਅਤੇ ਕੁੱਝ ਹੋਰ ਜ਼ਮੀਨ ਹੱਥ ਹੇਠਾਂ ਕਰ ਲਈ ਜਾਵੇ। ਬਾਪੂ ਚੰਦਾ ਸਿੰਘ ਉਂਜ ਵੀ ਬੁੱਢਾ ਹੋ ਰਿਹਾ ਸੀ। ਉਸਨੂੰ ਵੀ ਪਿਛਲੀ ਉਮਰੇ ਹੁਣ ਆਰਾਮ ਦੀ ਜ਼ਰੂਰਤ ਸੀ। ਅਬੋਹਰ ਵਾਲੀ ਜ਼ਮੀਨ ਵੇਚ ਕੇ ਉਹ ਸਾਡੇ ਕੋਲ ਸੁਰ ਸਿੰਘ ਆ ਗਿਆ। ਉਸਦਾ ਛੜਾ ਭਰਾ ਬਿਸ਼ਨ ਸਿੰਘ, ਜਿਹੜਾ ਬਾਪੂ ਕੋਲ ਅਬੋਹਰ ਰਹਿੰਦਾ ਸੀ, ਉਹ ਵੀ ਉਸਦੇ ਨਾਲ ਸੀ।

ਚੰਦਾ ਸਿੰਘ, ਬਿਸ਼ਨ ਸਿੰਘ, ਮੇਰੇ ਮਾਂ-ਪਿਓ ਅਤੇ ਅਸੀਂ ਪੰਜ ਭੈਣ-ਭਰਾ ਮਿਲ ਕੇ ਟੱਬਰ ਦੇ ਨੌਂ ਜੀਅ ਬਣਦੇ ਸਾਂ। ਇਹਨਾਂ ਹੀ ਦਿਨਾਂ ਵਿੱਚ ਅਸੀਂ ਬਾਪੂ ਹਕੀਕਤ ਸਿੰਘ ਨਾਲੋਂ ਜਾਂ ਉਹ ਸਾਡੇ ਨਾਲੋਂ ਘਰੋਂ ਅੱਡ ਹੋ ਗਿਆ। ਉਹਨਾਂ ਦੋਵਾਂ ਜੀਆਂ ਨੇ ਇੱਕ ਕੋਠੇ ਵਿੱਚ ਅਪਣਾ ਨਿੱਜੀ ਮਾਲ-ਅਸਬਾਬ ਧਰ ਲਿਆ ਅਤੇ ਵਿਹੜੇ ਦੀ ਇੱਕ ਨੁੱਕਰੇ ਮਾਂ ਹਰਨਾਮ ਕੌਰ ਨੇ ਅਪਣਾ ਚੌਂਤਰਾ ਬਣਾ ਲਿਆ। ਮਾਂ ਹਰਨਾਮ ਕੌਰ ਅਤੇ ਮੇਰੇ ਪਿਤਾ ਨੂੰ ਇਸ ਅੱਡ-ਅਡਾਈ ਦਾ ਬਹੁਤਾ ਦੁੱਖ ਸੀ। ਦੋਵਾਂ ਦਾ ਆਪਸ ਵਿੱਚ ਬਹੁਤ ਪਿਆਰ ਸੀ।

ਪਰ ਅਸਲੀਅਤ ਇਹ ਸੀ ਕਿ ਸਾਡਾ ਹੱਥ ਹੁਣ ਖੁੱਲ੍ਹਾ ਨਹੀਂ ਸੀ ਰਹਿ ਗਿਆ। ਮੇਰਾ ਪਿਓ ਮਾਰ-ਖ਼ੋਰਾ ਆਦਮੀ ਨਹੀਂ ਸੀ। ਉਹ ਵਾਹੀ ਵਿੱਚ ਜਾਨ ਮਾਰ ਕੇ ਕੰਮ ਨਹੀਂ ਸੀ ਕਰ ਸਕਦਾ। ਬਹੁਤਾ ਕੰਮ ਕਾਮੇ ਨੂੰ ਹੀ ਕਰਨਾ ਪੈਂਦਾ ਸੀ। ਅਬੋਹਰ ਵਾਲੀ ਜ਼ਮੀਨ ਦੇ ਪੈਸਿਆਂ ਨਾਲ ਅਸੀਂ ਗਹਿਣੇ ਪਈ ਜ਼ਮੀਨ ਛੁਡਵਾਈ। ਨਵੀਂ ਜੋਗ ਲਈ, ਬੋਤੀ ਖ਼ਰੀਦੀ, ਡਿਓੜ੍ਹੀ ਵਾਲੀ ਥਾਂ 'ਤੇ ਵੱਡੀ ਪੱਕੀ ਬੈਠਕ ਬਣਵਾਈ। 1963-64 ਵਿੱਚ ਜ਼ਮੀਨਾਂ ਦੇ ਮੁੱਲ ਹੈ ਵੀ ਕਿੰਨੇ ਕੁ ਸਨ? ਸ਼ਾਇਦ ਤਿੰਨ ਕੁ ਹਜ਼ਾਰ ਰੁਪਏ ਪ੍ਰਤੀ ਏਕੜ ਨੂੰ ਜ਼ਮੀਨ ਵਿਕੀ ਸੀ। ਜ਼ਮੀਨ ਛੁਡਵਾ ਕੇ, ਬੈਠਕ ਬਣਾ ਕੇ ਤੇ ਕੁੱਝ ਹੋਰ ਉਤਲੇ ਪੁਤਲੇ ਕੰਮਾਂ 'ਤੇ ਪੈਸੇ ਖ਼ਰਚਣ ਤੋਂ ਬਾਅਦ ਤਿੰਨ ਕੁ ਹਜ਼ਾਰ ਰੁਪੈਆ ਬਚਿਆ ਸੀ ਜਿਹੜਾ ਅਸੀਂ ਪੱਟੀ ਦੇ ਸਟੇਟ ਬੈਂਕ ਆਫ਼ ਪਟਿਆਲਾ ਵਿੱਚ ਜਮ੍ਹਾਂ ਕਰਵਾ ਦਿੱਤਾ। ਇਹ ਰੁਪੈ ਵੀ ਹੌਲੀ ਹੌਲੀ ਕਿਰਦੇ ਗਏ।

ਇਹਨਾਂ ਸਾਲਾਂ ਵਿੱਚ ਹੀ ਪਹਿਲਾਂ ਬਾਪੂ ਬਿਸ਼ਨ ਸਿੰਘ ਅਤੇ ਸਾਲ-ਸਵਾ-ਸਾਲ ਪਿੱਛੋਂ ਹੀ ਬਾਪੂ ਚੰਦਾ ਸਿੰਘ ਵਾਰੀ ਵਾਰੀ ਰੱਬ ਨੂੰ ਪਿਆਰੇ ਹੋ ਗਏ। ਮੇਰਾ ਪਿਓ ਫਿਰ ਇਕੱਲਾ ਰਹਿ ਗਿਆ ਸੀ। ਉਸਨੂੰ ਆਰਥਕ ਤੰਗੀ 'ਚੋਂ ਪੈਦਾ ਹੋਏ ਵਿਸ਼ਾਦ ਨੇ ਘੇਰ ਲਿਆ ਤੇ ਉਸਨੇ ਨਸ਼ਾ ਕਰਨਾ ਸ਼ੁਰੂ ਕਰ ਦਿੱਤਾ। ਪਹਿਲਾਂ ਅਫ਼ੀਮ ਅਤੇ ਮਰਨ ਤੋਂ ਦੋ-ਚਾਰ ਸਾਲ ਪਹਿਲਾਂ ਸ਼ਰਾਬ ਦੇ ਨਸ਼ੇ ਨੇ ਉਸਨੂੰ ਖਾਣਾ ਸ਼ੁਰੂ ਕਰ ਦਿੱਤਾ। ਉਹ ਮੇਰੇ ਨਾਲ ਵੀ ਘੁੱਟਿਆ-ਵੱਟਿਆ ਰਹਿੰਦਾ। ਉਸਨੂੰ ਲੱਗਦਾ ਸੀ ਕਿ ਮੈਂ ਉਸਨੂੰ ਬਣਦਾ ਆਦਰ ਨਹੀਂ ਦਿੰਦਾ। ਇਹ ਕੁੱਝ ਹੱਦ ਤੱਕ ਸੱਚ ਵੀ ਸੀ। ਮੈਨੂੰ ਉਸਦਾ ਨਸ਼ਈ ਬਣ ਜਾਣ ਵਾਲਾ ਵਤੀਰਾ ਚੰਗਾ ਨਹੀਂ ਸੀ ਲੱਗਦਾ। ਮੈਂ ਅਪਣੀ ਤਨਖ਼ਾਹ ਵਿਚੋਂ ਘਰ ਵਿੱਚ ਖ਼ਰਚਣ ਲਈ ਜਿਹੜੇ ਪੈਸੇ ਬੀਬੀ ਦੇ ਹੱਥ 'ਤੇ ਰੱਖਦਾ ਸਾਂ, ਉਸਨੂੰ ਇਸਦਾ ਵੀ ਰੋਸਾ ਸੀ। ਉਹ ਸੋਚਦਾ ਸੀ ਕਿ ਜੇ ਮੈਂ ਉਸਨੂੰ ਪਿਓ ਵਾਲਾ ਆਦਰ ਦਿੰਦਾ ਹੁੰਦਾ ਤਾਂ ਇਹ ਪੈਸੇ ਜ਼ਰੂਰ ਉਸਦੇ ਹੱਥ ਉੱਤੇ ਧਰਦਾ। ਮੇਰੀ ਜ਼ਿਦ ਸੀ ਕਿ ਜਿੰਨਾਂ ਚਿਰ ਉਹ ਸ਼ਰਾਬ ਨਹੀਂ ਛੱਡਦਾ, ਮੇਰਾ ਰਿਸ਼ਤਾ ਉਸ ਨਾਲ ਸੁਖਾਵਾਂ ਨਹੀਂ ਹੋ ਸਕਦਾ। ਉਸਨੇ ਕਈ ਵਾਰ ਨਸ਼ਾ ਛੱਡਣ ਦੀ ਕੋਸ਼ਿਸ਼ ਕੀਤੀ ਵੀ, ਪਰ ਫਿਰ ਕੁੱਝ ਚਿਰ ਬਾਅਦ ਨਸ਼ਾ ਉਸਦੀ ਇੱਛਾ-ਸ਼ਕਤੀ ਨੂੰ ਢਾਹ ਲੈਂਦਾ। ਉਹ ਇਸਦੀ ਜਕੜ ਵਿੱਚ ਆ ਜਾਂਦਾ। ਹੁਣ ਮੈਂ ਵੀ ਸੋਚਦਾ ਹਾਂ ਕਿ ਜੇ ਮੈਂ ਉਸ ਨਾਲ ਮੋਹ-ਪਿਆਰ ਨਾਲ ਵਰਤਦਾ, ਉਸਨੂੰ ਮਾਨਸਿਕ ਸੁਰੱਖਿਆ ਦਿੰਦਾ ਅਤੇ ਉਸਤੋਂ ਦੂਰ ਨਾ ਹੁੰਦਾ ਤਾਂ ਉਹ ਜ਼ਰੂਰ ਅਪਣੇ ਉੱਤੇ ਕਾਬੂ ਪਾ ਸਕਦਾ ਸੀ। ਪਰ ਅਜਿਹਾ ਹੋ ਨਾ ਸਕਿਆ। ਫ਼ਲਸਰੂਪ ਮੇਰਾ ਪਿਤਾ ਪੰਜਤਾਲੀ-ਛਿਆਲੀ ਸਾਲ ਦੀ ਉਮਰ ਵਿੱਚ ਦਿਮਾਗ਼ ਦੀ ਨਾਲੀ ਫਟਣ ਕਰ ਕੇ ਸਦਾ ਲਈ ਸਾਥੋਂ ਵਿੱਛੜ ਗਿਆ।

ਅੱਜ ਸਮੇਂ ਦੀ ਵਿੱਥ ਤੋਂ ਲੱਗਦਾ ਹੈ ਕਿ ਛੋਟੀ ਉਮਰ ਤੋਂ ਹੀ ਉਸਦੇ ਅੰਦਰ ਇੱਕ ਡੂੰਘਾ ਖ਼ਿਲਾਅ ਪਸਰ ਗਿਆ ਸੀ। ਮਾਂ ਦੀ ਮੌਤ ਹੋ ਜਾਣੀ, ਪਿਓ ਦਾ ਪਿਆਰ ਖੁੱਸ ਜਾਣਾ, 'ਅਪਣੇ ਘਰ' ਤੋਂ ਵਿਛੁੰਨੇ ਜਾਣਾ। ਮਾਮਾ-ਮਾਮੀ ਜਿੰਨਾਂ ਮਰਜ਼ੀ ਪਿਆਰ ਕਰਦੇ ਰਹੇ ਹੋਣ, ਉਹਨਾਂ ਦੇ ਘਰ ਵਿੱਚ ਜਿੰਨੀ

ਮਰਜ਼ੀ ਸੁੱਖ-ਸਹੂਲਤ ਮਿਲੀ ਹੋਵੇ, ਪਰ ਦਿਲ ਦੀਆਂ ਧੁਰ-ਡੂੰਘਾਣਾਂ ਤੋਂ ਅਪਣੇ ਮਾਪਿਆਂ ਅਤੇ ਅਪਣੇ ਘਰ ਦਾ ਵਿਗੋਚਾ ਉਸਦੇ ਕਾਲਜੇ ਦੀ ਪੀੜ ਬਣ ਕੇ ਰਹਿ ਗਿਆ ਸੀ। ਅਪਣੇ ਮਾਂ-ਪਿਓ ਦਾ ਤਾਂ ਝਿੜਕਣਾ-ਮਾਰਨਾ ਵੀ ਬੱਚਾ ਅਗਲੇ ਪਲ ਭੁੱਲ ਜਾਂਦਾ ਹੈ ਪਰ ਮਾਮੇ-ਮਾਮੀ ਦਾ ਜ਼ਾਇਜ਼ ਝਿੜਕਣਾ ਵੀ ਚੇਤੇ ਕਰਵਾ ਦਿੰਦਾ ਹੈ, 'ਮੈਂ ਇਹਨਾਂ ਦਾ ਅਸਲੀ ਪੁੱਤ ਨਹੀਂ ਨਾ! ਇਸੇ ਕਰਕੇ ਮੇਰੇ ਨਾਲ ਇਹ ਸਲੂਕ ਹੁੰਦਾ ਹੈ!" ਸ਼ਾਇਦ ਬੇਗ਼ਾਨਗੀ ਦੇ ਅਹਿਸਾਸ ਦੇ ਡੰਗ ਦੀ ਪੀੜ ਹੀ ਸੀ ਜਿਸਨੇ ਕਦੀ ਵੀ ਮੇਰੇ ਪਿਤਾ ਨੂੰ ਵੱਖੀਆਂ ਤੋੜਨ ਵਾਲਾ ਹਾਸਾ ਹੱਸਣ ਵਾਲੀ ਖ਼ੁਸ਼ੀ ਨਹੀਂ ਸੀ ਦਿੱਤੀ। ਉਹ ਨਾ ਬਹੁਤਾ ਉੱਚੀ ਹੱਸਦਾ ਸੀ ਤੇ ਨਾ ਹੀ ਬਹੁਤਾ ਉੱਚੀ ਬੋਲਦਾ ਸੀ। ਉੱਚੀ ਤਾਂ ਕੀ, ਉਹ ਬੋਲਦਾ ਹੀ ਬੜਾ ਘੱਟ ਸੀ। ਉਂਜ ਮੇਰਾ ਪਿਤਾ ਬੜਾ ਹੀ ਸੰਵੇਦਨਸ਼ੀਲ ਵਿਅਕਤੀ ਸੀ। ਸਾਹਿਤ ਪੜ੍ਹਨ ਦੀ ਚੇਟਕ ਤਾਂ ਮੈਨੂੰ ਲੱਗੀ ਹੀ ਉਸ ਕੋਲੋਂ ਸੀ। ਉਹ ਮੇਰੇ ਕੋਲ ਆਉਣ ਵਾਲੇ ਰਾਜਨੀਤਕ ਵਿਚਾਰਾਂ ਵਾਲੇ ਦੋਸਤਾਂ ਨੂੰ 'ਭਗਤ ਸਿੰਘ' ਹੁਰਾਂ ਦਾ ਰੂਪ ਸਮਝ ਕੇ ਪਿਆਰ ਦਿੰਦਾ ਸੀ। ਮੈਂ ਜਦੋਂ ਬੀ ਐੱਡ ਕਰਦਿਆਂ 1972 ਵਿੱਚ ਮੋਗਾ ਐਜੀਟੇਸ਼ਨ ਵੇਲੇ ਗ੍ਰਿਫ਼ਤਾਰ ਕਰ ਲਿਆ ਗਿਆ ਸਾਂ ਤਾਂ ਮੇਰੀ ਮਾਂ ਨੂੰ ਸਮਝਾਉਂਦਿਆਂ ਉਸਨੇ ਕਿਹਾ ਸੀ, "ਤੂੰ ਫ਼ਿਕਰ ਨਾ ਕਰਿਆ ਕਰ। ਮੇਰਾ ਪੁੱਤ ਤਾਂ ਦਰਿਆ ਹੈ ਅਤੇ ਇਸਨੇ ਅੱਗੇ ਹੀ ਅੱਗੇ ਵਧਦੇ ਜਾਣਾ ਹੈ।" ਏਨੀ ਗੱਲ ਕਹਿਣ ਤੋਂ ਕੁੱਝ ਦਿਨ ਹੀ ਪਿੱਛੋਂ ਉਹ ਇਸ ਸੰਸਾਰ ਨੂੰ ਛੱਡ ਕੇ ਤੁਰ ਗਿਆ ਸੀ। ਉਸਦੀ ਇਹ ਗੱਲ ਵੀ ਮੇਰੀ ਬੀਬੀ ਨੇ ਮੈਨੂੰ ਉਸਦੇ ਤੁਰ ਜਾਣ ਤੋਂ ਪਿੱਛੋਂ ਦੱਸੀ ਸੀ। ਮੈਨੂੰ ਅਫ਼ਸੋਸ ਹੈ ਕਿ ਮੇਰੇ ਉੱਤੇ ਏਨਾ ਮਾਣ ਕਰਨ ਵਾਲੇ ਪਿਓ ਨੂੰ ਮੈਂ ਉਸਦੇ ਜਿਉਂਦੇ-ਜੀਅ ਸਮਝ ਅਤੇ ਸਾਂਭ ਨਾ ਸਕਿਆ। ਉਸ ਬੰਦੇ ਨੇ ਤਾਂ ਅੰਦਰੋਂ ਖੁਰਨਾ ਹੀ ਸੀ ਜਿਸਨੂੰ ਮਾਂ-ਪਿਓ ਦਾ ਪਿਆਰ ਨਾ ਮਿਲਿਆ; ਜਿਹੜਾ ਹਮੇਸ਼ਾ ਬੇਗ਼ਾਨਗੀ ਦਾ ਝੋਰਾ ਹੰਢਾਉਂਦਾ ਰਿਹਾ; ਜਦੋਂ ਉਸਨੂੰ ਅਪਣੇ ਪਰਿਵਾਰ ਤੋਂ ਮਨੋਵਿਗਿਆਨਕ ਆਸਰਾ ਚਾਹੀਦਾ ਸੀ ਤਾਂ ਉਸਦਾ ਅਪਣਾ  ਪੁੱਤਰ ਉਸਤੋਂ ਦੂਰ ਦੂਰ ਰਹਿਣ ਲੱਗਾ!

ਪਰ ਘਰ ਦੇ ਖ਼ਰਚਿਆਂ ਤੇ ਕਬੀਲਦਾਰੀ ਦੀਆਂ ਜ਼ਿੰਮੇਵਾਰੀਆਂ ਨੇ ਉਸਨੂੰ ਹੌਲੀ ਹੌਲੀ ਢਾਹ ਲਿਆ ਸੀ। ਮੈਂ ਉਦੋਂ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਅੰਮ੍ਰਿਤਸਰ ਵਿਚ ਬਿਨਾਂ ਤਨਖ਼ਾਹ ਤੋਂ ਛੁੱਟੀ ਲੈ ਕੇ ਬੀ ਐੱਡ ਕਰ ਰਿਹਾ ਸਾਂ। ਖ਼ਾਲਸਾ ਕਾਲਜ ਵਿੱਚ ਪੜ੍ਹਨ ਸਮੇਂ ਹੀ ਮੈਨੂੰ 'ਮੋਗਾ ਐਜੀਟੇਸ਼ਨ' ਦੌਰਾਨ ਗ੍ਰਿਫ਼ਤਾਰ ਕੀਤਾ ਗਿਆ ਸੀ। ਗ੍ਰਿਫ਼ਤਾਰੀ ਤੋਂ ਪਿੱਛੋਂ ਰਿਹਾਅ ਹੋਏ ਨੂੰ ਕੁੱਝ ਦਿਨ ਹੀ ਹੋਏ ਸਨ ਕਿ ਮੇਰੇ ਪਿਤਾ ਦੀ ਮੌਤ ਹੋ ਗਈ। ਇਹ ਉਨੱਤੀ ਨਵੰਬਰ 1972 ਦਾ ਦਿਨ ਸੀ। ਉਸਦੇ ਮਰਨ ’ਤੇ ਸਾਰੇ ਪਰਿਵਾਰ ਦਾ ਬੋਝ ਹੁਣ ਮੇਰੇ ਸਿਰ ਉੱਤੇ ਪੈ ਗਿਆ। ਇਹ ਵੀ ਸ਼ੁਕਰ ਦੀ ਗੱਲ ਸੀ ਕਿ ਮੇਰੇ ਤੋਂ ਛੋਟੀਆਂ ਤਿੰਨਾਂ ਭੈਣਾਂ ਵਿਚੋਂ ਉਹ ਦੋ ਦਾ ਵਿਆਹ ਅਪਣੇ ਹੱਥੀਂ ਕਰ ਗਿਆ ਸੀ। ਛੋਟਾ ਭਰਾ ਉਦੋਂ ਸੋਲਾਂ-ਸਤਾਰਾਂ ਸਾਲ ਦਾ ਸੀ ਅਤੇ ਸਭ ਤੋਂ ਛੋਟੀ ਭੈਣ ਬਾਰਾਂ-ਤੇਰਾਂ ਸਾਲ ਦੀ। ਭਰਾ ਤਾਂ ਪੜ੍ਹਨੋਂ ਹਟਿਆ ਹੋਇਆ ਸੀ ਪਰ ਭੈਣ ਅਜੇ ਪੜ੍ਹਦੀ ਸੀ।

ਮੇਰੀ ਬਹੁਤੀ ਤਨਖ਼ਾਹ ਤਾਂ ਪਹਿਲਾਂ ਹੀ ਘਰ ਦੇ ਖ਼ਰਚਿਆਂ ਵਿੱਚ ਵਰਤੀ ਜਾਂਦੀ ਸੀ। ਬਚਾ ਕੇ ਰੱਖੀ ਕੋਈ ਰਾਖਵੀਂ ਰਾਸ਼ੀ ਤਾਂ ਕੋਲ ਹੈ ਨਹੀਂ ਸੀ। ਇਹਨੀਂ ਦਿਨੀਂ ਹੀ ਸਾਡਾ ਬਿਜਲੀ ਦਾ ਟਿਊਬਵੈੱਲ ਲਵਾਉਣ ਦਾ ਕੁਨੈਕਸ਼ਨ ਮਨਜ਼ੂਰ ਹੋ ਗਿਆ। ਹੁਣ ਤੱਕ ਤਾਂ ਮੈਂ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਲਟੰਕ ਹੀ ਰਿਹਾ ਸਾਂ। ਨੌਕਰੀ ਮਿਲਣ ਤੋਂ ਬਾਅਦ ਮੇਰਾ ਘਰ ਤੇ ਵਾਹੀ ਦੀਆਂ ਸਰਗਰਮੀਆਂ ਨਾਲ ਸਿੱਧਾ ਸੰਬੰਧ ਨਹੀਂ ਸੀ ਰਹਿ ਗਿਆ। ਮੈਂ ਜਾਂ ਤਾਂ ਅਪਣੀ ਨੌਕਰੀ ਕਰਦਾ ਜਾਂ ਪੜ੍ਹਦਾ ਲਿਖਦਾ ਰਹਿੰਦਾ। ਕਬੀਲਦਾਰੀ ਜਾਣੇ ਤੇ ਮੇਰਾ ਮਾਂ ਪਿਓ ਜਾਣੇ! ਪਰ ਜਦੋਂ ਸਿੰਗਾਂ ਤੋਂ ਸਿਰ ਤੇ ਪਈ ਤਾਂ ਨਾਨੀ ਚੇਤੇ ਆਉਣੀ ਹੀ ਸੀ। ਹੁਣ ਨਿਸਚਿਤ ਸਮੇਂ ਵਿੱਚ ਬਿਜਲੀ ਬੋਰਡ ਦੇ ਦਫ਼ਤਰ 'ਟੈਸਟ ਰੀਪੋਰਟ' ਜਮ੍ਹਾਂ ਕਰਵਾਉਣੀ ਸੀ, ਬਿਜਲੀ ਦੀ ਮੋਟਰ ਖ਼ਰੀਦਣੀ ਸੀ, ਪੱਕਾ ਕੋਠਾ ਪਾਉਣਾ ਸੀ ਅਤੇ ਹੋਰ ਉਤਲੇ ਪੁਤਲੇ ਖ਼ਰਚੇ ਕਰਨੇ ਸਨ। ਘਰ ਦਾ ਸਾਰਾ ਖ਼ਰਚਾ ਵੀ ਤਾਂ ਹੁਣ ਮੈਂ ਹੀ ਜੁਟਾਉਣਾ ਸੀ। ਪਰ ਮੇਰੇ ਕੋਲ ਤਾਂ ਨਵੰਬਰ ਤੋਂ ਅਪ੍ਰੈਲ ਤੱਕ ਕਾਲਜ ਵਿੱਚ ਹੋਣ ਵਾਲੇ ਖ਼ਰਚੇ ਦਾ ਹੀ ਥੋੜ੍ਹਾ ਬਹੁਤ ਹਿੱਸਾ ਪਿਆ ਸੀ। ਉਸਤੋਂ ਬਾਅਦ ਹੀ ਪਹਿਲੀ ਨੌਕਰੀ ਤੇ ਹਾਜ਼ਰ ਹੋ ਸਕਣਾ ਸੀ ਅਤੇ ਤਨਖ਼ਾਹ ਮਿਲਣੀ ਸੀ। ਪਿਤਾ ਦੀਆਂ ਅੰਤਮ ਰਸਮਾਂ ਨਿਭਾ ਕੇ ਤੇ ਪੜ੍ਹਾਈ ਦੇ ਖ਼ਰਚੇ ਲਈ ਅਪਣੇ ਕੋਲ ਬਚਾ ਕੇ ਰੱਖੇ ਪੈਸੇ ਬੀਬੀ ਨੂੰ ਘਰ ਦੇ ਖ਼ਰਚ-ਪਾਣੀ ਲਈ ਫੜਾ ਕੇ ਕਾਲਜ ਪਹੁੰਚ ਗਿਆ। ਹੁਣ ਕੀ ਕਰਾਂ? ਨੌਕਰੀ ’ਤੇ ਹਾਜ਼ਰ ਹੋਣ ਤੋਂ ਪਹਿਲਾਂ ਤਨਖ਼ਾਹ ਨਹੀਂ ਸੀ ਮਿਲਣੀ ਤੇ ਪੜ੍ਹਾਈ ਵਿਚੇ ਛੱਡ ਨਹੀਂ ਸਾਂ ਸਕਦਾ। ਮੈਂ ਬਹੁਤ ਹੀ ਪਰੇਸ਼ਾਨੀ ਅਤੇ ਘਬਰਾਹਟ ਦੇ ਆਲਮ ਵਿੱਚ ਸਾਂ। ਅੱਜ ਤੱਕ ਕਿਸੇ ਯਾਰ-ਦੋਸਤ ਤੋਂ ਦਸ ਰੁਪਏ ਵੀ ਉਧਾਰ ਨਹੀਂ ਸਨ ਲਏ। ਪੈਸੇ ਲਵਾਂ ਤਾਂ ਕਿੱਥੋਂ ਲਵਾਂ? ਮੰਗਾਂ ਤਾਂ ਕਿਸ ਕੋਲੋਂ? ਮੋਟਰ ਨਾ ਲੱਗੀ ਤਾਂ ਵਾਹੀ ਦਾ ਕੀ ਬਣੂ? ਹਫ਼ਤੇ ਵਿੱਚ ਹੀ ਪਤਾ ਲੱਗ ਗਿਆ ਕਿ ਪਿਓ ਕਿਓਂ ਪਰੇਸ਼ਾਨ ਰਹਿੰਦਾ ਸੀ? ਕਿਓਂ ਨਸ਼ਾ ਕਰਨ ਲੱਗ ਪਿਆ ਸੀ। ਆਰਥਕ ਤੰਗਦਸਤੀ ਦਾ ਅਹਿਸਾਸ ਤਾਂ ਬਚਪਨ ਤੋਂ ਹੀ ਸੀ ਪਰ ਇਹ ਪਤਾ ਹੁਣ ਹੀ ਲੱਗਾ ਕਿ ਅਜਿਹੀ ਸਥਿਤੀ ਵਿੱਚ ਪਰਿਵਾਰ ਦਾ ਮੁਖੀ ਬਣ ਕੇ ਘਰ ਦਾ ਗੁਜ਼ਾਰਾ ਚਲਾਉਣਾ ਕਿੰਨਾਂ ਮੁਸ਼ਕਿਲ ਹੈ!

ਮੇਰੇ ਲਈ ਦੁੱਧ-ਧੋਤਾ ਉਹ ਇਸ ਕਰਕੇ ਹੈ ਕਿ ਉਸਨੇ ਸਾਰੀ ਉਮਰ ਨਾ ਕਿਸੇ ਨਾਲ ਲੜਾਈ ਕੀਤੀ, ਨਾ ਕਿਸੇ ਨੂੰ ਉੱਚਾ ਬੋਲਿਆ, ਨਾ ਕਿਸੇ ਨੂੰ ਮੰਦਾ ਬੋਲਿਆ, ਨਾ ਕਿਸੇ ਨਾਲ ਧੋਖਾ ਕੀਤਾ, ਨਾ ਕਿਸੇ ਦਾ ਹੱਕ ਮਾਰਿਆ। ਸੁੱਚੀ ਰੂਹ ਸੀ, ਪਰ ਵਿਰੋਧੀ ਹਾਲਾਤ ਨੇ ਦੱਬ ਲਈ। ਉਹ ਹਾਲਾਤ ਨਾਲ ਸਿੱਧਾ ਹੋ ਕੇ ਲੜ ਨਾ ਸਕਿਆ। ਪਰ ਇਹ ਵੀ ਸਭ ਕਹਿਣ ਦੀਆਂ ਗੱਲਾਂ ਨੇ। ਖ਼ਬਰੇ ਉਹ ਅਪਣੇ ਅੰਦਰ ਕਿੰਨਾਂ ਲੜਿਆ ਹੋਵੇਗਾ। ਕਿੰਨੀ ਵਾਰ ਡਿਗਿਆ, ਉੱਠਿਆ ਹੋਵੇਗਾ!

## ਮੁਹੱਬਤਾਂ ਦੀਆਂ ਤੰਦਾਂ

*ਹੁਣ-ਹਿੰਦ ਪਾਕ ਸਰਹੱਦ ਦੇ ਆਰ ਪਾਰ ਹੋਣ ਕਰਕੇ ਤੁਹਾਡੇ ਜਨਮ ਵਾਲਾ ਪਿੰਡ ਤੇ ਫੇਰ ਹੋਰ ਬਣੇ ਟਿਕਾਣੇ ਅਜੀਬ ਜਹੀ ਸਥਿਤੀ ਵਿਚ ਹੀ ਰਹੇ। ਵਰਿਆਮ ਦੇ ਬਾਲ ਮਨ ’ਤੇ ਕੀ ਅਸਰ ਪਿਆ ਸੀ ਇਨ੍ਹਾਂ ਦਾ?*

ਸੰਧੂ -ਅਵਤਾਰ ਜੀ! ਤੁਸੀਂ ਵੀ ਦੇਸ਼ ਛੱਡਿਆ ਸੀ ਤੇ ਬੜੀ ਚੰਗੀ ਤਰ੍ਹਾਂ ਜਾਣਦੇ ਓ ਕਿ ਘਰ-ਘਾਟ ਛੱਡਣ ਦਾ ਕਿੰਨਾ ਵਿਗੋਚਾ ਤੇ ਪੀੜ ਹੁੰਦੀ ਹੈ। ਖ਼ੁਸ਼ੀ-ਖ਼ੁਸ਼ਹਾਲੀਂ ਵੱਸਦਿਆਂ ਰੱਸਦਿਆਂ ਵੀ ਬੰਦੇ ਅੰਦਰ ਛੱਡੀਆਂ ਹੋਈਆਂ ਥਾਵਾਂ ਦੇ ਮੋਹ-ਮੁਹੱਬਤ ਦਾ ਡੂੰਘਾ ਖੱਪਾ ਦਿਲ ਵਿਚ ਪਿਆ ਰਹਿੰਦਾ ਹੈ। ਭਾਵੇਂ ਮੇਰਾ ਪਿਉ ਪਲਿਆ ਤੇ ਜਵਾਨ ਸੁਰ ਸਿੰਘ ਵਿਚ ਹੀ ਹੋਇਆ ਪਰ ਵਿਆਹ ਕਰਵਾਉਣ ਪਿੱਛੋਂ ਉਹ ਅਪਣੇ ਜੱਦੀ ਪਿੰਡ ਭਡਾਣੇ ਜਾ ਵੱਸਿਆ। ਵੰਡ ਹੋਈ ਤਾਂ ਘਰ ਛੱਡ ਕੇ, ਜਿਵੇਂ ਦੱਸ ਚੁੱਕਿਆਂ, ਕੱਚੀ ਜ਼ਮੀਨ ਅਲਾਟ ਹੋਣ ’ਤੇ ਮੁਕੇਰੀਆਂ ਸ਼ਹਿਰ ਦੀ ਵੱਖੀ ਨਾਲ ਵੱਸੇ ਪਿੰਡ ਤੰਗਰਾਲੀਆਂ ਵਿਚ ਆਣ ਵੱਸੇ ਸਾਂ। ਇਥੇ ਸਾਡੇ ਵਡੇਰਿਆਂ ਦੇ ਪਿੰਡ ਭਡਾਣੇ ਵਾਲੇ ਬਾਕੀ ਟੱਬਰ ਨੂੰ ਵੀ ਜ਼ਮੀਨ  ਅਲਾਟ ਹੋਈ ਸੀ। ਮੈਨੂੰ ਯਾਦ ਹੈ ਅਸੀਂ ਬਹੁਤ ਸਾਰੇ ਘਰ ਇਕੋ ਵੱਡੇ ਅਹਾਤੇ ਵਿਚ ਵੱਸੇ ਹੋਏ ਸਾਂ, ਜਿਸਦਾ ਬਾਹਰਲਾ ਦਰਵਾਜ਼ਾ ਇਕੋ ਹੀ ਸੀ ਤੇ ਅੰਦਰ ਸੱਜੇ ਖੱਬੇ ਕਈ ਕੱਚੇ ਕੋਠੇ ਕੋਠੜੀਆਂ ਸਨ ਜਿਨ੍ਹਾਂ ਵਿਚ ਮੇਰੇ ਪਿਤਾ ਦੇ ਤਾਏ ਦੇ ਪੁੱਤਾਂ ਦੇ ਚਾਰ ਟੱਬਰ ਸਨ। ਤਿੰਨ ਟੱਬਰ ਸਾਡੇ ਹੋਰ ਸਕਿਆਂ ਦੇ। ਇਕ ਸਾਡਾ।  ਮੇਰਾ ਦਾਦਾ ਚੰਦਾ ਸਿੰਘ, ਮੈਂ ਤੇ ਮੇਰੇ ਮਾਂ-

ਪਿਓ। ਸਾਂਝੇ ਟੱਬਰਾਂ ਦਾ ਮੋਹ-ਪਿਆਰ ਤੇ ਵਿਲੱਖਣਤਾ ਦਾ ਆਨੰਦ ਮੈਂ ਓਥੇ ਹੀ ਮਾਣਿਆਂ। ਮੇਰੀ ਪਹਿਲੀ ਸੁਰਤ-ਸੰਭਾਲ ਵੀ ਓਥੋਂ ਦੀ ਹੀ ਹੈ। ਦੁਆਬੇ ਦੇ ਅੰਬਾਂ ਦਾ ਸਵਾਦ ਵੀ ਓਸੇ ਉਮਰ ਵਿਚ ਚੱਖਿਆ। ਪਰ ਲੁੱਟ-ਪੁੱਟ ਕੇ ਆਏ ਹੋਣ ਕਰਕੇ ਘਰ ਦਾ ਗੁਜ਼ਾਰਾ ਚੰਗੀ ਤਰ੍ਹਾਂ ਚੱਲਦਾ ਨਾ ਵੇਖ ਕੇ ਸੁਰ ਸਿੰਘ ਵਾਲੇ ਮਾਂ ਤੇ ਬਾਪੂ ਸਾਨੂੰ ਸੁਰ ਸਿੰਘ ਲੈ ਆਏ। ਏਥੇ ਹੀ ਮੈਂ ਪਹਿਲੀ ਜਮਾਤ ਵਿਚ ਦਾਖ਼ਲ ਹੋਇਆ। ਪਹਿਲੀਆਂ ਯਾਦਾਂ ਵਿਚ ਟੱਬਰ ਦੇ ਜੀਆਂ ਵੱਲੋਂ ਭਡਾਣੇ ਵਾਲੇ ਘਰ ਤੇ ਜ਼ਮੀਨ ਜਾਇਦਾਦ ਛੱਡ ਕੇ ਖਾਲੀ ਹੱਥੀਂ ਤੁਰ ਆਉਣ ਦੀ ਨਿੱਤ ਦਿਨ ਸੁਣਾਈ ਜਾਣ ਵਾਲੀ ਪੀੜ-ਕਹਾਣੀ ਬਹੁਤ ਤੰਗ ਕਰਦੀ ਸੀ। ਵਰਤਮਾਨ ਤੰਗੀ ਇਹ ਸੋਚਣ ਲਾ ਦਿੰਦੀ ਕਿ ਜੇ ਭਡਾਣੇ ਰਹਿੰਦੇ ਹੁੰਦੇ ਤਾਂ ਖ਼ਬਰੇ ਕੀ ਲਹਿਰਾਂ ਬਹਿਰਾਂ ਹੋਣੀਆਂ ਸਨ। ਇਹ ਵੀ ਜੀ ਕਰਦਾ ਕਿ ਕਾਸ਼! ਕਿਤੇ ਸਾਨੂੰ ਸਾਡਾ ਪੁਰਾਣਾ ਪਿੰਡ ਤੇ ਪੁਰਾਣਾ ਘਰ ਮਿਲ ਜਾਵੇ। ਭਡਾਣੇ ਦੇ ਭੁਗੋਲ, ਵਿੱਛੜ ਗਏ ਪਿੰਡ ਦੇ ਭਾਈਚਾਰੇ ਤੇ ਸਕਿਆਂ-ਸੋਦਰਿਆਂ ਦੇ ਵਿਛੋੜੇ ਦੀ ਚੀਸ ਦਿਲ ਵਿਚ ਘਰ ਕਰ ਗਈ। ਕਲਪਨਾ ਵਿਚ ਹੀ ਭਡਾਣੇ ਵਾਲੇ ਘਰ, ਗਲੀਆਂ ਬਾਜ਼ਾਰ, ਖੇਤਾਂ ਤੇ ਚਾਰ-ਚੁਫ਼ੇਰਾ ਸੁਣ ਸੁਣ ਕੇ ਬਣਾਇਆ ਨਕਸ਼ਾ ਮਨ ਵਿਚ ਵੱਸ ਗਿਆ ਸੀ। ਤੰਗਰਾਲੀਆਂ ਵਿਚ ਮੈਂ ਪਹਿਲੀ ਸੁਰਤ ਸੰਭਲੀ ਸੀ; ਓਥੇ ਪੁਰਾਣੇ ਪਿੰਡ ਵਾਲੇ ਸਕੇ-ਸੋਦਰੇ ਇਕੱਠੇ ਰਹਿੰਦੇ ਰਹੇ ਸਾਂ; ਸੁਰ ਸਿੰਘ ਆਉਣ ਨਾਲ ਇਹ ਸਾਰਾ ਕੁਝ ਵੀ ਗਵਾਚ ਗਿਆ। ਜਿਵੇਂ ਲੋਕ ਪਾਕਿਸਤਾਨ ਵਿਚ ਰਹਿ ਗਏ ਘਰਾਂ ਨੂੰ ਵੇਖਣ ਲਈ ਤਰਸਦੇ ਹਨ, ਮੈਂ ਭਡਾਣੇ ਦੇ ਨਾਲ ਤੰਗਰਾਲੀਆਂ ਨੂੰ ਵੇਖਣ ਦੀ ਸਿੱਕ ਵੀ ਸਾਲਾਂ ਤੱਕ ਮਨ ਵਿਚ ਦਬਾਈ ਰੱਖੀ। ਪੰਜ-ਛੇ ਸਾਲ ਪਹਿਲਾਂ ਮੈਂ ਡੀ ਏ ਵੀ ਕਾਲਜ ਮੁਕੇਰੀਆ ਵਿਚ ਵਿਦਿਆਰਥੀਆਂ ਨੂੰ ਮੁਖ਼ਾਤਬ ਹੋਣ ਗਿਆ ਤਾਂ ਪ੍ਰੋਫ਼ੈਸਰਾਂ ਕੋਲ ਅਪਣੇ ਬਚਪਨ ਦਾ ਪਿੰਡ ਵੇਖਣ ਦੀ ਇਛਾ ਜਤਾਈ। ਉਹ ਮੈਨੂੰ ਲੈ ਗਏ। ਪਿੰਡ ਤਾਂ ਉਹ ਰਹਿ ਹੀ ਨਹੀਂ ਸੀ ਗਿਆ। ਪਿੰਡ ਦੀ ਸੱਜੀ ਵੱਖੀ ਨਾਲ ਪਹਿਲੀ ਗਲੀ ਦੇ ਅਖ਼ੀਰ ਉੱਤੇ ਸਾਡਾ ਘਰ ਸੀ। ਉਦੋਂ ਸਾਰੀ ਗਲੀ ਦੇ ਮਕਾਨ ਕੱਚੇ ਹੁੰਦੇ ਸਨ, ਹੁਣ ਕੋਠੀਆਂ ਤੇ ਪੱਕੇ ਮਕਾਨ ਬਣੇ ਹੋਏ। ਮੈਂ ਗਲੀ ਦੇ ਮੂੰਹ ’ਤੇ ਖਲੋ ਕੇ ਦੂਰ ਤੱਕ ਝਾਤੀ ਮਾਰੀ। ਮੇਰਾ ਘਰ ਮੈਨੂੰ ਕਿੱਥੇ ਦਿਸਣਾ ਸੀ। ਮੈਨੂੰ ਝਟਕਾ ਲੱਗਾ। ਇਕ ਬਜ਼ੁਰਗ ਬੰਦਾ ਆ ਕੇ ਕੋਲ ਖਲੋ ਗਿਆ, "ਸਰਦਾਰੋ! ਕੀਹਨੂੰ ਮਿਲਣਾ ਜੇ?" ਮੇਰੇ ਨਾਲ ਗਏ ਸਾਥੀਆਂ ਨੇ ਮੇਰੇ ਬਾਰੇ ਦੱਸਿਆ। ਮੈਂ ਉਸਨੂੰ ਪੁੱਛਿਆ ਕਿ ਕੀ ਉਸਨੂੰ ਕੋਈ ਚੇਤਾ ਹੈ ਕਿ ਪਾਕਿਸਤਾਨ ਬਣਨ ਤੋਂ ਬਾਅਦ ਭਡਾਣੇ ਦਾ ਚੰਦਾ ਸਿੰਘ ਤੇ ਉਹਨਾਂ ਦੇ ਸਕਿਆਂ ਦੇ ਕਈ ਪਰਿਵਾਰ ਏਥੇ ਕੱਚੀ ਜ਼ਮੀਨ ਮਿਲਣ ’ਤੇ ਰਹਿੰਦੇ ਰਹੇ ਸਨ? ਉਹਦੀਆਂ ਅੱਖਾਂ ਵਿਚ ਚਮਕ ਆਈ। ਕਹਿਣ ਲੱਗਾ, "ਸਰਦਾਰ! ਮੈਂ ਤਾਂ ਸਰਦਾਰ ਚੰਦਾ ਸਿੰਘ ਨਾਲ ਸੀਰ ਕਰਦਾ ਰਿਹਾਂ। ਧੰਨ ਭਾਗ! ਉਹਦੇ ਪੋਤਰੇ ਦੇ ਦਰਸ਼ਨ ਹੋ ਗਏ।" ਮੈਂ ਉਸਨੂੰ ਸਤਿਕਾਰ ਵਜੋਂ ਕੁਝ ਮਾਇਆ ਭੇਟ ਕੀਤੀ ਤੇ ਉਸਦੀ ਵਾਰ ਵਾਰ ਮਾਰੀ ਚਾਹ-ਪਾਣੀ ਦੀ ਸੁਲ੍ਹਾ ਦਾ ਧੰਨਵਾਦ ਕਰਦਿਆਂ, ਬਚਪਨ ਦੇ ਸਾਲਾਂ ਵਿਚ ਗਵਾਚਾ, ਗਲੀ ਦੇ ਮੋੜ ਤੋਂ ਹੀ ਡੂੰਘੀ ਉਦਾਸੀ ਲੈ ਕੇ ਪਰਤ ਆਇਆ।

ਸੁਰ ਸਿੰਘ ਵਿਚ ਸਾਡਾ ਘਰ ਪਿੰਡ ਦੇ ਐਨ ਵਿਚਕਾਰੋਂ ਲੰਘਦੇ ਬਾਜ਼ਾਰ ਵਿਚ ਸੀ। ਛੋਟੇ ਹੁੰਦਿਆਂ ਮੈਂ ਅਪਣੇ ਪਿਤਾ ਦੀ ਉਂਗਲ ਫੜ ਕੇ ਉਸਦੇ ਨਾਲ ਨਾਲ ਰਹਿੰਦਾ। ਉਹ ਰਾਤ ਨੂੰ ਜਦੋਂ ਅਪਣੇ ਗਵਾਂਢੀ ਦੁਕਾਨਦਾਰਾਂ ਕੋਲ ਬੈਠਦਾ ਤਾਂ ਸਾਰੇ ਜਣੇ ਪਿੰਡ ਵਿਚੋਂ ਤੁਰ ਗਏ ਮੁਸਲਮਾਨ ਭਰਾਵਾਂ ਦੇ ਵਿਛੋੜੇ ਤੇ ਵਿਗੋਚੇ ਦੇ ਦਰਦ ਨੂੰ ਮਹਿਸੂਸ ਕਰਦੇ ਤੇ ਓਸ ਸਾਂਝੇ ਭਾਈਚਾਰੇ ਦੇ ਹਵਾਲੇ ਅਕਸਰ ਉਹਨਾਂ ਦੀ ਗੱਲ ਬਾਤ ਵਿਚ ਹੁੰਦੇ ਜਦੋਂ ਮੁਸਲਮਾਨਾਂ ਦੇ ਏਥੇ ਵੱਸਦਿਆਂ ਮਿੱਸੇ ਭਾਈਚਾਰੇ ਦਾ ਇਕ ਅਪਣਾ ਹੀ ਆਨੰਦ ਹੁੰਦਾ ਸੀ। ਇੰਜ ਮੈਨੂੰ ਮੁਸਲਮਾਨਾਂ ਦੇ ਤੁਰ ਜਾਣ ਦੀ ਪੀੜ ਵੀ ਬਚਪਨ ਤੋਂ ਹੀ ਦੁਖੀ ਕਰਨ ਲੱਗੀ ਤੇ ਜਾਪਣ ਲੱਗਾ ਕਿ ਉਹਨਾਂ ਦੇ ਤੁਰ ਜਾਣ ਨਾਲ ਪੰਜਾਬੀਅਤ ਦਾ ਇੱਕ ਅੰਗ ਛਾਂਗਿਆ ਗਿਆ ਹੈ। ਮੇਰਾ ਪਿਓ ਵੀ ਭਡਾਣੇ ਦੀਆਂ ਗੱਲਾਂ ਕਰਦਾ। ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦੀ ਹੋਂਦ ਵਾਲਾ ਭਡਾਣਾ ਤੇ ਸੁਰ ਸਿੰਘ ਮੇਰੀ ਕਲਪਨਾ ਵਿਚ ਵੱਸ ਗਏ ਪਰ ਉਹ ਹਕੀਕਤ ਵਿਚ ਨਾ ਦਿਸਣ ਕਰਕੇ ਮਨ ਡਾਢਾ ਦੁਖੀ ਹੁੰਦਾ। ਮੁਸਲਮਾਨ ਮੈਨੂੰ ਚੰਗੇ ਲੱਗਣ ਲੱਗੇ ਤੇ ਉਹਨਾਂ ਦੇ ਤੁਰ ਜਾਣ ਤੇ ਸਾਡੇ ਓਧਰੋਂ ਏਧਰ ਤੁਰ ਆਉਣ ਦਾ ਮਨ ਵਿਚ ਪਿਆ ਖੱਪਾ ਵੀ ਮੇਰੀ ਡੂੰਘੀ ਪੀੜ ਬਣ ਗਿਆ। ਜਲੰਧਰ ਆ ਵੱਸਣ ਕਾਰਨ ਪਿੰਡ ਛੱਡਣ ’ਤੇ ਜਿੱਥੇ ਮੇਰੇ ਪਿੰਡ ਵਾਸੀਆਂ ਨੇ ਬੜਾ ਵਿਗੋਚਾ ਮਹਿਸੂਸ ਕੀਤਾ ਸੀ ਓਥੇ ਅਸੀਂ ਵੀ ਬੜਾ ਚਿਰ ਉਖੜੇ-ਪੁਖੜੇ ਜਿਹੇ ਮਹਿਸੂਸ ਕਰਦੇ ਰਹੇ। ਪਿੰਡ ਵਿਚ ਕੋਈ ਵੱਡਾ ਸਮਾਗਮ ਹੁੰਦਾ, ਕੋਈ ਲੀਡਰ ਪਿੰਡ ਆਉਂਦਾ ਤਾਂ ਪਿੰਡ ਵੱਲੋਂ ਮੈਨੂੰ ਹੀ ਬੋਲਣ ਤੇ ਪਿੰਡ ਦੀਆਂ ਮੰਗਾਂ ਰੱਖਣ ਲਈ ਕਿਹਾ ਜਾਂਦਾ ਸੀ। ਸਰਪੰਚ ਭਾਵੇਂ ਕੋਈ ਹੁੰਦਾ, ਸਾਰੀ ਪੰਚਾਇਤ ’ਤੇ ਭਾਈਚਾਰਾ ਸਰਬਸੰਮਤੀ ਨਾਲ ਇਹ ਮਾਣ ਮੈਨੂੰ ਹੀ ਦਿੰਦਾ। ਜਲੰਧਰ ਆ ਵੱਸਣ ’ਤੇ ਵੀ ਕੋਈ ਅਜਿਹਾ ਮੌਕਾ ਹੁੰਦਾ ਤਾਂ ਪਿੰਡ ਵਾਲੇ ਮੈਨੂੰ ਸੱਦ ਭੇਜਦੇ। ਹਰਕਿਸ਼ਨ ਪਬਲਿਕ ਸਕੂਲ ਦੀ ਦਸਾਂ ਪਿੰਡਾਂ ਦੀ ਬਣੀ ਕਮੇਟੀ ਦਾ ਮੈਂ ਚੇਅਰਮੈਨ ਸੀ ਤੇ ਜਲੰਧਰ ਆ ਕੇ ਵੀ ਮੈਨੂੰ ਕਈ ਸਾਲ ਇਹ ਸੇਵਾ ਨਿਭਾਉਣੀ ਪਈ। ਹਾਰ ਕੇ, ਮਜਬੂਰੀ ਦੱਸ ਕੇ ਮੈਂ ਇਸ ਜ਼ਿਮੇਵਾਰੀ ਤੋਂ ਮੁਕਤ ਹੋਣ ਲਈ ਖ਼ਿਮਾ ਮੰਗੀ। ਜਲੰਧਰ ਰਹਿੰਦਿਆਂ ਹੀ ਪਿੰਡ ਵਿਚ ਬਣੀ ਦੇਸ਼ ਭਗਤ ਯਾਦਗ਼ਾਰ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ ਤਾਂ ਇਹ ਅਹੁਦਾ ਵੀ ਸਮਾਂ ਨਾ ਕੱਢਣ ਸਕਣ ਕਰਕੇ ਤਿਆਗਣ ਦੀ ਬੇਨਤੀ ਕੀਤੀ।

ਇਹ ਕਹਿਣ ਤੋਂ ਮੇਰੀ ਮੁਰਾਦ ਇਹ ਹੈ ਕਿ ਮੇਰਾ ਪਿੰਡ ਤੇ ਪਿੰਡ ਵਾਸੀ ਮੈਨੂੰ ਕਿੰਨੀ ਇਜ਼ਤ ਦਿੰਦੇ ਸਨ। ਜਲੰਧਰ ਆ ਕੇ ਪਿੰਡ ਬੜੀ ਸ਼ਿੱਦਤ ਨਾਲ ਯਾਦ ਆਉਂਦਾ। ਅਸੀਂ ਕੁਝ ਸਾਲ ਪਹਿਲਾਂ ਹੀ ਪਿੰਡ ਵਿਚ ਨਵੇਂ ਮਕਾਨ ਪਾਏ ਸਨ। ਅਪਣੀ ਕਮਾਈ ਨਾਲ ਬਣਾਏ ਘਰ ਨੂੰ ਤੇ ਆਂਢਣਾਂ-ਗੁਆਂਢਣਾ ਦੇ ਪਿਆਰ ਨੂੰ ਚੇਤੇ ਕਰ ਕਰਕੇ ਮੇਰੀ ਘਰਵਾਲੀ ਜਲੰਧਰ ਵਿਚ ਜਿੰਨਾ ਚਿਰ ਕਿਰਾਏ ਦੇ ਮਕਾਨ ਵਿਚ ਰਹੀ ਸਦਾ ਅੱਖਾਂ ਭਰ ਲੈਂਦੀ ਰਹੀ। ਇਹ ਵੱਖਰੀ ਤਰ੍ਹਾਂ ਦਾ ਉੱਜੜਨਾ ਸੀ। ਸੁਪਨਿਆਂ ਵਿਚ ਅਜੇ ਵੀ ਪਿੰਡ ਫਿਰਦਾ ਹਾਂ। ਜਲੰਧਰ ਵਿਚ ਅਪਣਾ ਘਰ ਬਣਾਇਆ, ਮਾਣ ਇੱਜ਼ਤ ਬਣਾਈ ਤਾਂ ਮਜਬੂਰੀ ਵੱਸ ਜਲੰਧਰ ਛੱਡ ਕੇ ਕਨੇਡਾ ਜਾਣ ਦਾ ਭਾਣਾ ਵਾਪਰ ਗਿਆ। ਹੁਣ ਕਨੇਡਾ ਵਿਚ ਆਉਣ-ਜਾਣ ਦੇ ਗੇੜ ਨੇ ਪਹਿਲੀ ਵਾਰ ਇਹ ਅਹਿਸਾਸ ਕਰਵਾ ਦਿੱਤਾ ਹੈ ਕਿ ਬੰਦਿਆ! ਭਾਵੇਂ ਤੂੰ ਜ਼ਿੰਦਗੀ ਵਿਚ ਕਿੰਨੀਆਂ ਤੰਗੀਆਂ ਕੱਟੀਆਂ ਤੇ ਸੰਘਰਸ਼ ਕੀਤਾ ਪਰ ਅਪਣੇ ਫ਼ੈਸਲਿਆਂ ਦਾ ਮਾਲਕ ਸਦਾ ਆਪ ਰਿਹਾ ਸੈਂ। ਦੋ ਵਾਰ ਨਵੇਂ ਘਰ ਬਨਾਉਣ ਤੋਂ ਬਾਅਦ ਜਿਹੜੇ ਘਰ ਵਿਚ ਕਨੇਡਾ ਆਣ ਵੱਸਿਐਂ ਨਾ ਇਹ ਘਰ ਤੇਰਾ ਹੈ ਤੇ ਨਾ ਇਸ ਵਿਚ ਹੋਣ ਵਾਲੇ ਫ਼ੈਸਲੇ ਤੇਰੇ ਨੇ। ਤੂੰ ਫ਼ਾਲਤੂ ਹੋ ਗਿਐਂ। ਫ਼ਾਲਤੂਪਨ ਦੇ ਇਸ ਅਹਿਸਾਸ ਨੇ ਜ਼ਿੰਦਗੀ ਵਿਚ ਸਭ ਤੋਂ ਵੱਧ ਦੁਖੀ ਤੇ ਪ੍ਰਸੰਗ-ਹੀਣ ਕਰ ਦਿੱਤਾ। ਓਥੇ ਜਾ ਕੇ ਜਲੰਧਰ ਵਾਲਾ ਘਰ ਤੇ ਮਾਣ-ਇੱਜ਼ਤ ਚੇਤੇ ਕਰਕੇ ਦੁਖੀ ਹੋਈਦਾ ਹੈ। ਹੁਣ ਦਿਲ ਕਰਦਾ ਹੈ ਜਲੰਧਰ ਵਿਚ ਹੀ ਮੁੜ ਆ ਵੱਸਾਂ ਤੇ ਸ਼ਾਇਦ ਇਹ ਫ਼ੈਸਲਾ ਕਾਮਯਾਬ ਵੀ ਹੋ ਜਾਏ। ਪਰ ਇਹ ਗੱਲ ਤਾਂ ਹੁਣ ਸਮਝ ਪੈ ਚੁੱਕੀ ਹੈ ਕਿ ਬੰਦੇ ਦਾ ਪੱਕਾ ਟਿਕਾਣਾ ਤਾਂ ਸ਼ਾਇਦ ਹੋਰ ਕਿਤੇ ਵੀ ਨਹੀਂ, ਬੱਸ ਧਰਤੀ ਦੀ ਗੋਦ ਵਿਚ ਹੀ ਹੈ। ਉਂਜ ਜਿਨ੍ਹਾਂ ਥਾਵਾਂ ਨਾਲ ਕਦੀ ਮੁਹੱਬਤ ਦੀਆਂ ਤੰਦਾਂ ਜੁੜੀਆਂ ਰਹੀਆਂ ਹੋਣ ਉਹਨਾਂ ਤੋਂ ਉਖੜਨ ਦਾ ਦਰਦ ਬੰਦੇ ਦੇ ਦਿਲ-ਦਿਮਾਗ਼ ਨੂੰ ਝੂਣਦਾ ਹਲੂਣਦਾ ਜ਼ਰੂਰ ਰਹਿੰਦਾ ਹੈ, ਇਸ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।

*ਹੁਣ-ਘਰ ਬਾਰ ਦੇ ਬਾਕੀ ਜੀਅ ਕਿਹੋ ਜਹੇ ਸਨ?*

ਸੰਧੂ -ਮੇਰਾ ਸਕਾ ਦਾਦਾ ਚੰਦਾ ਸਿੰਘ ਮੇਰੇ ਬਚਪਨ ਦੇ ਸਾਲਾਂ ਵਿਚ ਬਹੁਤਾ ਅਬਹੋਰ ਵਾਲੀ ਜ਼ਮੀਨ 'ਤੇ ਹੀ ਰਿਹਾ। ਫੇਰ ਜ਼ਮੀਨ ਵੇਚ ਕੇ ਸਾਡੇ ਕੋਲ ਆਣ ਵੱਸਿਆ। ਉਹ ਬੜਾ ਮਾਰ-ਖੋਰਾ ਆਦਮੀ ਸੀ। ਢਾਣੀਆਂ ਵਿਚ ਰਹਿਣ ਵਾਲਾ; ਲੜਾਈ-ਭੜਾਈ ਕਰਨ ਵਾਲਾ। ਵਿਰੋਧੀਆਂ ਤੋਂ ਲੈ ਕੇ ਪੁਲਸ ਤੱਕ ਨੂੰ ਕੁੱਟਿਆ ਵੀ ਤੇ ਕੁੱਟਾਂ ਖਾਧੀਆਂ ਵੀ। ਦੋ ਕਤਲ ਵੀ ਹੋ ਗਏ। ਉਹਦੀਆਂ ਗੱਲਾਂ-ਬਾਤਾਂ ਵਿਚ ਸਦਾ ਲੜਾਈਆਂ ਤੇ ਮਾਰਾਂ-ਕੁੱਟਾਂ ਦਾ ਬਿਰਤਾਂਤ ਹੁੰਦਾ। ਬੜਾ ਹੀ ਅਣਖ਼ੀਲਾ ਆਦਮੀ ਸੀ। ਕਿਸੇ ਦੀ ਟੈਂਅ ਨਾ ਮੰਨਣ ਵਾਲੇ ਪੰਜਾਬੀ ਦੀ ਪ੍ਰਤੀਨਿਧ ਮਿਸਾਲ। ਮੇਰੀਆਂ ਕੁਝ ਕਹਾਣੀਆਂ ਵਿਚ ਉਸਦਾ ਜ਼ਿਕਰ ਮਿਲਦਾ ਹੈ। 'ਮੈਂ ਹੁਣ ਠੀਕ ਠਾਕ ਹਾਂ' ਵਿਚ ਭਰੀ ਮੱਸਿਆ ਵਿਚ ਅਪਣੀ ਬਾਂਹ ਨੀਵੀਂ ਕਰਨ ਦਾ ਲਲਕਾਰਾ ਮਾਰਨ ਵਾਲੇ ਕਿਸੇ ਹੰਕਾਰੇ ਜੱਟ ਦੀ ਬਾਂਹ ਭੰਨਣ ਵਾਲਾ ਬੰਦਾ ਓਹੋ ਹੀ ਹੈ। ਮੇਰੇ ਸੁਭਾ ਵਿਚਲੇ ਥੋੜੇ-ਬਹੁਤੇ ਖਾੜਕੂਪਨ ਵਿਚ ਉਹਦਾ ਹਿੱਸਾ ਵੀ ਹੋ ਸਕਦਾ ਹੈ। ਮੇਰੇ ਪਿਓ ਦਾ ਮਾਮਾ ਹਕੀਕਤ ਸਿੰਘ ਸੁਭਾ ਦਾ ਬੇਪ੍ਰਵਾਹ ਤੇ ਮਖ਼ੌਲੀਏ ਸੁਭਾ ਦਾ ਬੰਦਾ ਸੀ। ਸਾਰੀ ਉਮਰ ਹੱਥੀਂ ਕੰਮ ਨਹੀਂ ਕੀਤਾ। ਜ਼ਮੀਨ ਦਾ ਹਿੱਸਾ ਠੇਕਾ ਖਾਂਦਾ ਰਿਹਾ। ਦੁੱਧ-ਘਿਓ ਖਾਣ-ਪੀਣ ਦਾ ਸ਼ੌਕੀਨ। ਨਸ਼ਾ ਬਿਲਕੁਲ ਨਹੀਂ ਸੀ ਕਰਦਾ। ਉਹਦੀ ਪਤਨੀ , ਸਾਡੀ ਦਾਦੀ ਹਰਨਾਮ ਕੌਰ ਬੜੀ ਹੀ ਪਾਕ ਰੂਹ ਸੀ। ਮੁਹੱਬਤ ਨਾਲ ਨੱਕੋ ਨੱਕ ਭਰੀ ਹੋਈ। ਸਾਫ਼ ਤੇ ਸੁਧ ਮਨ ਵਾਲੀ। ਉਸ ਕੋਲੋਂ ਬੁੱਕਲ ਵਿਚ ਬੈਠ ਕੇ ਬਚਪਨ ਵਿਚ ਪਹਿਲੀਆਂ ਬਾਤਾਂ ਸੁਣੀਆਂ। ਧਾਰਮਿਕ ਤੌਰ 'ਤੇ ਵੀ ਉਹ ਖੁਲ੍ਹੇ ਦਿਲ ਵਾਲੀ ਸੀ। ਏਸੇ ਕਰਕੇ ਉਸ ਕੋਲ ਸਲਾਹ ਮਸ਼ਵਰਾ ਲੈਣ ਲਈ ਆਸੇ ਪਾਸੇ ਵੱਸਦੀਆਂ ਬਾਹਮਣੀਆਂ-ਖ਼ਤਰਾਣੀਆਂ ਵੀ ਤੇ ਦੂਜੀਆਂ ਕਥਿਤ ਨੀਵੀਂਆਂ ਜਾਤੀਆਂ ਦੀਆਂ ਔਰਤਾਂ ਵੀ ਆਉਂਦੀਆਂ ਰਹਿੰਦੀਆਂ। ਉਹਦੇ ਆਖੇ ਦੀ ਕਦਰ ਕਰਦੀਆਂ। ਮੇਰੇ ਪਿਓ ਦੀ ਸ਼ਖ਼ਸੀਅਤ 'ਤੇ ਉਸਦਾ ਅਸਰ ਪਰਤੱਖ ਦਿਸਦਾ ਹੈ। ਉਹਨੂੰ ਮੈਂ ਕਦੀ ਗੁੱਸੇ ਵਿਚ ਆਈ ਨਹੀਂ ਵੇਖਿਆ। ਕਦੀ ਬਾਲਾਂ ਨੂੰ ਝਿੜਕਦਿਆਂ ਜਾਂ ਗੁੱਸੇ ਹੁੰਦਿਆਂ ਨਹੀਂ ਵੇਖਿਆ। ਇਕ ਆਦਰਸ਼ ਔਰਤ ਦੀ ਤਸਵੀਰ ਸੀ ਉਹ। ਮੇਰੇ ਤੋਂ ਛੋਟੇ ਚਾਰ ਭੈਣ ਭਰਾ ਹੋਰ ਸਨ। ਤਿੰਨਾਂ ਭੈਣਾਂ ਵਿਚੋਂ ਵੱਡੀਆਂ ਦੋਵਾਂ ਨੂੰ ਤਾਂ ਬਾਪੂ ਹਕੀਕਤ ਸਿੰਘ ਨੇ ਪੁਰਾਣੇ ਵਿਚਾਰਾਂ ਕਰਕੇ ਪੜ੍ਹਨ ਹੀ ਨਹੀਂ ਜਾਣ ਦਿੱਤਾ। ਉਹ ਘਰੇ ਹੀ ਅੱਖਰੀ ਗਿਆਨ ਪ੍ਰਾਪਤ ਕਰਕੇ ਮਾੜੇ-ਮੋਟੇ ਅੱਖਰ ਉਠਾਣ ਜੋਗੀਆਂ ਹੋਈਆਂ। ਭਰਾ ਵੀ ਲਾਡਾਂ ਲਾਡਾਂ ਵਿਚ ਵਿਗੜ ਗਿਆ ਤੇ ਪ੍ਰਾਇਮਰੀ ਵਿਚੋਂ ਹੀ ਪੜ੍ਹਨੋਂ ਉੱਠ ਖਲੋਤਾ। ਮੇਰੇ ਲੱਖ ਯਤਨ ਕਰਨ 'ਤੇ ਵੀ ਅੱਗੇ ਨਾ ਤੁਰਿਆ। ਛੋਟੀ ਭੈਣ ਹੀ ਦਸ ਜਮਾਤਾਂ ਪੜ੍ਹ ਸਕੀ ਕਿਉਂਕਿ ਉਦੋਂ ਤੱਕ ਮੈਂ ਸੁਰਤ ਸੰਭਲ ਚੁੱਕਾ ਸੀ ਤੇ ਅਪਣੀ ਮਨਵਾਉਣ ਲਈ ਜ਼ੋਰ ਪਾ ਸਕਦਾ ਸਾਂ। ਪੜ੍ਹਾਈ ਲਿਖਾਈ ਵੱਲੋਂ ਮੇਰੇ ਪਰਿਵਾਰ  ਦੇ ਪਛੜੇ ਰਹਿ ਜਾਣ ਦਾ ਮੈਨੂੰ ਬੜਾ ਦੁੱਖ ਹੈ।

*ਹੁਣ-ਚੜ੍ਹਦੀ ਉਮਰੇ ਕੋਈ ਅਜਿਹੇ ਦੋਸਤ ਵੀ ਹੋਣਗੇ ਜਿਨ੍ਹਾਂ ਨਾਲ ਖ਼ੂਬ ਨਿਭੀ ਜਾਂ ਜਿਨ੍ਹਾਂ ਦੀ ਸਖਸ਼ੀਅਤ ਦਾ ਤੁਹਾਡੇ 'ਤੇ ਡੂੰਘਾ ਅਸਰ ਪਿਆ?*

ਸੰਧੂ -ਉਸ ਉਮਰ ਦੇ ਦੋਸਤਾਂ ਦੀ ਸੂਚੀ ਬੜੀ ਰੰਗ-ਬ- ਰੰਗੀ ਹੈ। ਮੇਰਾ ਜਾਤ-ਪਾਤ ਵਿਚ ਵਿਸ਼ਵਾਸ ਨਹੀਂ ਪਰ ਦੱਸਣ ਲਈ ਜਾਤਾਂ ਗਿਣਾ ਰਿਹਾਂ। ਮੁੱਖਾ ਤੇ ਬਲਵਿੰਦਰ ਸੁਨਿਆਰ; ਤਾਰੀ ਮਹਿਰਾ; ਜੋਗਿੰਦਰ ਮਜ਼ਬੀ; ਫੌਜੂ ਸਾਂਹਸੀ; ਤਰਸੇਮ ਮੋਚੀ; ਮਹਿੰਦਰ ਮਹਿਰਾ; ਦਰਸ਼ਨ, ਦਵਾਰਕਾ ਤੇ ਲਾਲ ਬ੍ਰਾਹਮਣ; ਅਤਰ ਤੇ ਪਰਕਾਸ਼ ਜੱਟ। ਇਹ ਸਾਰੇ ਮੇਰੇ ਨੇੜੂ ਸਨ। ਸਮੇਂ ਸਮੇਂ ਦੇ ਜੋਟੀਦਾਰ। ਇਹਨਾਂ ਨਾਲ ਸਾਂਝ ਦਾ ਅਸਰ ਮੇਰੇ 'ਤੇ ਇਹ ਹੋਇਆ ਕਿ ਮੈਨੂੰ 'ਸਗਲ-ਸੰਗ ਬਣ ਆਉਣ' ਲੱਗੀ। ਜਾਤਾਂ-ਪਾਤਾਂ ਦੀ ਥਾਂ ਮਨੁੱਖਤਾ ਵਿਚ ਮੇਰਾ ਵਿਸ਼ਵਾਸ ਵਧਿਆ। ਇਹਨਾਂ ਵਿਚੋਂ ਮੇਰੀ ਸਾਹਿਤਕ ਰੁਚੀ ਨੂੰ ਪ੍ਰਫੁੱਲਤ ਕਰਨ ਵਿਚ ਅਤਰ ਸਿੰਘ ਦਾ ਵੱਡਾ ਯੋਗਦਾਨ ਆਖਿਆ ਜਾ ਸਕਦਾ ਹੈ। ਭਾਵੇਂ ਸਾਹਿਤ ਪੜ੍ਹਨ ਦੀ ਚੇਟਕ ਮੈਨੂੰ ਅਪਣੇ ਪਿਤਾ ਤੋਂ ਹੀ ਲੱਗ ਗਈ ਸੀ ਤਦ ਵੀ ਸਕੂਲ ਪੜ੍ਹਦਿਆਂ ਮੇਰੇ ਸਾਹਿਤਕ ਸ਼ੌਕ ਨੂੰ ਹੁਲਾਰਾ ਦੇਣ ਤੇ ਮੈਨੂੰ ਲਿਖਣ ਵਾਲੇ ਪਾਸੇ ਪਹਿਲੀ ਪ੍ਰੇਰਨਾ ਦੇਣ ਵਾਲਾ ਅਤਰ ਹੀ ਸੀ। ਉਸਦੇ ਸੁਝਾ 'ਤੇ ਹੀ ਅਸੀਂ ਸਕੂਲ ਦੀ ਲਾਇਬ੍ਰੇਰੀ ਵਿਚੋਂ ਪੁਸਤਕਾਂ ਕਢਵਾ ਕੇ ਪੜ੍ਹਨ ਦੀ ਸ਼ੁਰੂਆਤ ਕੀਤੀ। ਇਹ ਵੀ ਉਸਦੀ ਹੀ 'ਪ੍ਰੇਰਨਾ' ਸੀ ਕਿ ਉਹਨਾਂ ਕਿਤਾਬਾਂ ਦੀ ਜਿਲਦ ਲਾਹ ਕੇ ਅਸੀਂ ਉਸ ਵਿਚੋਂ ਅਸਲ ਕਿਤਾਬ ਦਾ ਕਲੇਜਾ ਕੱਢ ਲੈਂਦੇ ਤੇ ਜਿਲਦ ਵਿਚ ਕੋਈ ਪੁਰਾਣੀ ਸਮਾਜਕ ਜਾਂ ਹਿਸਾਬ ਦੀ ਜਾਂ ਕੋਈ ਵੀ ਹੋਰ ਵਾਧੂ ਕਿਤਾਬ ਰੱਖ ਕੇ ਜਮ੍ਹਾਂ ਕਰਾ ਦਿੰਦੇ ਤੇ ਨਵੀਂ ਕਿਤਾਬ ਇਸ਼ੂ ਕਰਵਾ ਲੈਂਦੇ। ਇਹ ਵੀ ਅਤਰ ਹੀ ਸੀ ਜਿਸ ਨੇ ਸਾਡੇ ਸਕਿਆਂ ਵਿਚੋਂ ਲੱਗਦੇ ਤਾਏ ਫੌਜੀ ਡਾਕਟਰ ਬਲਵੰਤ ਸਿੰਘ ਦੀ ਦੱਸ ਪਾਈ, ਜਿਸ ਕੋਲ ਉਸ ਸਮੇਂ ਪੰਜਾਬੀ ਵਿਚ ਛਪਦੇ ਸਾਰੇ ਸਾਹਿਤਕ ਪੱਤਰ ਆਉਂਦੇ ਸਨ ਤੇ ਅਸੀਂ ਉਸ ਕੋਲੋਂ ਪ੍ਰੀਤ-ਲੜੀ, ਕਵਿਤਾ, ਕਹਾਣੀ, ਅਮਰ ਕਹਾਣੀਆਂ, ਫ਼ਤਹਿ ਤੇ ਪ੍ਰੀਤਮ ਆਦਿ ਦੀਆਂ ਸਾਰੀਆਂ ਫ਼ਾਈਲਾਂ ਪ੍ਰਾਪਤ ਕਰ ਕੇ ਪੜ੍ਹੀਆਂ। ਇਸ ਨਾਲ ਸਾਡੇ ਅੰਦਰਲਾ ਲੇਖਕ ਜਾਗਣਾ ਸ਼ੁਰੂ ਹੋਇਆ। ਇਹ ਵੀ ਅਤਰ ਸਿੰਘ ਹੀ ਸੀ ਜਿਸ ਨੇ ਸੁਝਾ ਦਿੱਤਾ ਕਿ ਆਪਾਂ ਬਾਲ-ਸਭਾ ਵਿਚ ਅਪਣੀ ਕਵਿਤਾ ਲਿਖ ਕੇ ਸੁਣਾਈਏ। ਉਸਦੀ ਅਗਵਾਈ ਵਿਚ ਹੀ ਅਸੀਂ ਮਿਲ ਕੇ ਸਾਂਝੀ ਕਵਿਤਾ ਲਿਖੀ ਅਪਣੇ ਸਕੂਲ ਬਾਰੇ। ਸਾਡੀ 'ਬੱਲੇ!ਬੱਲੇ!' ਹੋਈ ਤਾਂ ਅਸੀਂ ਰੋਜ਼ ਹੀ ਛੁੱਟੀ ਤੋਂ ਬਾਅਦ ਖੇਤਾਂ ਨੂੰ ਨਿਕਲ ਜਾਂਦੇ ਤੇ ਕੋਈ ਇਕ ਟੇਕ ਮਿਥ ਕੇ  ਕਵਿਤਾ ਦੀਆਂ ਤੁਕਾਂ ਜੋੜਨ ਲੱਗਦੇ। ਜਿਸਦੀ ਤੁਕ ਵਧੇਰੇ ਕਾਵਿਕ ਹੁੰਦੀ ਅਸੀਂ ਉਸਨੂੰ ਨੋਟ ਕਰ ਲੈਂਦੇ। ਹੌਲੀ ਹੌਲੀ ਮੈਨੂੰ ਚੰਗੀਆਂ ਸਤਰਾਂ ਸੁਝਣ ਲੱਗੀਆਂ ਤੇ ਮੈਂ ਇਕੱਲੇ ਤੌਰ 'ਤੇ ਵੀ ਕਵਿਤਾ ਲਿਖਣ ਲੱਗਾ। ਫਿਰ ਛਪਣ ਵੀ ਲੱਗਾ ਤੇ ਚੱਲੋ-ਚੱਲ ਕਹਾਣੀ ਤੁਰ ਪਈ। ਕੁਝ ਸਾਲ ਅਤਰ ਵੀ ਕਵਿਤਾ ਲਿਖਦਾ ਰਿਹਾ ਪਰ ਉਹ ਤੋੜ ਨਾ ਨਿਭ ਸਕਿਆ। ਪਰ ਮੈਨੂੰ ਲੱਗਦੈ ਕਿ ਜੇ ਉਹ ਮੈਨੂੰ ਪਹਿਲੀ ਕਵਿਤਾ ਲਿਖਣ ਦੀ ਪ੍ਰੇਰਨਾ ਨਾ ਦਿੰਦਾ ਤਾਂ ਸ਼ਾਇਦ ਮੇਰੇ ਅੰਦਰਲਾ ਲੇਖਕ ਕਈ ਚਿਰ ਸੁੱਤਾ ਈ ਰਹਿੰਦਾ। ਫੇਰ ਮੇਰੇ ਪ੍ਰਭਾਵ ਅਧੀਨ ਕਈ ਦੋਸਤਾਂ ਨੇ ਕੁਝ ਕਵਿਤਾਵਾਂ ਤੇ ਕਹਾਣੀਆਂ ਲਿਖੀਆਂ। ਉਹ ਛਪੀਆਂ ਵੀ ਪਰ ਉਹ ਲੇਖਕ ਵਜੋਂ ਵਿੱਚੇ ਹੀ ਦਮ ਤੋੜ ਗਏ। ਪ੍ਰਕਾਸ਼, ਦਵਾਰਕਾ, ਦਰਸ਼ਨ, ਭੁਪਿੰਦਰ, ਰਾਜਪਾਲ, ਰਘਬੀਰ, ਚਾਨਣ ਚੀਮਾ ਤੇ ਕੁਝ ਹੋਰ ਵੀ ਲਿਖਦੇ-ਛਪਦੇ ਰਹੇ ਪਰ ਤੋੜ ਨਾ ਚੜ੍ਹ ਸਕੇ।

*ਹੁਣ-ਮਨੁੱਖ ਮਾਹੌਲ ਦੀ ਹੀ ਪੈਦਾਵਾਰ ਹੈ। ਲਗਦਾ ਹੈ ਤੁਹਾਡੀਆਂ ਕਹਾਣੀਆਂ ਦੇ ਮੋੜ ਘੋੜ ਅਤੇ ਅਲੋਕਾਰ ਪਾਤਰ ਪਿੰਡਾਂ ਦੇ ਮਾਹੌਲ ਨੇ ਹੀ ਤੁਹਾਡੇ ਮਨ ਵਿਚ ਬੀਜ ਦਿੱਤੇ ਸਨ। ਨਹੀਂ?*

ਸੰਧੂ -ਪਿੰਡ ਦੀ ਰਹਿਤਲ ਦਾ ਮੇਰੇ ਖ਼ਿਆਲਾਂ 'ਤੇ ਬੜਾ ਡੂੰਘਾ ਅਸਰ ਹੈ। ਕੋਈ ਸ਼ੱਕ ਨਹੀਂ ਕਿ ਮੇਰੇ ਪਾਤਰ ਵੀ ਓਸੇ ਜ਼ਮੀਨ ਵਿਚੋਂ ਉੱਗੇ ਹਨ। 'ਡੂੰਮ੍ਹ' ਦਾ ਤੇਜੂ, 'ਸੁਨਹਿਰੀ ਕਿਣਕਾ' ਦਾ ਫੌਜੂ, 'ਭੱਜੀਆਂ ਬਾਹੀਂ' ਦਾ ਕੇਵਲ, 'ਚੌਥੀ ਕੂਟ' ਦਾ ਕਲਰਕ, 'ਨਾਇਕ' ਦਾ ਹਸਰਤ, 'ਤਾਰ 'ਤੇ ਤੁਰਦਾ ਆਦਮੀ' ਦਾ ਮਾਸਟਰ, 'ਨੌਂ ਬਾਰਾਂ ਦਸ' ਦਾ ਨਿੰਦਰ ਤੇ ਹੋਰ ਕਿੰਨ੍ਹੇ ਹੀ ਪਾਤਰ ਮੇਰੇ ਨਿੱਜੀ ਮੁਸ਼ਾਹਦੇ ਦਾ ਹਿੱਸਾ ਨੇ। ਨਵੀਆਂ ਕਹਾਣੀਆਂ 'ਰਿਮ ਝਿਮ ਪਰਬਤ' ਤੇ 'ਜਮਰੌਦ' ਵਿਚ ਮੇਰੇ ਪਿੰਡ ਦਾ ਇਤਿਹਾਸ ਬੋਲਦਾ ਹੈ। 'ਅੰਗ-ਸੰਗ', 'ਪਰਛਾਵੇਂ', 'ਛੁੱਟੀ', 'ਕੁਰਾਹੀਆ', 'ਡੁੱਬਦਾ-ਚੜ੍ਹਦਾ'  ਅਤੇ ਹੋਰ ਕਈ

ਕਹਾਣੀਆਂ ਵਿਚ ਮੇਰਾ ਨਿੱਜ ਤੇ ਪਰਿਵਾਰ ਦੇ ਜੀਅ ਸ਼ਾਮਲ ਹਨ। ਮੈਨੂੰ ਕੋਈ ਮਿਹਣਾ ਨਹੀਂ ਕਿ ਮੈਂ ਇਹਨਾਂ ਬਾਰੇ ਹੀ ਲਿਖ ਸਕਿਆਂ। ਇਹਨਾਂ ਬਾਰੇ ਹੀ ਲਿਖ ਸਕਦਾ ਸਾਂ ਕਿਉਂਕਿ ਮੈਂ ਇਹਨਾਂ ਨੂੰ ਹੀ ਨੇੜਿਓਂ ਜਾਣਦਾ ਸਾਂ।

# ਅੰਦਰਲਾ ਕਵੀ

*ਹੁਣ*-ਤੁਸਾਂ ਮੁੱਢ ਵਿਚ ਇੱਕ ਕਿਤਾਬ ਵਿਚ ਛਪਣ ਜੋਗੀਆਂ ਕ੍ਰਾਂਤੀਕਾਰੀ ਕਵਿਤਾਵਾਂ ਵੀ ਲਿਖੀਆਂ। ਹੁਣ ਉਹ ਕਿਹੋ ਜਹੀਆਂ ਲਗਦੀਆਂ ਹਨ?

ਸੰਧੂ -ਓਸ ਦੌਰ ਦੇ ਕਵੀਆਂ ਦੀ ਸੂਚੀ ਵਿਚ ਸਤਵੇਂ-ਅਠਵੇਂ ਥਾਂ 'ਤੇ ਮੇਰਾ ਨਾਂ ਵੀ ਆਉਂਦਾ ਸੀ। ਮੈਨੂੰ ਹੈਰਾਨੀ ਤੇ ਖ਼ੁਸ਼ੀ ਹੋਈ ਜਦੋਂ ਸੁਰਿੰਦਰ ਧੰਜਲ ਨੇ ਇਹ ਲਿਖਿਆ ਕਿ ਉਸਨੇ ਕਵੀ ਬਣਨ ਲਈ ਜਿਹੜੇ ਨੌਂ ਪੰਜਾਬੀ ਕ੍ਰਾਤੀਕਾਰੀ ਕਵੀਆਂ ਕੋਲੋਂ ਪ੍ਰੇਰਨਾ ਲਈ ਉਹਨਾਂ ਵਿਚ ਮੇਰਾ ਨਾਂ ਵੀ ਸ਼ਾਮਲ ਹੈ। ਜ਼ਾਹਿਰ ਹੈ ਮੇਰੀ ਕਵਿਤਾ ਵਿਚ ਏਨਾ ਕੁ ਦਮ ਤਾਂ ਸੀ ਕਿ ਕਿਸੇ ਨਵੇਂ ਕਵੀ ਲਈ 'ਪ੍ਰੇਰਨਾ ਦਾ ਸੋਮਾ' ਬਣ ਸਕੇ। ਮੈਂ ਉਸ ਸਮੇਂ ਦੇ ਕਹਿੰਦੇ-ਕਹਾਉਂਦੇ ਕ੍ਰਾਂਤੀਕਾਰੀ ਕਵੀਆਂ, ਪਾਸ਼, ਉਦਾਸੀ, ਜਗਤਾਰ, ਫ਼ਤਹਿਜੀਤ ਤੇ ਹੋਰਨਾਂ ਨਾਲ ਇਕੋ ਸਟੇਜ 'ਤੇ ਕਈ ਕਵੀ ਦਰਬਾਰਾਂ ਵਿਚ ਕਵਿਤਾ ਪੜ੍ਹਦਾ ਵੀ ਰਿਹਾ ਤੇ ਦਾਦ ਵੀ 'ਬਟੋਰਦਾ ਰਿਹਾ'। ਇੰਜ ਹੀ ਇਕ ਵਾਰ ਮੈਨੂੰ ਪੰਜਾਬੀ ਨਾਟਕਕਾਰ ਸਤੀਸ਼ ਵਰਮਾ ਨੇ ਇਹ ਦੱਸ ਕੇ ਹੈਰਾਨ ਕਰ ਦਿੱਤਾ ਕਿ ਉਹ ਜਦੋਂ ਕਾਲਜ ਪੜ੍ਹਦਾ ਹੁੰਦਾ ਸੀ ਤਾਂ ਕਵਿਤਾ ਮੁਕਾਬਲਿਆਂ ਵਿਚ ਮੇਰੀ ਕਵਿਤਾ 'ਔਰਤ ਦੇ ਨਾਂ' ਪੜ੍ਹ ਕੇ ਕਈ ਵਾਰ ਪਹਿਲਾ ਇਨਾਮ ਜਿੱਤਦਾ ਰਿਹਾ ਸੀ। ਚਾਰ ਕੁ ਸਾਲ ਪਹਿਲਾਂ ਮੈਂ ਦੇਸ਼ ਭਗਤ ਯਾਦਗਾਰ ਹਾਲ ਵਿਚ 'ਗ਼ਦਰੀ ਬਾਬਿਆਂ ਦੇ ਮੇਲੇ' 'ਤੇ ਕਵੀ ਦਰਬਾਰ ਦਾ ਸੰਚਾਲਨ ਕਰ ਰਿਹਾ ਸਾਂ ਕਿ ਇੰਗਲੈਂਡ ਤੋਂ ਆਏ ਬਜ਼ੁਰਗ ਕਵੀ ਚੰਚਲ ਸਿੰਘ ਬਾਬਕ ਨੇ ਕਵਿਤਾ ਸੁਣਾਉਣ ਤੋਂ ਪਹਿਲਾਂ ਕਿਹਾ ਕਿ ਮੇਰੀ ਇਹ ਕਵਿਤਾ ਪੰਝੀ ਸਾਲ ਪਹਿਲਾਂ ਲਿਖੀ ਗਈ ਹੈ ਤੇ ਇਸਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸ਼ਹੀਦ ਦਾ ਬੁੱਤ ਗੱਲਾਂ ਕਰਦਾ ਹੈ। ਉਸਦੇ ਕਵਿਤਾ-ਪਾਠ ਤੋਂ ਪਿੱਛੋਂ ਮੈਂ ਹਾਸੇ ਨਾਲ ਕਿਹਾ ਕਿ ਜੇ ਸ਼ਹੀਦ ਦੇ ਬੁੱਤ ਦਾ ਪੰਝੀ ਸਾਲ ਪਹਿਲਾਂ ਬਾਬਕ ਹੁਰਾਂ ਦੀ ਕਵਿਤਾ ਵਿਚ ਬੋਲਣਾ ਹੀ ਵੱਡੀ ਗੱਲ ਹੈ ਤਾਂ ਮੇਰੀ ਕਵਿਤਾ ਵਿਚ ਤਾਂ ਸ਼ਹੀਦ ਦਾ ਬੁੱਤ ਇਕੱਤੀ ਸਾਲ ਪਹਿਲਾਂ ਬੋਲ ਚੁੱਕਾ ਹੈ। ਪ੍ਰਧਾਨਗੀ ਕਰ ਰਹੇ ਸੁਰਜੀਤ ਪਾਤਰ ਨੇ ਕਿਹਾ ਕਿ ਮੈਂ ਵੀ ਹੁਣ ਅਪਣੇ ਬੁੱਤ ਨੂੰ ਸਟੇਜ 'ਤੇ ਬੁਲਾ ਹੀ ਦਿਆਂ। ਮੈਂ ਅਪਣੀ ਕਵਿਤਾ 'ਸ਼ਹੀਦ ਦਾ ਬੁੱਤ' ਸੁਣਾਈ। ਦਾਦ ਤਾਂ ਮਿਲਣੀ ਹੀ ਸੀ; ਵੱਡੀ ਗੱਲ ਇਹ ਹੋਈ ਕਿ ਉਹ ਕਵਿਤਾ ਕਈ ਪੁਸਤਕਾਂ ਤੇ ਰਿਸਾਲਿਆਂ ਵਿਚ ਛਾਪੀ ਵੀ ਗਈ ਤੇ ਪਿਛਲੇ ਸਾਲਾਂ ਵਿਚ ਵਿਦਿਆਰਥੀ ਕਾਵਿ-ਮੁਕਾਬਲਿਆਂ ਵਿਚ ਉਸਦਾ ਪਾਠ ਵੀ ਕਰ ਰਹੇ ਹਨ।

ਇਹ ਸਭ ਦੱਸਣ ਦਾ ਭਾਵ 'ਅਪਣੇ ਮੂੰਹ ਮੀਆਂ ਮਿੱਠੂ' ਬਣਨ ਤੋਂ ਨਹੀਂ, ਸਿਰਫ਼ ਇਹ ਦੱਸਣ ਤੋਂ ਹੈ ਕਿ ਮੈਂ ਜੇ ਉਸ ਦੌਰ ਦੇ 'ਤਿੰਨਾਂ' ਕਵੀਆਂ ਵਿਚ ਸ਼ਾਮਲ ਨਹੀਂ ਸਾਂ ਤਦ ਵੀ 'ਤ੍ਰੇਰਾਂ' ਵਿਚ ਤਾਂ ਗਿਣਿਆਂ ਹੀ ਜਾਂਦਾ ਸਾਂ। ਪਰ ਮੈਂ ਕਦੀ ਇਹ ਨਹੀਂ ਸੀ ਚਾਹਿਆ ਕਿ ਮੇਰੀ ਗਿਣਤੀ 'ਤ੍ਰੇਰਾਂ' ਵਿਚ ਹੋਵੇ। ਮੈਂ ਅਪਣੀ ਕਾਵਿਕ ਪ੍ਰਤਿਭਾ ਦਾ ਅਨੁਮਾਨ ਲਾਇਆ ਤੇ ਮਹਿਸੂਸ ਕੀਤਾ ਕਿ 'ਤ੍ਰੇਰਾਂ' ਦੀ ਸੂਚੀ ਵਿਚੋਂ ਕ੍ਰਮ ਬਦਲ ਕੇ ਹੌਲੀ ਹੌਲੀ ਮੈਂ ਕੁਝ ਪਹਿਲੇ ਨਾਵਾਂ ਵਿਚ ਤਾਂ ਸ਼ਾਮਲ ਹੋ ਸਕਦਾਂ ਪਰ 'ਤਿੰਨਾਂ' ਵਿਚ ਕਦੀ ਨਹੀਂ ਆ ਸਕਦਾ। ਪਰ ਜੇ ਮੈਂ 'ਤਿੰਨਾਂ' ਵਿਚ ਸ਼ਾਮਲ ਨਹੀਂ ਹੋ ਸਕਦਾ ਤਾਂ ਕਵਿਤਾ ਲਿਖਣ ਦਾ ਕੀ ਫ਼ਾਇਦਾ! ਮੈਂ ਕਵਿਤਾ ਲਿਖਣ ਨੂੰ ਪੱਕੀ ਅਲਵਿਦਾ ਕਹਿ ਦਿਤੀ ਤੇ ਕਵਿਤਾ ਲਿਖਣੀ ਅਸਲੋਂ ਬੰਦ ਕਰ ਦਿੱਤੀ। ਮੈਨੂੰ ਅਫ਼ਸੋਸ ਹੈ ਕਿ ਸਾਡੇ ਕਵੀਆਂ ਜਾਂ ਲੇਖਕਾਂ ਵਿਚ ਸਵੈ-ਮੁਲਾਂਕਣ ਕਰ ਸਕਣ ਦੀ ਸੋਝੀ ਤੇ ਸਮਰੱਥਾ ਨਹੀਂ। ਇਸ ਲਈ ਅਜਿਹੇ ਦਰਜਨਾਂ ਕਵੀ ਤੇ ਲੇਖਕ ਹਨ ਜਿਨ੍ਹਾਂ ਨੂੰ ਹੁਣ ਤੱਕ ਲਿਖਣਾ ਛੱਡ ਦੇਣਾ ਚਾਹੀਦਾ ਸੀ ਪਰ ਉਹ ਅਜੇ ਵੀ ਲਿਖੀ ਜਾ ਰਹੇ ਹਨ ਤੇ ਪੰਜਾਬੀ ਕਵਿਤਾ ਤੇ ਹੋਰ ਦੂਜੀਆਂ ਵਿਧਾਵਾਂ ਲਈ ਮਿਹਣਾ ਤੇ ਭਾਰ ਬਣੇ ਹੋਏ ਨੇ। ਅਪਣਾ ਤੇ ਪਾਠਕਾਂ-ਸਰੋਤਿਆਂ ਦਾ ਸਮਾਂ ਬਰਬਾਦ ਕਰ ਰਹੇ ਹਨ। ਮੈਂ ਸਮਾਂ ਬਰਬਾਦ ਕਰਨ ਵਾਲੇ ਕਵੀਆਂ ਵਿਚ ਸ਼ਾਮਲ ਨਾ ਹੋਣ ਦਾ ਇਰਾਦਾ ਕਰ ਕੇ ਹੀ ਕਵਿਤਾਵਾਂ ਦੀ ਕਿਤਾਬ ਨਹੀਂ ਸੀ ਛਪਵਾਈ। ਉਂਜ ਉਹਨਾਂ ਕਵਿਤਾਵਾਂ ਵਿਚੋਂ ਬਹੁਤੀਆਂ ਦੀ ਸਾਰਥਕਤਾ ਅਜੇ ਵੀ ਬਣੀ ਹੋਈ ਹੈ ਤੇ ਮੈਨੂੰ ਉਹਨਾਂ ਦੇ ਲਿਖਣ ਦੀ ਕੋਈ ਨਮੋਸ਼ੀ ਨਹੀਂ। ਇਹਨਾਂ ਵਿਚੋਂ ਕੁਝ ਕਵਿਤਾਵਾਂ ਤਾਂ ਅਨੁਵਾਦ ਦੀ ਸ਼ਕਲ ਵਿਚ ਉਹਨਾਂ ਸਮਿਆਂ ਦੇ ਪ੍ਰਸਿੱਧ ਹਿੰਦੀ ਸਪਤਾਹਿਕ 'ਧਰਮਯੁਗ' ਵਿਚ ਵੀ ਛਪੀਆਂ ਸਨ। ਤੁਹਾਡੀ ਦਿਲਚਸਪੀ ਲਈ ਇਹ ਵੀ ਦੱਸ ਦਿਆਂ ਕਿ ਕੇਵਲ ਸੋਲਾਂ ਸਾਲ ਦੀ ਉਮਰ ਵਿਚ ਲਿਖੀਆਂ ਮੇਰੀਆਂ ਰੁਬਾਈਆਂ ਅੰਮ੍ਰਿਤਸਰੋਂ ਨਿਕਲਦੇ ਮਾਸਿਕ ਪੱਤਰ 'ਕਹਾਣੀ' ਵਿਚ ਗੁਰਮੁਖ ਸਿੰਘ ਮੁਸਾਫ਼ਿਰ ਦੀਆਂ ਰੁਬਾਈਆਂ ਨਾਲ ਇਕੋ ਸਫ਼ੇ 'ਤੇ ਆਹਮੋ-ਸਾਹਮਣੇ ਛਪੀਆਂ ਸਨ। ਇਸ ਹਿਸਾਬ ਨਾਲ ਮੇਰੀ ਕਵਿਤਾ ਦਾ ਇਤਿਹਾਸ ਬਹੁਤਾ ਮਾੜਾ ਨਹੀਂ। ਉਂਜ ਮੇਰੇ ਅੰਦਰਲਾ ਕਵੀ ਕਦੀ ਵੀ ਮਰਿਆ ਨਹੀਂ। ਮੈਂ ਚੰਗੀ ਕਵਿਤਾ ਦਾ ਕਦਰਦਾਨ ਹਾਂ। ਸਗੋਂ ਮੈਂ ਤਾਂ ਪਿਛਲੇ ਸਾਲਾਂ ਵਿਚ ਕੁਝ ਨਵੀਆਂ ਕਵਿਤਾਵਾਂ ਵੀ ਲਿਖੀਆਂ ਹਨ ਭਾਵੇਂ ਕਿਤੇ ਛਪਵਾਈਆਂ ਨਹੀਂ। ਤੁਸੀਂ ਮੇਰੇ ਅੰਦਰਲੇ ਕਵੀ ਨੂੰ ਆਰ ਲਾਈ ਹੈ। ਲਓ ਇਕ ਨਵੀਂ ਕਵਿਤਾ ਸੁਣ ਈ ਲਵੋ: ਅੰਬਾਂ ਵਾਲੀ ਬਾਲਟੀ

-ਰਿਟਾਇਰ ਹੋਣ ਤੋਂ ਬਾਅਦ ਕੀ ਕਰਿਆ ਕਰਾਂਗੇ?
ਸੁਣ ਕੇ ਅੱਗੋਂ
ਬੇਫ਼ਿਕਰ ਜਿਹਾ
ਹਾਸਾ ਹੱਸਦੀ

-ਕਰਨਾ ਕੀ ਏ
ਧੀਆਂ-ਪੁੱਤ ਆਪੋ-ਅਪਣੇ ਘਰ
ਆਪਾਂ ਅਪਣੇ ਘਰ
ਬਾਲਟੀ 'ਚ ਅੰਬ ਪਾਇਆ ਕਰਾਂਗੇ
ਧੋ ਧੋ ਕੇ ਚੂਪਿਆ ਕਰਾਂਗੇ
ਦੋਵੇਂ ਜੀਅ ਮੌਜ ਨਾਲ

-ਪੁੱਤਰ ਦੇ ਘਰ
ਮਾਂਜ ਰਹੀ ਹੈ ਜੂਠੇ ਭਾਂਡੇ
ਪਾਣੀ ਦੀ ਧਾਰ ਹੇਠਾਂ
ਹੱਥ ਮਲਦੀ ਸੋਚੀ ਜਾਵੇ
ਵੇਖੀ ਜਾਵੇ
ਏਦਾਂ ਜਾਪੇ
ਹੌਲੀ ਹੌਲੀ
ਪੋਲੇ ਪੋਲੇ
'ਅੰਬ ਧੋ ਰਹੀ!'

-ਮੰਮੀ ਟੂਟੀ ਬੰਦ ਤਾਂ ਕਰ ਲੌ
ਪਾਣੀ ਐਵੇਂ ਡੁੱਲ੍ਹੀ ਜਾਂਦੈ

-'ਮਹਿੰਗਾ ਪਾਣੀ' ਹੋਰ ਨਾ ਡੁੱਲ੍ਹੇ
ਤ੍ਰਭਕ ਕੇ ਟੂਟੀ ਬੰਦ ਕਰਦੀ ਹੈ
ਸਸਤਾ ਪਾਣੀ ਅੱਖਾਂ ਵਿਚੋਂ
ਤਿੱਪ! ਤਿੱਪ! ਕਰਕੇ ਡੁੱਲ੍ਹਣ ਲੱਗਾ
-ਵਿੰਹਦੇ ਵਿੰਹਦੇ
ਭਰੀਆਂ ਹੋਈਆਂ ਅੱਖਾਂ ਵਿਚੋਂ
ਭਰੀ ਭਰਾਈ ਅੰਬਾਂ ਵਾਲੀ ਬਾਲਟੀ
ਭੁੰਜੇ ਡੁੱਲ੍ਹ ਗਈ।

*ਹੁਣ- ਨਕਸਲੀ ਲਹਿਰ ਦੇ ਅਨੂਠੇ ਕਵੀ ਪਾਸ਼ ਦੀ ਇੱਕ ਬੜੀ ਪ੍ਰਸਿੱਧ ਕਵਿਤਾ ਹੈ, 'ਅਸੀਂ ਸਾਰਾ ਕੁਝ ਸੱਚੀਂ ਮੁੱਚੀ ਦਾ ਚਾਹੁੰਦੇ ਹਾਂ। ਤੁਸੀਂ ਇਹਦਾ ਕੀ ਅਰਥ ਲੈਂਦੇ ਓ। ਕੀ ਹੁੰਦਾ ਹੈ 'ਸਾਰਾ ਕੁਝ ਸੱਚੀਂ ਮੁੱਚੀ ਦਾ'? ਕੀ ਇਹ ਮਨੁੱਖੀ ਸਭਿਅਤਾ ਨੂੰ ਪੁੱਠਾ ਗੇੜਾ ਦੇਣ ਵਾਲੀ ਗੱਲ ਨਹੀਂ?*

ਸੰਧੂ -ਇਹ ਤਾਂ ਇਮਤਿਹਾਨੀ ਸਵਾਲ ਹੋ ਗਿਆ। ਖ਼ੈਰ- ਮੇਰੇ ਖ਼ਿਆਲ ਵਿਚ 'ਸੱਚੀਂ-ਮੁੱਚੀਂ' ਦਾ ਸਭ ਕੁਝ ਚਾਹੁਣ ਵਾਲੀ ਧਾਰਨਾ ਹੈ ਤਾਂ ਯੂਟੋਪੀਆਈ ਖ਼ਿਆਲ ਹੀ। ਪਰ ਇਹ ਖ਼ਿਆਲ ਪਿਛਲਖੁਰੀ ਲਿਜਾਣ ਵਾਲਾ ਤਾਂ ਬਿਲਕੁਲ ਨਹੀਂ। ਇਹ ਤਾਂ 'ਖ਼ੂਬ ਤੋਂ ਖ਼ੂਬਤਰ' ਦੀ ਤਲਾਸ਼ ਵਿਚ ਤੁਰੇ ਯਾਤਰੀਆਂ ਦਾ ਬੜਾ ਹੱਕੀ ਤੇ ਵਾਜਬ ਸੁਪਨਾ ਹੈ। ਪਾਸ਼ ਰਿਸ਼ਤਿਆਂ, ਮੁਹੱਬਤਾਂ, ਪਾਰਟੀਆਂ, ਰਾਜਨੀਤੀ, ਪਰਬੰਧਾਂ ਵਿਚ ਕੁਝ ਵੀ ਝੂਠੀ ਮੂਠੀ ਦਾ ਨਹੀਂ ਚਾਹੁੰਦਾ। ਕਿਸੇ ਪ੍ਰਕਾਰ ਦਾ ਗੰਧਲਾਪਨ, ਦੋਗਲਾਪਣ ਤੇ ਦੰਭ ਨਹੀਂ ਚਾਹੁੰਦਾ। ਕਿਸੇ ਵੀ ਸੰਬੰਧ ਵਿਚ ਮੈਲ਼ ਨਹੀਂ ਚਾਹੁੰਦਾ। ਜ਼ਾਹਿਰ ਹੈ ਜਿਹੜਾ ਇਹ ਸਾਰਾ ਕੁਝ ਮਾੜਾ ਨਹੀਂ ਚਾਹੇਗਾ, ਉਹ ਅਪਣੇ ਸੁਪਨਿਆਂ ਦੇ ਹਾਣ ਦਾ ਕੁਝ ਕਰਨ ਦਾ ਵੀ ਸੋਚੇਗਾ ਤੇ ਇਸ ਰਸਤੇ 'ਤੇ 'ਸੱਚੀਂ ਮੁਚੀ' ਦਾ ਕੁਝ ਤਲਾਸ਼ਣ ਜਾਂ ਬਨਾਉਣ ਲਈ, ਭਾਵੇਂ ਕੁਝ ਕਦਮ ਹੀ ਤੁਰੇ, ਤੁਰੇਗਾ ਵੀ। ਇਹ ਵੀ ਹਕੀਕਤ ਹੈ ਕਿ ਸਾਰਾ ਕੁਝ 'ਸੱਚੀਂ-ਮੁਚੀਂ" ਦਾ ਨਾ ਕਦੀ ਬਣਨਾ ਹੈ ਤੇ ਨਾ ਮਿਲਣਾ ਹੈ ਪਰ ਇਸਦੀ ਤਾਂਘ ਕਰਨੀ ਤਾਂ ਕਿਸੇ ਤਰ੍ਹਾਂ ਵੀ ਮਾੜੀ ਨਹੀਂ। ਸਗੋਂ ਇਸ ਨਾਲ, ਹੋਰ ਕੁਝ ਨਹੀਂ ਤਾਂ, ਅਪਣਾ ਆਪ ਤਾਂ 'ਸੱਚੀਂ ਮੁਚੀਂ" ਦਾ ਬਨਾਉਣ ਦੀ ਪਰੇਰਨਾ ਮਿਲ ਹੀ ਸਕਦੀ ਹੈ। ਇਸ ਲਈ ਮੇਰੇ ਖ਼ਿਆਲ ਵਿਚ ਇਹ ਵਿਚਾਰ 'ਅਗਾਂਹ ਕੂ ਤ੍ਰਾਂਘ' ਰੱਖਣ ਦੀ ਪ੍ਰੇਰਨਾ ਹੀ ਦਿੰਦਾ ਹੈ, 'ਪਿੱਛੇ ਮੋੜਾ ਮੋੜਨ ਵਾਲੀ' ਜਾਂ 'ਮਨੁੱਖੀ ਸਭਿਅਤਾ ਨੂੰ ਪੁੱਠਾ ਗੇੜਾ ਦੇਣ ਵਾਲੀ' ਮੈਨੂੰ ਕੋਈ ਗੱਲ ਇਸ ਵਿਚ ਨਜ਼ਰ ਨਹੀਂ ਆਉਂਦੀ।

*ਹੁਣ-ਅੱਜ ਕੱਲ ਪੰਜਾਬੀ ਵਿਚ ਲਿਖੀ ਜਾ ਰਹੀ ਕਵਿਤਾ ਬਾਰੇ ਤੁਹਾਡਾ ਕੀ ਵਿਚਾਰ ਹੈ?*

-ਕੁਝ ਗਿਣਤੀ ਦੇ ਕਵੀਆਂ ਨੂੰ ਛੱਡ ਕੇ ਬੜੀ ਹੀ ਨਿਰਾਸ਼ਾ ਵਾਲੀ ਸਥਿਤੀ ਹੈ। ਨਾ ਕਵਿਤਾ ਪੜ੍ਹ ਕੇ ਠੰਢ ਪੈਂਦੀ ਹੈ ਨਾ ਸੁਣ ਕੇ ਸਕੂਨ ਆਉਂਦਾ ਹੈ। 'ਵਾਹ!' ਦੀ ਥਾਂ 'ਆਹ!' ਹੀ ਨਿਕਲਦਾ ਹੈ ਮੂੰਹੋਂ। ਜਿਹੜੇ ਕਵੀ ਦਰਬਾਰਾਂ ਵਿਚ ਨਹੀਂ ਚੱਲਦੇ ਉਹ ਕਹਿੰਦੇ ਨੇ ਜੀ, ਕਵਿਤਾ ਤਾਂ ਪੜ੍ਹਣ ਦੀ ਚੀਜ਼ ਹੈ। ਹਕੀਕਤ ਤਾਂ ਇਹ ਹੈ ਕਿ ਪਾਠਕ ਜਾਂ ਸਰੋਤੇ ਤੋਂ ਧੱਕੇ ਨਾਲ ਤੇ ਮਿਹਣੇ ਦੇ ਕੇ ਦਾਦ ਨਹੀਂ ਵਸੂਲੀ ਜਾ ਸਕਦੀ। ਦਾਦ ਤਾਂ ਕਵਿਤਾ ਦੇ ਬੋਲਾਂ ਦੀ ਤਾਕਤ ਨੂੰ ਮਿਲਣੀ ਹੈ। ਅਜਿਹੀ ਤਾਕਤ ਵਾਲੀ ਕਵਿਤਾ ਬਹੁਤ ਘੱਟ ਲਿਖੀ ਜਾ ਰਹੀ ਹੈ ਜਿਹੜੀ ਸੋਚ ਅਤੇ ਸੰਵੇਦਨਾ ਨੂੰ ਝੂਣ-ਹਲੂਣ ਸੁੱਟੇ ਤੇ ਹਨੇਰੇ ਮਨਾਂ ਵਿਚ ਚਿਰਾਗ਼ ਬਲਣ ਲਾ ਦੇਵੇ। ਉਂਜ ਫੇਰ ਦੱਸ ਦਿਆਂ ਕਿ ਅਜਿਹੇ ਗਿਣਤੀ ਦੇ ਕਵੀਆਂ ਤੇ ਕਵਿਤਾਵਾਂ ਦਾ ਅਸਲੋਂ ਹੀ ਕਾਲ ਨਹੀਂ ਪੈ ਗਿਆ। ਮਾਰੂਥਲ ਵਿਚ ਕਿਤੇ ਕਿਤੇ ਖਿੜਿਆ ਨਖ਼ਲਿਸਤਾਨ ਮਨ ਤੇ ਅੱਖਾਂ ਨੂੰ ਠੰਢ ਪਾ ਜਾਂਦਾ ਹੈ। ਅਜਿਹੀ ਕਵਿਤਾ ਤੇ ਕਵੀਆਂ ਦੀ ਲੰਮੀ ਉਮਰ ਦੀ ਕਾਮਨਾ ਕਰਦਾ ਹਾਂ ਤੇ ਗੁੱਦੜ-ਮਾਲ ਕਵੀਆਂ ਲਈ ਅਰਦਾਸ ਹੈ ਕਿ ਉਹਨਾਂ ਨੂੰ ਮੇਰੇ ਵਾਂਗ ਇਹ ਸਮਝ ਆ ਜਾਵੇ ਕਿ ਕਵਿਤਾ ਲਿਖਣਾ ਉਹਨਾਂ ਦੇ ਵੱਸ ਦਾ ਰੋਗ ਨਹੀਂ।

*ਹੁਣ-ਤੁਹਾਡੇ ਦੱਸਣ ਅਨੁਸਾਰ ਅਪਣੀ ਪਹਿਲੀ ਕਹਾਣੀ ਤੁਸੀਂ 'ਭੈਣ ਭਰਾ' ਲਿਖੀ ਸੀ ਜੋ ਛਪ ਵੀ ਗਈ। ਇਹ ਕਿੰਨੀ ਕੁ ਉਮਰ ਦੀ ਗੱਲ ਹੈ? ਕੀ ਉਦੋਂ ਸੋਚਿਆ ਸੀ ਕਿ ਤੁਸੀਂ ਕਦੀ ਪੰਜਾਬੀ ਦੇ ਏਨਾ ਸ਼ਕਤੀਸ਼ਾਲੀ ਕਥਾਕਾਰ ਬਣ ਸਕੋਗੇ?*


ਸੰਧੂ -ਉਦੋਂ ਮੇਰੀ ਉਮਰ ਸੋਲਾਂ ਕੁ ਸਾਲ ਦੀ ਸੀ। ਦਸਵੀਂ ਦਾ ਇਮਤਿਹਾਨ ਦੇ ਕੇ ਹਟਿਆ ਈ ਸਾਂ। ਮੁਢਲੇ ਸਾਲਾਂ ਵਿਚ ਤਾਂ ਕੇਵਲ ਲੇਖਕ ਦਿਸਣ ਦੀ ਰੀਝ ਹੀ ਸੀ। ਏਸੇ ਕਰਕੇ ਮੈਂ ਅਪਣੀਆਂ ਕਹਾਣੀਆਂ ਅਖਬਾਰਾਂ ਵਿਚ ਛਪਣ ਲਈ ਭੇਜਦਾ। ਪਿੰਡ ਦੇ ਪੜ੍ਹੇ ਲਿਖੇ ਲੋਕ ਅਖ਼ਬਾਰ ਵਿਚ ਮੇਰਾ ਨਾਂ ਪੜ੍ਹਦੇ ਤਾਂ ਮੇਰਾ ਬੜਾ ਵੱਜ ਬਣਦਾ। ਮੈਂ ਸੋਚਦਾ ਸਾਹਿਤਕ ਪਰਚਿਆਂ ਨੂੰ ਕਿਸਨੇ ਪੜ੍ਹਨਾ ਹੈ ਤੇ ਮੇਰੇ ਪਿੰਡ ਤੇ ਆਲੇ ਦੁਆਲੇ ਦੇ ਲੋਕਾਂ ਨੂੰ ਕੀ ਪਤਾ ਲੱਗਣੈਂ ਕਿ ਮੈਂ ਲੇਖਕ ਹਾਂ। ਅਖ਼ਬਾਰ ਤਾਂ ਰੋਜ਼ ਪਿੰਡ ਆਉਂਦੀ ਸੀ। ਸ਼ਾਇਦ ਇਹੋ ਕਾਰਨ ਸੀ ਕਿ ਮੈਂ ਅਪਣੀਆਂ ਕਵਿਤਾਵਾਂ ਤਾਂ ਸਾਹਿਤਕ ਪਰਚਿਆਂ ਨੂੰ ਘੱਲਦਾ ਸਾਂ ਕਿਉਂਕਿ ਅਖ਼ਬਾਰਾਂ ਵਿਚ ਕਵਿਤਾਵਾਂ ਦੀ ਖ਼ਪਤ ਘੱਟ ਹੁੰਦੀ ਸੀ। ਹੌਲੀ ਹੌਲੀ ਸਮਝ ਆਉਣ ਲੱਗੀ ਤਾਂ ਲੇਖਕ 'ਦਿਸਣ' ਦੀ ਥਾਂ ਲੇਖਕ 'ਬਣਨ' ਦੀ ਭਾਵਨਾ ਜਾਗੀ। ਬਹੁਤ ਪੜ੍ਹਿਆ ਤੇ ਲਿਖਿਆ ਪਰ ਪਹਿਲੀ ਵਾਰ ਅਪਣੇ ਵਧੀਆ ਕਹਾਣੀਕਾਰ ਬਣ ਸਕਣ ਦਾ ਉਦੋਂ ਅਨੁਮਾਨ ਹੋਇਆ ਜਦੋਂ ਪ੍ਰੀਤ-ਲੜੀ ਵਿਚ ਮੇਰੀ ਕਹਾਣੀ 'ਅੱਖਾਂ ਵਿਚ ਮਰ ਗਈ ਖ਼ੁਸ਼ੀ' ਛਾਪ ਕੇ ਨਵਤੇਜ ਸਿੰਘ ਨੇ ਬੜੀਆਂ ਪਿਆਰੀਆਂ ਚਿੱਠੀਆਂ ਲਿਖ ਕੇ ਮੇਰੀ ਹੌਸਲਾ ਅਫ਼ਜ਼ਾਈ ਕੀਤੀ ਤੇ ਮੇਰੇ ਅੰਦਰਲੇ ਸਮਰੱਥ ਕਹਾਣੀਕਾਰ ਨੂੰ ਪਛਾਣ ਕੇ ਹਲਾਸ਼ੇਰੀ ਦਿੱਤੀ।


ਜੁਝਾਰੂ ਦੌਰ ਵਿਚ ਮੈਂ ਕਵਿਤਾਵਾਂ ਵੀ ਲਿਖੀਆਂ ਤੇ ਕਹਾਣੀਆਂ ਵੀ। ਮੇਰਾ ਪਹਿਲਾ ਕਹਾਣੀ-ਸੰਗ੍ਰਹਿ 'ਲੋਹੇ ਦੇ ਹੱਥ' ਛਪਿਆ ਤਾਂ ਉਸਦਾ ਏਨਾ ਚਰਚਾ ਹੋਇਆ ਤੇ ਇਹ ਕਿਹਾ ਜਾਣ ਲੱਗਾ ਕਿ ਇਸ ਦੌਰ ਵਿਚ ਕਵੀ ਤਾਂ ਕਈ ਨੇ ਪਰ 'ਕ੍ਰਾਂਤੀਕਾਰੀ ਕਹਾਣੀਕਾਰ' ਇਕੱਲਾ ਵਰਿਆਮ ਸੰਧੂ ਹੀ ਹੈ। ਇਕੱਲੇ ਤੇ ਵੱਖਰੇ ਦਿਸਣ ਨੇ ਅਪਣੇ ਮਹੱਤਵਪੂਰਨ ਹੋਣ ਦਾ ਅਹਿਸਾਸ ਤਾਂ ਕਰਵਾਇਆ ਪਰ ਛੇਤੀ ਹੀ ਮੈਂ ਅਪਣੀ ਅਜਿਹੀ ਕਹਾਣੀ ਦੀ ਸੀਮਾਂ ਨੂੰ ਵੀ ਸਮਝ ਲਿਆ ਤੇ ਇਸਨੂੰ ਪਾਰ ਕਰਨ ਦੀ ਸੋਚੀ। ਇਸਤੋਂ ਅਗਲੇ ਸਫ਼ਰ ਦਾ ਤੁਹਾਡੇ ਸਮੇਤ ਸਾਰਾ ਪੰਜਾਬੀ ਜਗਤ ਗਵਾਹ ਅਤੇ ਦਰਸ਼ਕ ਹੈ।

*ਹੁਣ-ਆਰਥਿਕ ਥੁੜ੍ਹਾਂ ਵਿਚੋਂ ਲੰਘਦਿਆਂ ਤੁਸੀਂ ਜਿਵੇਂ ਕਿਵੇਂ ਪੜ੍ਹਾਈ ਦੀਆਂ ਪੌੜੀਆਂ ਸਿਖਰ ਤੱਕ ਚੜ੍ਹ ਹੀ ਗਏ। ਕਿੰਨੀਆਂ ਕੁ ਔਖੀਆਂ ਸਨ ਘਾਟੀਆਂ ਏਸ ਸਫਰ ਦੀਆਂ?*

ਸੰਧੂ -ਮੈਂ ਦਸ ਜਮਾਤਾਂ ਪਾਸ ਕਰਦਿਆਂ ਹੀ ਅਨੁਮਾਨ ਲਾ ਲਿਆ ਸੀ ਕਿ ਮੇਰੇ ਮਾਪੇ ਕਾਲਜ ਦੀ ਪੜ੍ਹਾਈ ਦਾ ਖ਼ਰਚਾ ਦੇਣ ਜੋਗੇ ਨਹੀਂ। ਮੈਂ ਸੋਚਿਆ ਜੇ ਬੀ ਟੀ ਕਰ ਕੇ ਅਧਿਆਪਕ ਲੱਗ ਜਾਵਾਂਗਾ। ਹੌਲੀ ਹੌਲੀ ਅੱਗੇ ਵੀ ਪੜ੍ਹ ਲਵਾਂਗਾ ਤੇ ਨੌਕਰੀ ਕਰਕੇ ਘਰਦਿਆਂ ਦੀ ਮਦਦ ਵੀ ਕਰ ਸਕਾਂਗਾ। ਜੇ ਬੀ ਟੀ ਕਰ ਕੇ ਪਹਿਲੀ ਮੁਸ਼ਕਲ ਤਾਂ ਇਹ ਆਈ ਕਿ ਅਗਲਾ ਇਮਤਿਹਾਨ ਦੇਣ ਲਈ ਵਿਭਾਗੀ ਤੌਰ 'ਤੇ ਦੋ ਸਾਲ ਤਾਂ ਆਗਿਆ ਹੀ ਨਹੀਂ ਮਿਲੀ। ਜਦੋਂ ਇਹ ਬੰਧੇਜੀ ਸਮਾਂ ਪਾਰ ਵੀ ਕਰ ਲਿਆ ਤਾਂ ਬਲਾਕ ਸਿਖਿਆ ਅਫ਼ਸਰ ਤੇ ਜ਼ਿਲ੍ਹਾ ਸਿਖਿਆ ਅਫ਼ਸਰ ਦੇ ਦਫਤਰਾਂ ਵਿਚ ਕਲਰਕਾਂ ਕੋਲ 'ਇਮਤਿਹਾਨੀ ਆਗਿਆ' ਲੈਣ ਲਈ ਤਰਲੇ ਤੇ ਫੇਰੇ ਵੀ ਮਾਰਨੇ ਪੈਂਦੇ ਤੇ ਜਲ-ਪਾਣੀ ਵੀ ਛਕਾਉਣਾ ਪੈਂਦਾ। ਜਿੰਨਾ ਚਿਰ ਆਗਿਆ ਮਿਲ ਨਾ ਜਾਂਦੀ, ਓਨਾ ਚਿਰ ਸਾਹ ਸੁੱਕਿਆ ਰਹਿੰਦਾ। ਇੰਜ ਬੀ ਏ ਪਾਸ ਕੀਤੀ। ਪਰ ਕੀਤੀ ਸਾਰੀਆਂ ਜਮਾਤਾਂ ਵਿਚ ਬੜੇ ਚੰਗੇ ਨੰਬਰ ਲੈ ਕੇ। ਇੰਜ ਕਾਲਜ ਪੜ੍ਹਨ ਦਾ ਮੌਕਾ ਨਾ ਮਿਲਣ ਕਰਕੇ ਮੈਂ ਬਹੁਤ ਪਛੜ ਗਿਆ। ਸਕੂਲ ਪੜ੍ਹਦਿਆਂ ਜਿਹੜੀ ਮੇਰੀ ਜਮਾਤਣ ਕੁੜੀ ਅਠਵੀਂ ਤੋਂ ਲੈ ਕੇ ਦਸਵੀਂ ਤੱਕ ਦੂਜੇ ਨੰਬਰ 'ਤੇ ਰਹਿੰਦੀ ਰਹੀ ਸੀ, ਜਦ ਕਿ ਮੈਂ ਪਹਿਲੇ ਨੰਬਰ 'ਤੇ ਆਉਂਦਾ ਰਿਹਾ ਸਾਂ, ਉਹ ਕਾਲਜ ਜਾ ਕੇ ਮੈਡੀਕਲ ਵਿਚ ਦਾਖ਼ਲ ਹੋ ਗਈ ਤੇ ਬੜੀ ਵੱਡੀ ਡਾਕਟਰ

ਵਰਿਆਮ ਸਫ਼ਰ.......


1968


1972


1993


2004

ਬਣੀ। ਇੰਜ ਹੀ ਦੋ-ਤਿੰਨ ਸਾਲ ਮੇਰੇ ਤੋਂ ਪਿੱਛੇ ਪੜ੍ਹਨ ਵਾਲਾ ਸਾਡੇ ਪਿੰਡ ਦੇ ਬਜਾਜੀ ਵਾਲੇ ਸ਼ਾਹਾਂ ਦਾ ਮੁੰਡਾ ਜਦੋਂ ਕਾਲਜ ਵਿਚ ਪ੍ਰੀ-ਯੂਨੀਵਰਸਿਟੀ ਵਿਚ ਦਾਖ਼ਲ ਹੋਇਆ ਤਾਂ ਓਸੇ ਸਾਲ ਵਿਭਾਗੀ ਆਗਿਆ ਮਿਲਣ ਕਰਕੇ ਮੈਂ ਵੀ ਪ੍ਰੈਪ ਦਾ ਇਮਤਿਹਾਨ ਦਿੱਤਾ। ਸ਼ਾਹਾਂ ਦਾ ਮੁੰਡਾ ਬੜਾ ਲਾਇਕ ਵਿਦਿਆਰਥੀ ਸੀ। ਜਦੋਂ ਨਤੀਜਾ ਨਿਕਲਿਆ ਤਾਂ ਉਸਦੇ ਬਾਪ ਨੇ ਮੈਨੂੰ ਸਕੂਲੋਂ ਆਉਂਦਿਆਂ ਬੜੇ ਚਾਅ ਨਾਲ ਦੱਸਿਆ ਕਿ ਉਹਨਾਂ ਦਾ ਅਸ਼ੋਕ ਪ੍ਰੈਪ ਵਿਚੋਂ ਫਸਟ ਡਵੀਜ਼ਨ ਵਿਚ ਪਾਸ ਹੋ ਗਿਐ। ਜਦੋਂ ਉਸਨੇ ਮੇਰੇ ਨਤੀਜੇ ਬਾਰੇ ਜਾਨਣਾ ਚਾਹਿਆ ਤਾਂ ਮੈਂ ਦੱਸਿਆ ਕਿ ਮੇਰੇ ਅਸ਼ੋਕ ਨਾਲੋਂ ਚਾਰ ਨੰਬਰ ਵੱਧ ਹਨ ਤਾਂ ਉਸਦੇ ਹੈਰਾਨੀ ਵਿਚ ਦੰਦ ਜੁੜ ਗਏ। ਉਹੋ ਅਸ਼ੋਕ ਪੜ੍ਹ ਲਿਖ ਕੇ ਡਾਕਟਰ ਬਣਿਆਂ ਤੇ ਮੈਡੀਕਲ ਕਾਲਜ ਅੰਮ੍ਰਿਤਸਰ ਦਾ ਨਿਊਰੋਲੌਜੀ ਵਿਭਾਗ ਦਾ ਮੁਖੀ ਬਣਿਆਂ ਤੇ ਅੱਜ ਕੱਲ੍ਹ ਉਸਦਾ ਸ਼ੁਮਾਰ ਉੱਤਰੀ ਭਾਰਤ ਦੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਨਿਊਰੋਲੋਜਿਸਟਾਂ ਵਿਚ ਹੁੰਦਾ ਹੈ। ਕਹਿਣ ਤੋਂ ਮੇਰੀ ਮੁਰਾਦ ਇਹ ਹੈ ਜੇ ਮੈਨੂੰ ਵੀ ਬਣਦੇ ਪੜ੍ਹਾਈ ਦੇ ਮੌਕੇ ਨਸੀਬ ਹੁੰਦੇ ਤਾਂ ਮੇਰਾ ਭਵਿੱਖ ਵੀ ਕੁਝ ਹੋਰ ਹੋ ਸਕਦਾ ਸੀ ਕਿਉਂਕਿ ਮੈਂ ਪੜ੍ਹਾਈ ਵਿਚ ਬਹੁਤ ਚੰਗਾ ਸਾਂ।

ਬੀ ਏ ਤੋਂ ਬਾਅਦ ਮੈਂ ਅੰਮ੍ਰਿਤਸਰ ਦੇ ਖ਼ਾਲਸਾ ਕਾਲਜ ਤੋਂ ਬੀ ਐੱਡ ਕੀਤੀ। ਉਹਨਾਂ ਦਿਨਾਂ ਵਿਚ ਹੀ ਮੇਰਾ ਸਰਕਾਰੀ ਕਾਗ਼ਜ਼ਾਂ ਵਿਚ 'ਨਾਂ ਚੜ੍ਹ ਗਿਆ' ਤੇ ਜੇਲ੍ਹ-ਯਾਤਰਾਵਾਂ ਦਾ ਸਿਲਸਿਲਾ ਚੱਲ ਪਿਆ। ਬੀ ਐੱਡ ਕਰਦਿਆਂ ਹੀ ਮੋਗਾ-ਘੋਲ ਵੇਲੇ ਗ੍ਰਿਫ਼ਤਾਰ ਹੋਣਾ ਪਿਆ। ਐਮ ਏ ਪਹਿਲਾ ਸਾਲ ਦਾ ਦਾਖ਼ਲਾ, ਐਮਰਜੈਂਸੀ ਵਿਚ ਫੜੇ ਜਾਣ ਕਰਕੇ ਜੇਲ੍ਹ ਵਿਚੋਂ ਭੇਜਿਆ ਤੇ ਪਹਿਲੇ ਸਾਲ ਯੂਨੀਵਰਸਿਟੀ ਵਿਚੋਂ ਪਹਿਲੇ ਨੰਬਰ 'ਤੇ ਆਇਆ। ਇਹਨਾਂ ਹਾਲਤਾਂ ਵਿਚ ਹੀ ਦੂਜੇ ਸਾਲ ਦਾ ਇਮਤਿਹਾਨ ਦਿੱਤਾ ਤੇ ਮਰਦਾ ਮਰਦਾ ਪਹਿਲੇ ਨੰਬਰ 'ਤੇ ਆਉਣੋਂ ਰਹਿ ਗਿਆ ਕਿਉਂਕਿ ਕਹਿੰਦੇ ਸਨ ਇੱਕ ਬੀਬੀ ਮਿਲ-ਮਿਲਾ ਕੇ ਮੇਰੇ ਨਾਲੋਂ ਇਕ ਨੰਬਰ ਵੱਧ ਲੈ ਗਈ ਸੀ। ਦੂਜੇ ਸਾਲ ਦਾ ਦਾਖ਼ਲਾ ਭੇਜਣ ਸਮੇਂ ਵੀ ਮੈਂ ਪਹਿਲਾਂ ਇੰਟੈਰੋਗੇਸ਼ਨ ਸੈਂਟਰ ਭੁਗਤ ਕੇ ਤੇ ਡੀ ਆਈ ਆਰ ਅਧੀਨ ਜੇਲ੍ਹ ਕੱਟ ਕੇ ਪਰਤਿਆ ਸਾਂ। ਪੁਲਿਸ ਅਜੇ ਵੀ ਪਿੱਛੇ ਲੱਗੀ ਰਹਿੰਦੀ ਸੀ। ਮੈਂ ਉਸਤੋਂ ਖਹਿੜਾ ਛੁਡਾਉਣ ਲਈ ਤੇ ਜੇਲ੍ਹ ਵਿਚ ਰੁਲ ਕੇ ਸਮਾਂ ਗੁਜ਼ਾਰਨ ਨਾਲੋਂ ਇਸਨੂੰ ਲੇਖੇ ਲਾਉਣ ਲਈ ਚੰਡੀਗੜ੍ਹ ਵਿਚ ਪੰਜਾਬ ਯੂਨੀਵਰਸਿਟੀ ਵਿਚ ਨਵੀਂ ਨਵੀਂ ਖੁੱਲ੍ਹੀ ਐਮ ਫ਼ਿਲ ਵਿਚ ਦਾਖ਼ਲਾ ਲੈ ਲਿਆ। ਪਤਾ ਲੱਗਣ 'ਤੇ ਪੁਲਸ ਏਥੇ ਵੀ ਆਈ ਪਰ ਵਿਭਾਗ ਦੇ ਮੁਖੀ ਸੁਰਿੰਦਰ ਸਿੰਘ ਕੋਹਲੀ ਨੇ ਚੰਗੇ ਵਿਦਿਆਰਥੀ ਤੇ ਚੰਗੇ ਲੇਖਕ ਵਜੋਂ ਗਵਾਹੀ ਦੇ ਕੇ ਗ੍ਰਿਫ਼ਤਾਰ ਹੋਣੋ ਬਚਾ ਲਿਆ। ਪੁਲਿਸ ਇਹ ਕਹਿ ਕੇ ਚਲੀ ਗਈ ਕਿ ਜੇ ਥੋੜ੍ਹੀ ਜਿਹੀ ਗੜਬੜ ਵੀ ਦਿਸੇ ਤਾਂ ਕੋਹਲੀ ਪੁਲਿਸ ਨੂੰ ਸੂਚਤ ਕਰ ਦੇਵੇ। ਪਰ ਇਹ ਨੌਬਤ ਨਾ ਆਈ। ਗੜਬੜ ਤਾਂ ਕੀ ਕਰਨੀ ਸੀ। ਚੰਗਾ ਇਹ ਹੋਇਆ ਕਿ ਐਮ ਫ਼ਿਲ ਕਰਦਿਆਂ ਹੀ ਐਮਰਜੈਂਸੀ ਚੁੱਕੀ ਗਈ ਤੇ ਮੇਰੀ ਪੜ੍ਹਾਈ ਦਾ ਇਕ ਪੜਾਅ ਮੁਕੰਮਲ ਹੋ ਗਿਆ। ਪੀ ਐਚ ਡੀ ਮੈਂ ਕਾਲਜ ਵਿਚ ਆ ਕੇ ਬੜੇ ਆਰਾਮ ਨਾਲ ਕੀਤੀ। ਪਹਿਲੀ ਪੜ੍ਹਾਈ ਤਾਂ ਬੱਸ ਲੜਦਿਆਂ-ਭਿੜਦਿਆਂ, ਜੇਲ੍ਹਾਂ ਜਾਂਦਿਆਂ ਤੇ ਰੋਜ਼ੀ ਰੋਟੀ ਦੀ ਜੱਦੋਜਹਿਦ ਕਰਦਿਆਂ ਬੜੀ ਮੁਸ਼ਕਿਲ ਨਾਲ ਹੀ ਕੀਤੀ।

ਇਹ ਤਾਂ ਸੱਚ ਹੈ ਕਿ ਅਪਣੀ ਪ੍ਰਤਿਭਾ ਮੁਤਾਬਕ ਮੈਨੂੰ ਨੌਕਰੀ ਨਹੀਂ ਮਿਲੀ। ਕਾਲਜ ਵਿਚ ਵੀ ਮੈਂ ਬੜਾ ਪਛੜ ਕੇ ਆਇਆ। ਮੈਂ ਵੇਖਿਆ ਕਿ ਯੂਨੀਵਰਸਿਟੀਆਂ ਵਿਚ ਬੈਠੇ ਬੌਣੇ ਬੰਦੇ ਸਿਰਜਾਣਤਮਕ ਲੇਖਕ ਨੂੰ ਅਕਾਦਮਿਕ ਅਦਾਰਿਆਂ ਦੇ ਨੇੜੇ ਤੇੜੇ ਵੀ ਨਹੀਂ ਫੜਕਣ ਦੇਣਾ ਚਾਹੁੰਦੇ। ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਸਿਰਜਣਾਤਮਕ ਲੇਖਕ ਅਧਿਆਪਕ ਵੀ ਵਧੀਆ ਸਾਬਤ ਹੋ ਸਕਦੇ ਨੇ। ਪਰ ਜਿਹੜੇ ਸਿਰਜਣਾਤਮਕ ਲੇਖਕ ਦੀ ਵਿਦਿਅਕ ਯੋਗਤਾ ਕਿਸੇ ਤਰ੍ਹਾਂ ਵੀ ਘੱਟ ਨਾ ਹੋਵੇ ਤੇ ਉਸ ਵਿਚ ਚੰਗੇ ਅਧਿਆਪਕ ਬਣਨ ਦੇ ਸਾਰੇ ਗੁਣ ਤੇ ਲਿਆਕਤ ਵੀ ਹੋਵੇ, ਉਸਨੂੰ ਕਿਉਂ ਨਹੀਂ ਅਕਾਦਮਿਕ ਅਦਾਰਿਆਂ ਵਿਚ ਵੜਨ ਦਿੱਤਾ ਜਾਂਦਾ! ਗੁਰਦਿਆਲ ਸਿੰਘ ਨੂੰ ਇਕ ਛੋਟ ਵਜੋਂ ਵੇਖਿਆ ਜਾ ਸਕਦਾ ਹੈ। ਉਹ ਵੀ ਸਾਰੀ ਉਮਰ ਰਿਜਨਲ ਸੈਂਟਰ ਵਿਚ ਗੁੱਠੇ ਲੱਗਾ ਰਿਹਾ। ਸੁਰਜੀਤ ਪਾਤਰ ਜਿਹੇ ਸ਼ਾਇਰ ਲਈ ਖੇਤੀ-ਬਾੜੀ ਯੂਨੀਵਰਸਿਟੀ ਵੀ ਢੁਕਵੀਂ ਨਹੀਂ ਸੀ। ਓਥੇ ਤਾਂ ਪੰਜਾਬੀ ਦੀ ਪੜ੍ਹਾਈ ਐਵੇਂ ਨਾਂ ਨੂੰ ਸੀ ਤੇ ਪਿੱਛੋਂ ਉਹਦਾ ਭਾਸ਼ਾਵਾਂ ਦਾ ਵਿਭਾਗ ਵੀ ਖ਼ਤਮ ਕਰ ਕੇ ਕਮਿਊਨੀਕੇਸ਼ਨ ਸੈਂਟਰ ਨਾਲ ਜੋੜ ਦਿੱਤਾ ਗਿਆ ਸੀ। ਇਕ ਵਾਰ ਉਹਦੇ ਨੌਕਰੀ ਵਿਚ ਹੁੰਦਿਆਂ ਮੈਂ ਪਾਤਰ ਕੋਲ ਗਿਆ ਤਾਂ ਵੇਖਿਆ ਉਹ ਸਵੇਰੇ ਅਖ਼ਬਾਰ ਵਿਚ ਛਪਣ ਵਾਲੀ ਯੂਨੀਵਰਸਿਟੀ ਦੀ ਕੋਈ ਖ਼ਬਰ ਤਿਆਰ ਕਰ ਰਿਹਾ ਸੀ। ਪੰਜਾਬੀ ਕਵਿਤਾ ਦੀ ਸਿਖ਼ਰ ਖ਼ਬਰਾਂ ਬਣਾਵੇ, ਇਸ ਤੋਂ ਵੱਡਾ ਦੁਖਾਂਤ ਕੀ ਹੋ ਸਕਦੈ। ਹੁਣ ਇਹ ਯੂਨੀਵਰਸਿਟੀਆਂ ਭਾਵੇਂ ਪਾਤਰ ਨੂੰ ਸਨਮਾਨ ਵਜੋਂ ਡੀ ਲਿਟ ਦੇਣ ਤੇ ਭਾਵੇਂ ਚੰਦਾ ਮਾਮਾ ਉਹਦੇ ਹੱਥ ਵਿਚ ਫੜਾ ਦੇਣ, ਇਸਦਾ ਕੋਈ ਅਰਥ ਨਹੀਂ ਬਣਦਾ। ਸਿਰਜਣਾਤਮਕ ਲੇਖਕ ਨੂੰ ਜੇ ਲੇਖਕ ਵਜੋਂ ਮਾਣ ਦਿੱਤਾ ਗਿਆ ਤਾਂ ਉਹ ਕਿਰਪਾਲ ਕਜ਼ਾਕ ਨੂੰ ਪ੍ਰੋਫ਼ੈਸਰ ਬਣ ਕੇ ਦਿੱਤਾ ਗਿਆ। ਪਰ ਉਸਨੂੰ ਵੀ ਇਹ ਮਾਣ ਸਾਹਿਤ-ਸਭਿਆਚਾਰ ਜਾਂ ਭਾਸ਼ਾ ਦੇ

ਵਿਦਵਾਨ ਆਖੇ ਜਾਣ ਵਾਲੇ ਕਿਸੇ ਵਾਈਸ ਚਾਂਸਲਰ ਨੇ ਨਹੀਂ ਸੀ ਦਿੱਤਾ; ਇਕ ਆਈ ਏ ਐਸ ਵਾਈਸ ਚਾਂਸਲਰ ਸਵਰਨ ਸਿੰਘ ਬੋਪਾਰਾਇ ਨੇ ਦਿੱਤਾ ਸੀ। ਮੇਰੇ ਇਸ ਰੰਜ ਤੋਂ ਇਹ ਅਨੁਮਾਨ ਨਾ ਲਾ ਲੈਣਾ ਕਿ ਮੈਂ ਅਪਣੀ ਬੀਤੀ ਜ਼ਿੰਦਗੀ 'ਤੇ ਕੋਈ ਅੱਥਰੂ ਵਹਾ ਰਿਹਾਂ। ਹਰਗਿਜ਼ ਨਹੀਂ। ਮੈਨੂੰ ਤਾਂ ਸਗੋਂ ਮਾਣ ਹੈ ਕਿ ਮੈਂ ਕਿਸੇ ਅੱਗੇ ਨਾ ਝੋਲੀ ਅੱਡੀ ਤੇ ਨਾ ਤਰਲਾ ਲਿਆ। ਅਪਣੀ ਸ਼ਾਨ ਤੇ ਮੜਕ ਨਾਲ ਜ਼ਿੰਦਗੀ ਜੀਵੀ ਹੈ। ਦੋ ਪੈਰ ਘੱਟ ਤੁਰਨ ਦਾ ਕੋਈ ਮਲਾਲ ਨਹੀਂ। ਜਿੰਨਾਂ ਜੀਵਿਆ ਤੇ ਜਿੰਨਾਂ ਕੀਤਾ ਉਹਦੇ 'ਤੇ ਮਾਣ ਵੀ ਹੈ ਤੇ ਭਰੋਸਾ ਵੀ।

## ਕਹਾਣੀ ਦੇ ਬੀਜ

*ਹੁਣ-'ਭੱਜੀਆਂ ਬਾਹੀਂ' ਤੁਹਾਡੀ ਬਹੁਚਰਚਿਤ ਕਹਾਣੀ ਹੈ। ਇਸ ਕਹਾਣੀ ਦੇ ਬੀਜ ਰੂਪ ਵਿਚ ਮਨ ਵਿਚ ਆਉਣ ਅਤੇ ਪੂਰੀ ਲਿਖੀ ਜਾਣ ਤੱਕ ਦੀ ਰਚਨਾ ਪ੍ਰਕਿਰਿਆ ਦਾ ਵਿਸਥਾਰ ਪਾਠਕਾਂ ਲਈ ਦਿਲਚਸਪ ਤੇ ਲਾਭਦਾਇਕ ਰਹੇਗਾ, ਨਹੀਂ?*

ਸੰਧੂ -'ਭੱਜੀਆਂ ਬਾਹੀਂ' ਕਹਾਣੀ ਦਾ ਮੂਲ ਸਰੋਤ ਤਾਂ ਮੇਰੇ ਗੁਆਂਢ ਵਿੱਚ ਹੀ ਪਿਆ ਸੀ। ਛੇ ਅਕਤੂਬਰ 1984 ਦਾ ਦਿਨ ਸੀ। ਸ਼ਾਮ ਦੇ ਘੁਸਮੁਸੇ ਵਿੱਚ ਕੁੱਝ ਅਣਪਛਾਤੇ ਬੰਦੇ ਘੁੱਗ ਵੱਸਦੇ ਬਾਜ਼ਾਰ ਵਿੱਚ ਇੱਕ ਪਾਸਿਓਂ ਸ਼ੁਰੂ ਕਰ ਕੇ ਦੂਜੇ ਪਾਸੇ ਤੱਕ ਅੰਧਾ-ਧੁੰਦ ਗੋਲੀਆਂ ਚਲਾਉਂਦੇ ਬਚ ਕੇ ਨਿਕਲ ਗਏ ਸਨ। ਉਹਨਾਂ ਨੇ ਮੇਰੇ ਘਰ ਦੇ ਐਨ ਸਾਹਮਣੇ ਚੁਬਾਰਿਆਂ ਵਿੱਚ ਵੱਸਦੇ ਗੋਪਾਲ ਚੰਦ ਦੇ ਲੜਕੇ ਮੰਗੇ ਨੂੰ, ਜਿਸਦੀ ਉਸਦੇ ਘਰ ਤੋਂ ਇੱਕ ਦੁਕਾਨ ਛੱਡ ਕੇ ਦਹੀਂ-ਭੱਲਿਆਂ ਤੇ ਪਕੌੜਿਆਂ ਦੀ ਦੁਕਾਨ ਸੀ, ਗੋਲੀਆਂ ਨਾਲ ਭੁੰਨ ਦਿੱਤਾ ਸੀ। ਸਾਰੇ ਬਾਜ਼ਾਰ ਵਿੱਚ ਚੌਦਾਂ ਬੰਦਿਆਂ ਨੂੰ ਗੋਲੀਆਂ ਲੱਗੀਆਂ ਸਨ। ਸਾਡੀ ਬੈਠਕ ਦੀ ਖੱਬੀ ਕੰਧ ਨਾਲ ਲੱਗਦੀ ਦੁਕਾਨ ਕਰਮ ਚੰਦ ਦੇ ਲੜਕੇ ਤੇ ਮੇਰੇ ਬਚਪਨ ਦੇ ਯਾਰ 'ਲਾਲ' ਡਾਕਟਰ ਦੀ ਸੀ। ਉਸਦੇ ਚਿਹਰੇ ਉੱਤੇ ਲੱਗੀ ਗੋਲੀ ਗਲੇ ਵਿੱਚ ਜਾ ਫਸੀ ਸੀ। ਉਹ ਪੀੜ ਨਾਲ ਕਰਾਹ ਰਿਹਾ ਸੀ।

ਉਹਨਾਂ ਦੇ ਘਰ ਸੁਨੇਹਾ ਭੇਜ ਕੇ ਉਸਦੇ ਘਰਦਿਆਂ ਨੂੰ ਬੁਲਾਇਆ। ਉਹਦੀ ਪਤਨੀ ਤੇ ਬੱਚਿਆਂ ਨੂੰ ਅਪਣੇ ਘਰ ਰੱਖਿਆ। ਉਸਦੇ ਛੋਟੇ ਭਰਾ ਨੂੰ ਨਾਲ ਲੈ ਕੇ 'ਲਾਲ' ਨੂੰ ਪਿੰਡ ਦੇ ਪ੍ਰਾਇਮਰੀ ਹੈਲਥ ਸੈਂਟਰ ਵਿੱਚ ਲੈ ਕੇ ਗਏ, ਜਿੱਥੇ ਦੂਜੇ ਜ਼ਖ਼ਮੀਆਂ ਨੂੰ ਉਹਨਾਂ ਦੇ ਵਾਰਿਸ ਲੈ ਕੇ ਪਹੁੰਚ ਗਏ ਸਨ। ਅਸੀਂ ਮੁਢਲੀ ਸਹਾਇਤਾ ਦਿਵਾ ਕੇ ਅਤੇ ਸੀ ਆਰ ਪੀ ਵਾਲਿਆਂ 'ਤੇ ਦਬਾਓ ਪਾ ਕੇ ਓਸੇ ਵੇਲੇ ਜ਼ਖ਼ਮੀਆਂ ਨੂੰ ਅੰਮ੍ਰਿਤਸਰ ਲੈ ਜਾਣ ਦਾ ਬੰਦੋਬਸਤ ਕਰ ਲਿਆ। ਫ਼ਲਸਰੂਪ ਸਾਰੇ ਜ਼ਖ਼ਮੀ ਬਚ ਗਏ। ਗੋਪਾਲ ਚੰਦ ਦੇ ਮੰਗੇ ਦੀ ਤਾਂ ਥਾਂ 'ਤੇ ਹੀ ਮੌਤ ਹੋ ਗਈ ਸੀ।

ਕੁਝ ਦਿਨਾਂ ਬਾਅਦ ਮੈਨੂੰ ਪੁਲਿਸ ਏਸੇ ਗੋਲੀ-ਕਾਂਡ ਵਿੱਚ ਫੜ੍ਹ ਕੇ ਲੈ ਗਈ ਤੇ ਮੰਗੇ ਦਾ ਕਤਲ ਤੇ ਬਾਕੀ ਬੰਦਿਆਂ 'ਤੇ ਗੋਲੀ ਚਲਾਉਣ ਦਾ 'ਇਰਾਦਾ ਕਤਲ' ਦਾ ਕੇਸ ਮੇਰੇ ਉੱਤੇ ਪਾ ਕੇ ਐਲਾਨ ਕਰ ਦਿੱਤਾ ਕਿ ਗੋਲੀ ਚਲਾਉਣ ਵਾਲਿਆਂ ਵਿੱਚ ਮੈਂ ਖ਼ੁਦ ਆਪ ਸਾਂ। ਇਹ ਵੀ ਕਿਹਾ ਕਿ ਇਹ ਮੈਂ ਹੀ ਸਾਬਤ ਕਰਨਾ ਹੈ ਕਿ ਮੈਂ ਗੋਲੀ ਚਲਾਈ ਸੀ ਜਾਂ ਨਹੀਂ! ਮੇਰੇ ਪਿੰਡ ਅਤੇ ਇਲਾਕੇ ਦੇ ਲੋਕਾਂ ਅਤੇ ਮੇਰੇ ਅਧਿਆਪਕ ਸਾਥੀਆਂ ਦੇ ਭਰਪੂਰ ਦਬਾਓ ਨੇ ਥਾਣਾ ਮੁਖੀ ਨੂੰ ਅਹਿਸਾਸ ਕਰਵਾ ਦਿੱਤਾ ਕਿ ਮੈਨੂੰ ਇਸ ਕੇਸ ਵਿੱਚ ਝੂਠਾ ਫਸਾਇਆ ਜਾ ਰਿਹਾ ਸੀ! ਉਸਨੇ ਐੱਸ ਐੱਸ ਪੀ ਦੇ ਲਗਾਤਾਰ ਦਬਾਓ ਬਣਾਈ ਰੱਖਣ ਦੇ ਬਾਵਜੂਦ ਬਹੁਤ ਹੀ 'ਸਖ਼ਤ ਪੁੱਛ-ਗਿੱਛ' ਕਰਨ ਦੇ ਹੁਕਮ ਨੂੰ ਅਣਗੌਲਿਆਂ ਕਰ ਕੇ ਮੇਰੀ ਉਚੇਚੀ ਮਦਦ ਕੀਤੀ ਅਤੇ ਕੁੱਝ ਦਿਨਾਂ ਬਾਅਦ ਮੈਨੂੰ ਰਿਹਾਅ ਕਰ ਦਿੱਤਾ। ਮੇਰੇ ਉੱਤੇ ਕਤਲ ਦਾ ਕੇਸ ਪਾਏ ਜਾਣ ਕਰ ਕੇ ਮੇਰੀ ਪਤਨੀ ਦਾ ਓਨੇ ਦਿਨ ਜੋ ਹਾਲ ਰਿਹਾ, ਉਸਦੀ ਕਲਪਨਾ ਕੀਤੀ ਜਾ ਸਕਦੀ ਹੈ। ਇਹ ਸਾਰਾ ਬਿਰਤਾਂਤ 'ਹੁਣ' ਵਿਚ ਕੁਝ ਸਾਲ ਪਹਿਲਾਂ ਛਪ ਚੁੱਕਾ ਹੈ।

ਰਿਹਾਅ ਹੋ ਕੇ ਆਏ ਨੂੰ ਅਜੇ ਇੱਕ-ਅੱਧਾ ਦਿਨ ਹੀ ਹੋਇਆ ਸੀ ਕਿ ਸਾਡੇ ਗੁਆਂਢ ਗੋਪਾਲ ਚੰਦ ਹੁਰਾਂ ਦੇ ਘਰ ਵਿਚੋਂ ਲੜਾਈ ਦੇ ਰੌਲੇ ਦੀਆਂ ਆਵਾਜ਼ਾਂ ਆਉਣ ਲੱਗੀਆਂ। ਪਤਾ ਲੱਗਾ ਕਿ ਮੰਗੇ ਦੇ ਮਰਨ 'ਤੇ ਜਿਹੜੀ ਸਹਾਇਤਾ ਰਾਸ਼ੀ ਮੰਗੇ ਦੀ ਪਤਨੀ ਨੂੰ ਮਿਲਣੀ ਸੀ, ਉਹ ਮੰਗੇ ਦੇ ਭਰਾਵਾਂ ਨੇ ਉਸਦੇ ਨਾਂ ਨਹੀਂ ਸੀ ਕਰਵਾਈ। ਮੰਗੇ ਦੀ ਵਿਧਵਾ ਦੇ ਮਾਪੇ ਉਹ ਪੈਸੇ ਅਪਣੀ ਧੀ (ਮੰਗੇ ਦੀ ਵਿਧਵਾ) ਦੇ ਨਾਂ ਕਰਨ ਲਈ ਜ਼ੋਰ ਪਾ ਰਹੇ ਸਨ ਜਦ ਕਿ ਮੰਗੇ ਦੇ ਭਰਾ ਇਸ ਲਈ ਰਾਜ਼ੀ ਨਹੀਂ ਸਨ। ਇਸ ਗੱਲ 'ਤੇ ਦੋਵਾਂ ਧਿਰਾਂ ਵਿੱਚ ਬੋਲ-ਬੁਲਾਰਾ ਸ਼ੁਰੂ ਹੋ ਗਿਆ ਸੀ ਤੇ ਹੁਣ ਦੋਵੇਂ ਧਿਰਾਂ ਬਾਜ਼ਾਰ ਵਿੱਚ ਸ਼ਰੇਆਮ ਇੱਕ ਦੂਜੇ 'ਤੇ ਦੂਸ਼ਣ ਲਾ ਕੇ ਗਾਲ੍ਹ-ਮੰਦਾ ਕਰ ਰਹੀਆਂ ਸਨ।

ਉਹਨਾਂ ਦੇ ਇਸ ਝਗੜੇ ਤੋਂ ਹੀ ਮੇਰੀ ਕਹਾਣੀ 'ਭੱਜੀਆਂ ਬਾਹੀਂ' ਦਾ ਮਹੂਰਤ ਹੋਇਆ। ਫਿਰ ਮੈਨੂੰ ਮੰਗੇ ਨਾਲ ਭਰਾਵਾਂ ਵੱਲੋਂ ਹੋਈਆਂ ਤੇ ਉਸ ਵੱਲੋਂ ਮੈਨੂੰ ਸਮੇਂ ਸਮੇਂ ਦੱਸੀਆਂ ਵਧੀਕੀਆਂ ਚੇਤੇ ਆਈਆਂ। ਭਰਾਵਾਂ ਦੇ ਧੱਕੇ ਦੀਆਂ ਕੁਝ ਗੱਲਾਂ ਮੈਨੂੰ ਮੰਗੇ ਖ਼ੁਦ ਦੱਸੀਆਂ ਹੋਈਆਂ ਸਨ। ਪਰਿਵਾਰ ਦੇ ਅੰਦਰੂਨੀ ਮਾਹੌਲ, ਜਿਸ ਵਿਚ ਪਰਿਵਾਰ ਦੀਆਂ ਔਰਤਾਂ ਦਾ ਆਪਸੀ ਵਿਹਾਰ ਵੀ ਸ਼ਾਮਲ ਸੀ, ਬਾਰੇ ਮੰਗੇ ਦੀ ਘਰਵਾਲੀ ਮੇਰੀ ਘਰਵਾਲੀ ਨਾਲ ਗੱਲਾਂ ਕਰਦੀ ਰਹਿੰਦੀ ਸੀ। ਪਰਿਵਾਰ ਵਿੱਚ ਤਕੜੇ ਭਰਾਵਾਂ ਵੱਲੋਂ ਮਾੜੇ ਨਾਲ ਹੁੰਦੀਆਂ ਵਧੀਕੀਆਂ ਨੂੰ ਆਧਾਰ ਬਣਾ ਕੇ ਮੈਂ ਇਸਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਬਾਹਰੀ ਦਿਖਾਵੇ ਦੇ ਅਖਾਉਤੀ ਭਰਮ ਨਾਲ ਜੋੜਿਆ। 'ਜੇ ਇੱਕ ਉਂਗਲ ਨੂੰ ਭੰਨ ਦਿਓਗੇ ਤੇ ਆਖੋਗੇ ਕਿ ਮੁੱਠੀ ਮੀਚੀ ਵੀ ਰਹੇ ਤਾਂ ਵੀ ਭੱਜੀ ਉਂਗਲ ਮੁੱਠੀ ਨਾਲ ਤਾਂ ਜੁੜਨੋਂ ਰਹੀ!' ਮੈਨੂੰ ਇਹ ਵੀ ਲੱਗਾ ਕਿ ਜੇ ਇੱਕ ਪਰਿਵਾਰ ਦੇ ਭਰਾਵਾਂ ਵਿੱਚ ਮਾਂ-ਪਿਓ ਵੀ ਤਕੜੇ-ਮਾੜੇ ਦਾ ਵਿਤਕਰਾ ਪਾਉਂਦੇ ਨੇ ਤਾਂ ਜਿਹੜੇ ਲੋਕ 'ਧਰਮ ਆਧਾਰਿਤ ਦੇਸ਼ ਜਾਂ ਪਰਿਵਾਰ' ਵਿੱਚ ਰਹਿਣ ਦੀ ਲੜਾਈ ਲੜਦੇ ਨੇ ਕੀ ਓਥੇ ਉਹਨਾਂ ਦੀ ਆਰਥਕ ਵਿਤਕਰੇ ਦੀ ਲੜਾਈ ਖ਼ਤਮ ਹੋ ਜਾਏਗੀ! ਅਸਲੀ ਵਿਤਕਰਾ ਤਾਂ ਜਮਾਤਾਂ ਵਿੱਚ ਪਏ ਪਾੜੇ ਵਾਲਾ ਹੈ। ਪਕੌੜੇ ਵੇਚਣ ਵਾਲੇ ਦੁਕਾਨਦਾਰ ਅਤੇ ਜ਼ਮੀਨ ਗਹਿਣੇ ਕਰਨ ਵਾਲੇ ਗ਼ਰੀਬ ਕਿਰਸਾਣ ਦੀ ਆਪਸ ਵਿੱਚ ਕਾਹਦੀ ਦੁਸ਼ਮਣੀ? ਇੱਕੋ ਜਮਾਤ ਦੇ ਹੋਣ ਕਰਕੇ ਧਾਰਮਿਕ ਦਿਖ ਅਲੱਗ ਹੋਣ ਦੇ ਬਾਵਜੂਦ ਉਹਨਾਂ ਦੋਵਾਂ ਦੇ ਆਪਸੀ ਹਿਤ ਸਾਂਝੇ ਹਨ। ਉਹਨਾਂ ਦੇ ਦੁਸ਼ਮਣ ਤਾਂ ਉਹਨਾਂ ਦਾ ਸ਼ੋਸ਼ਣ ਕਰਨ ਵਾਲੇ ਉਹਨਾਂ ਦੇ ਅਪਣੇ ਹੀ ਧਰਮ ਦੇ ਭਰਾ-ਭਾਈ ਹਨ। ਜੇ ਅਸਲ ਲੜਾਈ ਜਮਾਤੀ ਲੜਾਈ ਹੀ ਹੈ ਤਾਂ ਫਿਰ ਜਮਾਤੀ ਲੜਾਈ ਲੜਨ ਵਾਲੇ ਕਮਿਊਨਿਸਟਾਂ ਦੇ ਹੁੰਦਿਆਂ ਸੁੰਦਿਆਂ ਫਿਰਕੂ ਲੋਕ ਕਿਵੇਂ ਮਾਹੌਲ ਉੱਤੇ ਛਾ ਗਏ ਅਤੇ ਕਮਿਊਨਿਸਟ ਕਿਉਂ ਪ੍ਰਸੰਗਹੀਣ ਹੋ ਕੇ ਰਹਿ ਗਏ? ਇਹ ਤੇ ਇਸਤਰ੍ਹਾਂ ਦੇ ਹੋਰ ਮਸਲੇ ਮੈਂ ਕਹਾਣੀ ਵਿੱਚ ਛੋਹਣ ਦੀ ਕੋਸ਼ਿਸ਼ ਕਰਦਿਆਂ ਮਨੁੱਖੀ ਸੁਭਾ ਦੇ ਬਦਲਦੇ ਸੰਦਰਭਾਂ ਤੇ ਰਿਸ਼ਤਿਆਂ ਦੀ ਅਰਥਹੀਣਤਾ ਨੂੰ ਵੀ ਨਜ਼ਰ ਗੋਚਰੇ ਰੱਖਿਆ।

ਕਹਾਣੀ ਬਾਰੇ ਹੋਈ ਬਹੁਤ ਸਾਰੀ ਚਰਚਾ ਵਿਚ ਜਿੱਥੇ ਪਰਸੰਸਾ ਭਾਰੂ ਸੀ ਓਥੇ ਕਮਿਊਨਿਸਟ ਹਲਕਿਆਂ ਵੱਲੋਂ ਇਸਦੀ 'ਕਮਿਊਨਿਸਟ ਵਿਰੋਧੀ' ਹੋਣ ਕਰਕੇ ਆਲੋਚਨਾ ਵੀ ਕੀਤੀ ਗਈ। ਕਈਆਂ ਨੇ ਇਹ ਵੀ ਇਤਰਾਜ਼ ਕੀਤਾ ਕਿ ਕਹਾਣੀ ਵਿਚਲੇ ਸਿੱਖ ਪਾਤਰ ਉੱਚੀ ਬੋਲਦੇ ਹਨ ਜਦ ਕਿ ਹਿੰਦੂ ਪਾਤਰਾਂ ਦੀ ਆਵਾਜ਼ ਦੱਬੀ ਤੇ ਹੌਲੀ ਹੈ।

ਕਹਾਣੀ ਬਾਰੇ ਗੱਲ ਕਰਦਿਆਂ ਮੈਂ ਕਿਹਾ ਕਿ ਕਹਾਣੀ ਵਿੱਚ ਕੋਈ ਪਾਤਰ ਉੱਚੀ ਬੋਲਣ ਨਾਲ ਹੀ ਨਿਆਇਯੁਕਤ ਨਹੀਂ ਹੋ ਜਾਂਦਾ। ਨਾ ਹੀ ਕਿਸੇ ਪਾਤਰ ਦੇ ਹੌਲੀ ਜਾਂ ਥੋੜਾ ਬੋਲਣ ਦਾ ਇਹ ਮਤਲਬ ਹੁੰਦਾ ਹੈ ਕਿ ਉਸਦੇ ਵਿਚਾਰਾਂ ਦਾ ਮਹੱਤਵ ਘਟ ਗਿਆ ਹੈ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਉਹਨਾਂ ਧਿਰਾਂ ਨੂੰ 'ਬੁਲਾਉਣ' ਵਾਲੇ ਲੇਖਕ ਦੀ ਦ੍ਰਿਸ਼ਟੀ ਕੀ ਹੈ? ਇਸ ਕਹਾਣੀ ਵਿੱਚ ਉੱਚੀ ਬੋਲਣ ਵਾਲੇ ਪਾਤਰਾਂ ਦਾ ਗੁੱਸਾ 'ਉਸ' ਧਿਰ ਨਾਲ ਹੋਏ ਧੱਕੇ ਪ੍ਰਤੀ ਰੋਸ ਦਾ ਪ੍ਰਗਟਾਵਾ ਹੈ ਤੇ ਘੱਟ ਬੋਲਣ ਵਾਲੇ ਪਾਤਰਾਂ ਦਾ ਸਹਿਮ ਉਹਨਾਂ ਦੀ ਤਤਕਾਲੀਨ ਸਹਿਮੀ ਅਤੇ ਭੈ-ਭੀਤ ਹੋਣ ਵਾਲੀ ਸਥਿਤੀ ਵੱਲ ਸੰਕੇਤ ਹੈ। ਇਸ ਕਹਾਣੀ ਵਿੱਚ ਸਭ ਤੋਂ ਘੱਟ ਬੋਲਣ ਵਾਲਿਆਂ ਵਿਚੋਂ ਇੱਕ ਪਾਤਰ ਧੰਨਾ ਸਿੰਘ ਦਰਜ਼ੀ ਹੈ ਪਰ ਉਸਦੇ ਬੋਲ ਲੇਖਕ ਦੀ ਵਿਚਾਰਧਾਰਾ ਨੂੰ ਪ੍ਰਤੀਬਿੰਬਤ ਕਰਨ ਵਾਲੇ ਹਨ। ਕਹਾਣੀ ਵਿੱਚ ਕਮਿਊਨਿਸਟਾਂ ਦੇ ਵਿਰੋਧ ਦਾ ਭਰਮ ਪੈਣਾ ਵੀ ਲੇਖਕ ਦੀ ਰਚਨਾ-ਦ੍ਰਿਸ਼ਟੀ ਨੂੰ ਡੂੰਘਾਈ ਵਿੱਚ ਜਾਕੇ ਨਾ ਸਮਝਣ ਦਾ ਹੀ ਫ਼ਲ ਹੈ। ਸਮੁੱਚੀ ਕਹਾਣੀ ਵਿਚੋਂ 'ਖਾਮੋਸ਼-ਆਵਾਜ਼' ਤਾਂ ਇਹ ਆਉਂਦੀ ਹੈ ਕਿ ਅਸਲੀ ਲੜਾਈ ਧਰਮ ਜਾਂ ਜ਼ਾਤ ਦੀ ਨਹੀਂ ਸਗੋਂ ਜਮਾਤ ਦੀ ਹੈ ਤੇ ਜਮਾਤੀ ਲੜਾਈ ਦੀ ਗੱਲ ਕਮਿਊਨਿਸਟਾਂ ਤੋਂ ਵੱਧ ਭਲਾ ਕਿਸ ਨੇ ਕਰਨੀ ਹੋਈ! ਪਰ ਦੁੱਖ ਦੀ ਗੱਲ ਹੈ ਕਿ ਕਮਿਊਨਿਸਟਾਂ ਤੋਂ ਇਹ ਲੜਾਈ ਭਲੀ-ਭਾਂਤ ਲੜੀ ਨਹੀਂ ਜਾ ਸਕੀ। ਉਹ ਲੋਕਾਂ ਨੂੰ ਅਪਣੇ ਨਾਲ ਜੋੜਨੋਂ ਅਸਮਰੱਥ ਰਹੇ ਤੇ ਇਤਿਹਾਸ ਉਹਨਾਂ ਦੇ ਹੱਥੋਂ ਤਿਲਕ ਗਿਆ। ਇਸ ਉੱਤੇ ਫ਼ਿਰਕੂ ਤਾਕਤਾਂ ਦਾ ਗ਼ਲਬਾ ਹੋ ਗਿਆ। ਕਹਾਣੀ ਤਾਂ ਇਹ ਅਸਿੱਧਾ ਹਾਉਕਾ ਭਰਦੀ ਹੈ ਕਿ ਕਾਸ਼! ਇਤਿਹਾਸ ਦੀ ਵਾਗ ਡੋਰ ਕਮਿਊਨਿਸਟਾਂ ਦੇ ਹੱਥ ਵਿੱਚ ਰਹਿੰਦੀ! ਕਹਾਣੀ ਵਿੱਚ 'ਸਿੱਖਾਂ' ਦੀ ਗੱਲ ਕਰਨ ਦੀ ਸ਼ਿਕਾਇਤ ਵੀ ਵਾਜਬ ਨਹੀਂ। ਜੇ ਘੱਟ-ਗਿਣਤੀ ਦੇ ਲੋਕ ਉਹਨਾਂ ਨਾਲ ਹੁੰਦੇ ਅਨਿਆਇ ਲਈ ਹਮਦਰਦੀ ਦੇ ਹੱਕਦਾਰ ਹਨ ਤਾਂ ਬਹੁ-ਗਿਣਤੀ ਦੀ ਪੀੜਿਤ ਧਿਰ ਦਾ ਜ਼ਿਕਰ ਕਰਨਾ ਸਿਰਫ਼ ਇਸ ਕਰਕੇ ਹੀ ਇਤਰਾਜ਼ਯੋਗ ਨਹੀਂ ਹੋ ਜਾਂਦਾ ਕਿ ਉਸ ਭਾਈਚਾਰੇ ਦਾ ਇੱਕ ਬਹੁਤ ਹੀ ਛੋਟਾ ਹਿੱਸਾ ਗ਼ਲਤ ਕਾਰਵਾਈਆਂ ਵਿੱਚ ਰੁੱਝਿਆ ਹੋਇਆ ਹੈ।

ਮੇਰੇ ਅੰਦਰਲਾ ਲੇਖਕ ਕਮਿਊਨਿਸਟਾਂ ਨੂੰ ਅਪਣੀ ਧਿਰ ਸਮਝ ਕੇ ਉਹਨਾਂ ਦੀ ਵਾਜਬ ਕਮਜ਼ੋਰੀ 'ਤੇ ਉਂਗਲੀ ਰੱਖ ਰਿਹਾ ਸੀ। ਪਰ ਕੁੱਝ ਕਮਿਊਨਿਸਟਾਂ ਨੂੰ ਅਪਣੀ ਵਾਜਬ ਆਲੋਚਨਾ ਵੀ ਪਸੰਦ ਨਹੀਂ ਸੀ। ਉਹ ਤਾਂ ਉਸ ਵੇਲੇ ਦੀ ਫਿਰਕੂ ਧਿਰ ਦੀ 'ਬੇਕਿਰਕ' ਆਲੋਚਨਾ ਕਰਨ ਵਿੱਚ ਵਿਸ਼ਵਾਸ ਰੱਖਦੇ ਸਨ ਤੇ ਉਸਦੇ ਵਾਜਬ ਗੁੱਸੇ ਅਤੇ ਨਾਰਾਜ਼ਗੀ ਨੂੰ ਅਸਲੋਂ ਘਟਾ ਕੇ ਵੇਖਦੇ ਤੇ ਉਸਦਾ ਗਲ ਘੁੱਟਣਾ ਚਾਹੁੰਦੇ ਸਨ। ਪਰ ਸਾਹਿਤਕਾਰ ਦਾ ਕੰਮ 'ਬੇਕਿਰਕ' ਆਲੋਚਕ ਵਾਲਾ ਨਹੀਂ ਸਗੋਂ ਸਭ ਧਿਰਾਂ ਦੇ ਦੁੱਖ ਨੂੰ ਉਸਦੇ ਨੇੜੇ ਹੋ ਕੇ ਸੁਣਨ ਦਾ ਤੇ ਉਸਦੇ ਹਿੱਸੇ ਦੀ ਪੀੜ ਲਈ ਬਣਦਾ ਹਾਉਕਾ ਭਰਨ ਦਾ ਹੁੰਦਾ ਹੈ। ਮੈਂ ਇਹੋ ਹੀ ਕੰਮ ਕੀਤਾ ਸੀ। ਸਿਆਣੇ ਕਮਿਊਨਿਸਟਾਂ ਨੇ ਮੇਰੇ ਇਸ ਨੁਕਤੇ ਨੂੰ ਸਮਝਿਆ। ਉਹਨਾਂ ਦੀ ਮੇਰੇ ਵੱਲੋਂ ਕਹਾਣੀ ਦੀ ਕੀਤੀ ਵਿਆਖਿਆ ਨਾਲ ਸੰਮਤੀ ਸੀ।

## ਕੋਈ ਕਿਉਂ ਜਾਂਦਾ ਪਰਦੇਸ

*ਹੁਣ-ਪੰਜਾਬੀ ਦੇ ਲੇਖਕਾਂ, ਸਿਆਸੀ ਲੀਡਰਾਂ ਜਾ ਸਮੁੱਚੇ ਬੁੱਧੀਵਰਗ ਦੀ ਇਹ ਗੱਲ ਸਮਝ ਨਹੀਂ ਆਉਂਦੀ ਕਿ ਉਹ ਸੋਹਲੇ ਤਾਂ ਰੂਸ ਚੀਨ ਦੇ ਗਾਉਂਦੇ ਰਹੇ ਪਰ ਸਾਕ ਸਕੀਰੀਆਂ ਲਈ ਪੱਛਮੀਂ ਮੁਲਕਾਂ ਵੱਲ ਦੌੜਦੇ ਰਹੇ। ਭਾਵੇਂ ਦੁਨੀਆ ਹੁਣ ਬਹੁਤ ਛੋਟੀ ਹੋ ਚੁੱਕੀ ਹੈ ਪਰ ਇਸ ਵਰਤਾਰੇ ਤੋਂ ਖਿਝ ਨਹੀਂ ਆਉਂਦੀ ਕੀ?*

ਸੰਧੂ -ਤੁਹਾਡੇ ਇਸ ਸਵਾਲ ਦਾ ਜਵਾਬ ਮੈਂ ਅਪਣੀ ਨਵੀਂ ਕਹਾਣੀ 'ਜਮਰੌਦ' ਵਿਚ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਮਾਮਲੇ ਵਿਚ 'ਜੇਕਰ ਮੈਨੂੰ ਰਜਵੀਂ ਰੋਟੀ ਦੇਂਦਾ ਮੇਰਾ ਦੇਸ ਤਾਂ ਮੈਂ ਕਿਉਂ ਜਾਂਦਾ ਪਰਦੇਸ' ਵਾਲੀ ਹਕੀਕਤ ਤਾਂ ਪਰਮੁੱਖ ਹੈ ਹੀ। ਚੰਗੀ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਪਰਵਾਸ ਧਾਰਨ ਕਰਨ ਦੀ ਪ੍ਰਵਿਰਤੀ ਤੇ ਪ੍ਰਕਿਰਿਆ ਸਦੀਆਂ ਤੋਂ ਚਾਲੂ ਰਹੀ ਹੈ। ਸਾਡੇ ਬਾਬੇ ਉਨ੍ਹੀਵੀਂ ਸਦੀ ਦੇ ਅੰਤ ਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਏਸੇ ਤਲਾਸ਼ ਵਿਚ ਭਟਕਦੇ ਹੋਏ ਚੀਨ, ਮਲਾਇਆ, ਹਾਂਗਕਾਂਗ ਤੇ ਹੋਰਨਾ ਥਾਵਾਂ 'ਤੇ ਘੁੰਮਦੇ ਹੋਏ ਉੱਤਰੀ ਅਮਰੀਕਾ ਵਿਚ ਜਾ ਪਹੁੰਚੇ। ਓਥੇ ਗੁਲਾਮੀ ਦੇ ਅਹਿਸਾਸ ਨੇ ਝੰਜੋੜਿਆ ਤਾਂ ਦੇਸ਼ ਆਜ਼ਾਦ ਕਰਾਉਣ ਲਈ ਵਹੀਰਾਂ ਘੱਤ ਕੇ ਦੇਸ਼ ਪਰਤੇ ਤੇ ਕੁਰਬਾਨ ਹੋ ਗਏ। ਪਰ ਜਿਹੜੇ ਪਰਬੰਧ ਦੀ ਸਥਾਪਨਾ ਲਈ ਉਹਨਾਂ ਕੁਰਬਾਨੀਆਂ ਦਿੱਤੀਆਂ, ਜਿਸ ਪਰਬੰਧ ਵਿਚ ਰੋਜ਼ੀ ਰੋਟੀ ਦੀ ਚਿੰਤਾ ਤੋਂ ਮੁਕਤ ਹੋ ਕੇ ਬੰਦੇ ਦੇ ਅੰਦਰਲੇ ਦੀਆਂ ਸੱਤੇ ਸੁਰਾਂ ਸੁਰ ਹੋ ਕੇ ਬੋਲਣੀਆਂ ਸਨ ਤੇ ਉਹਦੇ ਅੰਦਰ ਸੋਹਣਾ ਮਨੁੱਖ ਬਣਨ ਦੀਆਂ ਸੁੱਤੀਆਂ ਸਾਰੀਆਂ ਸੰਭਾਵਨਾਵਾਂ ਜਾਗਣੀਆਂ ਸਨ, ਉਹ ਪਰਬੰਧ ਲੋਕਾਂ ਨੂੰ ਨਸੀਬ ਨਾ ਹੋਇਆ। ਸਾਡੇ ਖੱਬੇ-ਪੱਖੀ ਉਸ ਪਰਬੰਧ ਲਈ ਦੇਸ਼-ਵੰਡ ਤੋਂ ਬਾਅਦ ਵੀ ਲੜਦੇ ਤਾਂ ਰਹੇ ਪਰ ਰੂਸ ਚੀਨ ਦੇ ਨਕਲਚੂ ਹੋਣ ਕਰਕੇ ਤੇ ਭਾਰਤ ਦੀ ਆਤਮਾ ਦੀ ਪਛਾਣ ਨਾ ਕਰ ਸਕਣ ਕਰਕੇ ਉਸ ਪਰਬੰਧ ਨੂੰ ਸਥਾਪਤ ਕਰਨ ਵਿਚ ਬੁਰੀ ਤਰ੍ਹਾਂ ਫ਼ੇਲ ਹੋ ਗਏ। ਉਹਨਾਂ ਸੋਚਿਆ ਕਿ 'ਸਭ ਦਾ ਜੀਵਨ ਬਦਲਣ' ਦੇ ਜਿਹੜੇ ਨਿਸ਼ਾਨੇ ਨੂੰ ਲੈ ਕੇ ਉਹ ਤੁਰੇ ਸਨ, ਉਹ ਤਾਂ ਪ੍ਰਾਪਤ ਨਹੀਂ ਹੋ ਸਕਿਆ, 'ਚੱਲੋ! ਹੁਣ ਅਪਣਾ  ਤੇ ਅਪਣੇ ਬੱਚਿਆਂ ਦਾ ਜੀਵਨ ਹੀ ਬਦਲ ਲਈਏ।' ਓਧਰ ਪੱਛਮੀ ਮੁਲਕਾਂ ਨੇ ਸਮਾਜਵਾਦ ਵੱਲੋਂ ਧਿਆਨ ਹਟਾਉਣ ਲਈ 'ਕਲਿਆਣਕਾਰੀ ਰਾਜ' ਵਾਲੀਆਂ ਸਹੂਲਤਾਂ ਅਪਣੇ ਪਰਬੰਧ ਵਿਚ ਹੀ ਦੇਣ ਦੀ ਬਹੁਤ ਹੱਦ ਵਿਵਸਥਾ ਕਰ ਲਈ ਸੀ। ਇਨਕਲਾਬ ਨੂੰ ਦੂਰ ਗਿਆ ਸਮਝ ਕੇ ਨਿਰਾਸ਼ ਹੋਏ ਤੇ ਸਮਾਜਕ ਜ਼ਿੰਮੇਵਾਰੀ ਤੋਂ ਟੇਢ ਵੱਟ ਲੈਣ ਵਾਲੇ ਸਾਡੇ ਖੱਬੇ-ਪੱਖੀਆਂ ਨੇ ਵੇਖਿਆ ਕਿ ਨਵੇਂ ਪਰਬੰਧ ਵਿਚ ਜੋ ਨਿੱਜੀ ਸਹੂਲਤਾਂ ਉਹ ਚਾਹੁੰਦੇ ਸਨ ਜੇ ਉਹ ਉਹਨਾਂ ਨੂੰ ਪੱਛਮੀ ਮੁਲਕਾਂ ਵਿਚ ਮਿਲ ਰਹੀਆਂ ਹਨ ਤਾਂ ਉਹਨਾਂ ਦਾ ਲਾਭ ਕਿਉਂ ਨਾ ਲਿਆ ਜਾਵੇ। ਅਵਤਾਰ ਜੀ! ਤੁਸੀਂ-ਅਸੀਂ ਸਾਰੇ ਉਹਨਾਂ ਭਗੌੜੇ ਖੱਬੇ-ਪੱਖੀਆਂ ਵਿਚੋਂ ਹੀ ਤਾਂ ਹਾਂ। ਠੀਕ ਹੈ ਕਿ ਸਾਡੀ ਜ਼ਮੀਰ ਜਦੋਂ ਸਾਨੂੰ ਹਲੂਣਦੀ ਹੈ ਤਾਂ ਅਸੀਂ ਇਸ ਰੁਝਾਨ 'ਤੇ 'ਖਿਝਦੇ' ਵੀ ਹਾਂ। ਸਾਨੂੰ ਇਸ ਗੱਲ ਦੀ ਨਮੋਸ਼ੀ ਵੀ ਮਾਰਦੀ ਹੈ ਕਿ ਅਸੀਂ ਕੀ ਸਾਂ ਤੇ ਕੀ ਹੋ ਗਏ ਹਾਂ! ਏਸੇ ਨਮੋਸ਼ੀ ਤੋਂ ਬਚਣ ਲਈ ਅਸੀਂ ਬਾਹਰ ਜਾ ਕੇ ਵੀ ਇਨਕਲਾਬੀ ਦਿਸਣ ਲਈ ਤਰਲੇ ਮਾਰਦੇ ਰਹਿੰਦੇ ਹਾਂ। ਭਗਤ ਸਿੰਘ ਨੂੰ ਯਾਦ ਕਰਦੇ ਹਾਂ, ਗ਼ਦਰੀ ਬਾਬਿਆਂ ਦੇ ਮੇਲੇ ਮਨਾਉਂਦੇ ਹਾਂ ਪਰ ਉਹਨਾਂ ਵਾਂਗ ਕਰਨ ਤੇ ਮਰਨ ਲਈ ਦੇਸ਼-ਵਾਸੀਆਂ ਤੋਂ ਆਸ ਕਰਦੇ ਹਾਂ। ਸ਼ੁਕਰ ਕਰੀਏ ਕਿ ਅਜੇ ਸਾਡੇ ਕੋਲ 'ਖਿਝਣ' ਜੋਗੀ ਜ਼ਮੀਰ ਬਾਕੀ ਹੈ। ਆਉਣ ਵਾਲੀਆਂ ਪੀੜ੍ਹੀਆਂ ਕੋਲ ਉਹ ਵੀ ਨਹੀਂ ਰਹਿਣੀ।

*ਹੁਣ-ਤੁਹਾਨੂੰ ਨਕਸਲੀ ਵਿਚਾਰਾਂ ਵੱਲ ਖਿੱਚੇ ਜਾਣ ਤੋਂ ਬਾਅਦ ਇਹ ਸੋਝੀ ਕਦੋਂ ਤੇ ਕਿਵੇਂ ਆਈ ਸੀ ਕਿ ਇੱਕ ਸ਼ਕਤੀਸ਼ਾਲੀ ਲੋਕ ਲਹਿਰ ਉਸਾਰੇ ਬਿਨਾਂ ਇਨਕਲਾਬ ਸੰਭਵ ਹੀ ਨਹੀਂ?*

ਸੰਧੂ -ਇਕ-ਦੋ ਸਾਲਾਂ ਵਿਚ ਹੀ। ਜਦੋਂ ਇਸ ਪਾਸੇ ਜੁੜਿਆ ਤਾਂ ਜੋਸ਼ ਵਧੇਰੇ ਸੀ ਤੇ ਰਾਜਨੀਤਕ ਸੂਝ ਦੀ ਕਮੀ ਸੀ। ਇਕ ਤਾਂ ਅਧਿਅਨ ਨੇ ਦੱਸਿਆ

ਕਿ ਲੋਕ-ਸਾਥ ਤੋਂ ਵਿਰਵੀਆਂ ਅਜਿਹੀਆਂ ਦਹਿਸ਼ਤਗਰਦ ਲਹਿਰਾਂ ਪਹਿਲਾਂ ਵੀ ਦੇਸ਼-ਵਿਦੇਸ਼ ਵਿਚ ਚੱਲੀਆਂ ਸਨ ਤੇ ਉਹਨਾਂ ਦੀ ਹੋਣੀ ਅਸਫ਼ਲ ਹੋਣ ਵਿਚ ਨਿਹਿਤ ਸੀ। ਅਪਣੇ ਤਜਰਬੇ ਵਿਚੋਂ ਵੇਖ ਚੁੱਕਾਂ ਸਾਂ ਕਿ ਮੇਰੇ ਪਿੰਡ ਦੇ ਗ਼ਦਰੀ ਸ਼ਹੀਦਾਂ ਅਤੇ ਸੂਰਬੀਰਾਂ ਨੂੰ ਪਿੰਡ ਵਿਚ ਕੋਈ ਯਾਦ ਨਹੀਂ ਸੀ ਕਰਦਾ ਤੇ ਨਾ ਉਹਨਾਂ ਦੀ ਕੋਈ ਯਾਦਗ਼ਾਰ ਸੀ। ਅਪਣੇ ਬਾਬੇ ਨੂੰ ਪੁੱਛਿਆ ਤਾਂ ਉਸ ਨੇ ਕਰਤਾਰ ਸਿੰਘ ਸਰਾਭੇ ਨਾਲ ਫਾਂਸੀ ਲੱਗਣ ਵਾਲੇ ਮੇਰੇ ਵਡੇਰੇ ਗਿਰਾਈਂ ਜਗਤ ਸਿੰਘ ਬਾਰੇ ਕਿਹਾ ਸੀ, "ਜਗ ਸੂੰਹ ਹੁਣੀ ਕਨੇਡਾ 'ਚੋਂ ਆਏ ਸਨ। ਡਾਕੇ ਮਾਰਨ ਕਰਕੇ ਫੜੇ ਗਏ ਤੇ ਫਾਹੇ ਲੱਗ ਗਏ।" ਦੇਸ਼ ਤੋਂ ਕੁਰਬਾਨ ਹੋਣ ਵਾਲੇ ਉਹ ਸੂਰਮੇ ਪਿੰਡ ਵਾਸੀਆਂ ਲਈ ਮਹਿਜ਼ 'ਡਾਕੂ' ਸਨ। ਲੋਕ-ਸਾਥ ਤੋਂ ਵਿਰਵੀਆਂ ਕੁਰਬਾਨੀਆਂ ਦਾ ਇਹ ਹਸ਼ਰ ਸੀ। ਹੁਣ ਵੀ ਵੇਖਦਾ ਸਾਂ ਕੰਧਾਂ 'ਤੇ ਲਿਖੇ ਨਾਅਰਿਆਂ ਤੇ ਲੱਗੇ ਇਸ਼ਤਿਹਾਰਾਂ ਤੋਂ ਕੋਈ ਤੁਹਾਡੇ ਮਗਰ ਕਿਵੇਂ ਲੱਗ ਜਾਵੇਗਾ ਜਦੋਂ ਉਹਨਾਂ ਲਈ ਤੁਹਾਡਾ ਚਿਹਰਾ ਹੀ ਅਮੂਰਤ ਹੈ। ਇੱਕਾ-ਦੁਕਾ ਐਕਸ਼ਨਾਂ ਨਾਲ ਹੋਈ ਪ੍ਰਾਪਤੀ ਨੂੰ ਵੀ ਉਹੋ ਲੋਕ ਸੈਲੀਬਰੇਟ ਕਰਦੇ ਨੇ ਜਿਨ੍ਹਾਂ ਨੂੰ ਤੁਸੀਂ ਚੇਤਨ ਕੀਤਾ ਹੁੰਦਾ ਹੈ ਵਰਨਾ ਦੂਜਿਆਂ ਲਈ ਤਾਂ ਇਹ ਐਕਸ਼ਨ ਸੁਨਸੁਨੀ ਪੈਦਾ ਕਰਨ ਦਾ ਸਾਧਨ ਹੀ ਬਣਦੇ ਨੇ। ਸਿਆਸੀ ਚੇਤਨਾ ਤਾਂ ਲੋਕ-ਲਹਿਰ ਉਸਾਰਿਆਂ ਹੀ ਲੋਕ-ਚੇਤਨਾ ਦਾ ਹਿੱਸਾ ਬਣ ਸਕਦੀ ਹੈ।

## ਪਾਸ਼, ਮਹਿਬੂਬ ਤੇ ਚਿੱਠੀ

*ਹੁਣ-ਪਿਛੇ ਜਹੇ ਤੁਸੀਂ ਮਰਹੂਮ ਸ਼ਾਇਰ ਹਰਿੰਦਰ ਸਿੰਘ ਮਹਿਬੂਬ ਦੀ ਇੱਕ ਚਿੱਠੀ ਨਸ਼ਰ ਕੀਤੀ, ਜੋ ਪਾਸ਼ ਦੇ ਕਤਲ ਤੋਂ ਕੁਝ ਦਿਨਾਂ ਬਾਅਦ ਹੀ ਲਿਖੀ ਗਈ ਸੀ। ਲਗਦਾ ਸੀ ਕਿ ਮਹਿਬੂਬ ਨੇ ਪਾਸ਼ ਨਾਲੋਂ ਕਾਤਲਾਂ ਨੂੰ ਵੱਧ ਸਹੀ ਠਹਿਰਾਇਆ ਹੈ। ਇਸ ਬਾਰੇ ਤੁਹਾਡੇ ਵਿਚਾਰ?*

ਸੰਧੂ -ਮੈਂ ਆਮ ਤੌਰ 'ਤੇ ਲਿਖ ਕੇ ਪ੍ਰਤੀਕਰਮ ਦੇਣ ਦਾ ਆਦੀ ਨਹੀਂ ਪਰ ਜਦੋਂ ਮੈਂ ਮਹਿਬੂਬ ਦਾ ਇਹ ਖ਼ਤ ਪੜ੍ਹਿਆ ਤਾਂ ਮੈਨੂੰ ਸੱਟ ਵੱਜੀ। ਮਹਿਬੂਬ ਨੂੰ ਪਿਛਲੇ ਸਾਲਾਂ ਵਿਚ ਮਹਾਨ ਸਿੱਖ ਵਿਦਵਾਨ ਵਜੋਂ ਉਭਾਰਨ ਦੇ ਬੜੇ ਯਤਨ ਕੀਤੇ ਗਏ ਸਨ। ਚਿੱਠੀ ਪੜ੍ਹ ਕੇ ਲੱਗਾ ਕਿ 'ਸਿੱਖ' ਤਾਂ ਆਮ ਵੀ ਹੋਵੇ ਤਾਂ ਉਹ ਬੜਾ ਸੰਵੇਦਨਸ਼ੀਲ ਹੁੰਦਾ ਹੈ ਪਰ ਜੇ ਉਹ ਸਿੱਖ 'ਮਹਾਨ' ਵੀ ਹੋਵੇ ਤੇ 'ਵਿਦਵਾਨ' ਵੀ ਹੋਵੇ ਤਾਂ ਉਹ ਪਾਸ਼ ਦੇ ਕਤਲ ਬਾਰੇ ਇੰਜ ਕਿਵੇਂ ਸੋਚ ਸਕਦਾ ਹੈ! ਇਸ ਤੋਂ ਉਸ ਦੇ ਸਾਹਿਤ, ਸੋਹਜ ਅਤੇ ਸਦਾਚਾਰ ਬਾਰੇ ਵਿਚਾਰਾਂ ਦਾ ਪਤਾ ਲਗਦਾ ਹੈ ਅਤੇ ਇਹ ਵੀ ਪਤਾ ਲਗਦਾ ਹੈ ਕਿ ਪਾਸ਼ ਦੀ ਹੱਤਿਆ ਬਾਰੇ ਉਹ ਕਿੰਜ ਸੋਚ ਰਿਹਾ ਸੀ। ਮਹਿਬੂਬ ਦੇ ਖ਼ਤ ਦੀਆਂ ਸਤਰਾਂ ਮੈਂ ਮਹਿਬੂਬ ਵੱਲੋਂ ਗੁਰਦਿਆਲ ਸਿੰਘ ਬੱਲ ਨੂੰ ਲਿਖੇ ਖ਼ਤ ਵਿਚੋਂ ਲਈਆਂ ਸਨ। ਇਹ ਖ਼ਤ 31-3-88 ਨੂੰ ਪਾਸ਼ ਦੇ ਕਤਲ ਤੋਂ ਹਫ਼ਤਾ ਕੁ ਬਾਅਦ ਬੱਲ ਨੂੰ ਲਿਖਿਆ ਗਿਆ ਸੀ ਤੇ ਇਸਨੂੰ ਪਿਛਲੇਰੇ ਸਾਲ ਅਮਰੀਕਾ ਵਿਚੋਂ ਛਪਦੇ ਪਰਚੇ 'ਪੰਜਾਬ ਟਾਈਮਜ਼' ਦੇ 27 ਫਰਵਰੀ ਵਾਲੇ ਸ਼ਿਕਾਗੋ ਐਡੀਸ਼ਨ ਵਿਚ ਛਾਪਿਆ ਗਿਆ ਸੀ। ਪਾਸ਼ ਦੇ ਕਤਲ ਨਾਲ ਸੰਬੰਧਤ ਸਤਰਾਂ ਵਿਚ ਮਹਿਬੂਬ ਲਿਖਦਾ ਹੈ:

-ਮੈਨੂੰ ਪਾਸ਼ ਦੀ ਮੌਤ ਉੱਤੇ ਬਹੁਤ ਤਰਸ ਆਇਆ। ਅਸੀਂ ਇਕ ਅਜੀਬ ਬੇਰਹਿਮ ਸਮੇਂ ਵਿਚੋਂ ਗੁਜ਼ਰ ਰਹੇ ਹਾਂ। ਪਾਸ਼ ਈਮਾਨਦਾਰ ਜ਼ਰੂਰ ਸੀ ਪਰ ਅਜਿਹੇ ਸੰਕਟ ਲੱਦੇ ਸਮੇਂ ਵਿਚ ਜ਼ਖ਼ਮੀ ਦਿਲਾਂ ਦੇ ਸਭ ਪਹਿਲੂਆਂ ਦਾ ਜਾਇਜ਼ਾ ਲਏ ਬਿਨਾਂ ਈਮਾਨਦਾਰੀ ਦਾ ਹਥਿਆਰ ਵਰਤਣਾ ਗ਼ਲਤੀ ਵੀ ਹੋ ਸਕਦੀ ਹੈ। ਹੋ ਸਕਦਾ ਹੈ ਕਤਲ ਹੋਣ ਵਾਲੇ ਦੀ ਈਮਾਨਦਾਰੀ ਦਾ ਘੇਰਾ ਛੋਟਾ ਹੋਵੇ ਤੇ ਕਾਤਲ ਦੇ ਜ਼ਖ਼ਮੀ ਦਿਲ ਦੀ ਪੀੜ ਵੱਡੀ ਹੋਵੇ। ਫਿਰ ਵੀ ਅਸੀਂ ਇਨਸਾਨ ਹਾਂ, ਤੇ ਰਹਿਮ ਦੇ ਸਹਾਰੇ ਹੀ ਦਿਲ ਦਾ ਲਹੂ ਜ਼ਿੰਦਾ ਹੈ। ਈਮਾਨ ਦੇ ਕਿਸੇ ਵੀ ਨੁਕਤੇ ਉੱਤੇ ਖਲੋ ਕੇ ਰਹਿਮ ਕੀਤਾ ਜਾ ਸਕਦਾ ਹੈ।-- ਹਰਿੰਦਰ ਸਿੰਘ-ਗੜ੍ਹਦੀ ਵਾਲਾ 31-3-88

## ਮੇਰੇ ਡੈਡੀ



ਤਕਰੀਬਨ ਨੌਂ ਸਾਲ ਦੀ ਉਮਰ ਵਿਚ ਘਰ ਆਏ ਸਾਹਿਤਕਾਰ ਬਲਦੇਵ ਸਿੰਘ ਧਾਲੀਵਾਲ ਵੱਲੋਂ ਮੇਰੇ ਡੈਡੀ ਦੀ ਨਵੀਂ ਲਿਖੀ ਗਈ ਕਹਾਣੀ ਬਾਰੇ ਮੇਰੇ ਵਿਚਾਰ ਪੁੱਛੇ ਜਾਣ 'ਤੇ ਮੇਰੀ ਜ਼ੁਬਾਨ ਨੂੰ ਜਿਵੇਂ ਤਾਲਾ ਜਿਹਾ ਲੱਗ ਗਿਆ। ਦਰਅਸਲ ਸ਼ੁਰੂ ਤੋਂ ਹੀ ਮੇਰੇ ਮਨ ਵਿਚ ਡੈਡੀ ਦੇ ਮੇਚ ਦੇ ਲਫਜ਼ਾਂ, ਜਿਹੜੇ ਕਿ ਉਨ੍ਹਾਂ ਦੀ ਸ਼ਖ਼ਸੀਅਤ ਨਾਲ ਇਨਸਾਫ਼ ਕਰ ਸਕਣ, ਨੂੰ ਨਾ ਲੱਭ ਸਕਣ ਦਾ ਭੈਅ ਰਿਹਾ ਹੈ। ਇਸੇ ਕਰਕੇ ਚਾਹੁੰਦੀ ਹੋਈ ਵੀ ਮੈਂ ਡੈਡੀ ਬਾਰੇ ਲਿਖਣ ਤੋਂ ਸੰਗਦੀ ਰਹੀ। ਹਾਂ, ਪਰ ਇਕ ਗੱਲ ਪੱਕੀ ਹੈ ਕਿ ਛੋਟੀ ਹੁੰਦੀ ਡੈਡੀ ਦੇ ਨਾਲ ਸਾਹਿਤਕ ਇਕੱਠਾਂ ਵਿਚ ਸ਼ਿਰਕਤ ਕਰਦਿਆਂ ਮੈਨੂੰ ਚੰਗਾ ਸਰੋਤਾ ਤੇ ਪਾਠਕ ਬਣਨ ਦੀ ਜਾਚ ਤਾਂ ਜ਼ਰੂਰ ਆ ਗਈ। ਸਰੋਤਿਆਂ ਵਿਚ ਬੈਠੀ ਡੈਡੀ ਨੂੰ ਸਟੇਜ ਉੱਤੇ ਸ਼ਬਦਾਂ ਨੂੰ ਪਰੋ ਪਰੋ ਕੇ ਬੋਲਦਿਆਂ ਤੇ ਕੀਲੇ ਹੋਏ ਸਰੋਤਿਆਂ ਦੀ ਵਾਹ-ਵਾਹ ਬਟੋਰਦਿਆਂ ਇਹ ਗੱਲ ਤਾਂ ਮੈਨੂੰ ਨਿੱਕੇ ਹੁੰਦਿਆਂ ਹੀ ਸਮਝ ਆ ਗਈ ਸੀ ਕਿ ਡੈਡੀ ਨੂੰ ਲੋਕਾਂ ਨੂੰ ਸ਼ਬਦਾਂ ਨਾਲ ਅਪਣੇ ਵੱਸ ਵਿਚ ਕਰਨ ਦਾ ਜਾਦੂ ਆਉਂਦਾ ਹੈ।

ਡੈਡੀ ਦਾ ਇਕ 'ਖਾਸ ਆਦਮੀ' ਹੋਣ ਦਾ ਅਹਿਸਾਸ ਮੈਨੂੰ ਬਚਪਨ ਤੋਂ ਹੀ ਹੋ ਗਿਆ ਸੀ ਜਿਸ ਦਾ ਮੈਨੂੰ ਅਪਣੇ ਜਾਣਕਾਰਾਂ ਨਾਲ ਸਾਂਝਾ ਕਰਨ ਦਾ ਸਵਾਦ ਆਉਂਦਾ। ਇਕ ਵਾਰ ਜਦੋਂ ਡੈਡੀ ਦੇ ਇਕ ਇਨਾਮ ਮਿਲਣ ਦੀ ਖ਼ਬਰ ਨੂੰ ਅਪਣੀਆਂ ਸਹੇਲੀਆਂ ਨਾਲ ਸਾਂਝਾ ਕਰਦਿਆਂ ਉਨ੍ਹਾਂ ਵਿਚੋਂ ਇਕ ਦਾ ਈਰਖਾ ਨਾਲ ਭਰਿਆ ਮੂੰਹ ਵੇਖ ਕੇ ਮੈਨੂੰ ਧੱਕਾ ਲੱਗਾ ਤੇ ਅਪਣਾ ਇਹ ਅਨੁਭਵ ਡੈਡੀ ਨਾਲ ਸਾਂਝਾ ਕਰਨ ਉੱਤੇ ਉਨ੍ਹਾਂ ਮੈਨੂੰ ਕਿਹਾ ਸੀ, "ਵੇਖ ਪੁੱਤ, ਜਿਨ੍ਹਾਂ ਨੂੰ ਪਤਾ ਹੈ ਕਿ ਵਰਿਆਮ ਸਿੰਘ ਸੰਧੂ ਇਕ ਕਹਾਣੀਕਾਰ ਹੈ, ਉਨ੍ਹਾਂ ਨੂੰ ਤੈਨੂੰ ਇਹ ਦੱਸਣ ਦੀ ਲੋੜ ਨਹੀਂ ਤੇ ਜਿਨ੍ਹਾਂ ਨੂੰ ਨਹੀਂ ਪਤਾ, ਉਨ੍ਹਾਂ ਨੂੰ ਤੇਰਾ ਦੱਸਣ ਦਾ ਕੋਈ ਫਾਇਦਾ ਨਹੀਂ।" ਡੈਡੀ ਨੂੰ ਦੁਨੀਆ ਦੇ ਹਰ ਕੋਨੇ 'ਚ ਲੋਕ ਜਾਣਦੇ ਹਨ। ਮੇਰੇ ਸਕੂਲ ਤੋਂ ਲੈ ਕੇ ਯੂਨੀਵਰਸਿਟੀ ਤੱਕ ਮੈਂ ਡੈਡੀ ਦੇ ਜਾਣਕਾਰਾਂ ਤੇ ਮਿੱਤਰ-ਪਿਆਰਿਆਂ ਦੀ ਛੱਤਰ-ਛਾਇਆ ਵਿਚ ਪੜ੍ਹੀ ਹਾਂ। ਚਾਹੇ ਕਿ ਇਸ ਜਾਣਕਾਰੀ ਅਤੇ ਪ੍ਰਸਿੱਧੀ ਦਾ ਬਹੁਤਾ ਤਾਂ ਫ਼ਾਇਦਾ ਹੀ ਸੀ ਪਰ ਕਦੇ ਕਦੇ ਮੈਂ ਵਰਿਆਮ ਸਿੰਘ ਸੰਧੂ ਦੀ ਧੀ ਤੋਂ ਲੋਕਾਂ ਦੀਆਂ ਉਮੀਦਾਂ ਜ਼ਿਆਦਾ ਹੋਣ ਦਾ ਦਬਾਅ ਮਹਿਸੂਸ ਕਰਦੀ ਸਾਂ। ਇਸੇ ਕਰਕੇ ਜਦੋਂ ਮੈਨੂੰ ਇਕ ਕਲਾਸ ਵਿਚ ਦੋ ਬੰਗਾਲੀ ਉਸਤਾਦ ਮਿਲੇ ਤਾਂ ਮੈਂ ਥੋੜ੍ਹੀ ਜਿਹੀ ਰਾਹਤ ਮਹਿਸੂਸ ਕੀਤੀ ਕਿ ਚਲੋ! ਪਹਿਲੀ ਵਾਰ ਕੋਈ ਅਧਿਆਪਕ ਡੈਡੀ ਨੂੰ ਨਹੀਂ ਜਾਣਦਾ ਹੋਵੇਗਾ; ਪਰ ਇਕ ਦਿਨ ਦੋਵਾਂ ਨੇ ਮੈਨੂੰ ਇਹ ਦੱਸ ਕੇ ਚਕਿਤ ਕਰ ਦਿੱਤਾ ਕਿ ਸ੍ਰੀਮਾਨ ਭੱਟਾਚਾਰੀਆ, ਜਿਨ੍ਹਾਂ ਨੇ ਡੈਡੀ ਦੀਆਂ ਕਿਤਾਬਾਂ ਦਾ ਅਨੁਵਾਦ ਬੰਗਾਲੀ ਵਿਚ ਕੀਤਾ ਹੈ, ਉਨ੍ਹਾਂ ਦਾ ਵਾਕਿਫ਼ ਹੈ।

ਮੈਨੂੰ ਅਪਣੇ ਡੈਡੀ ਉੱਤੇ ਮਾਣ ਹੈ ਅਤੇ ਉਨ੍ਹਾਂ ਦੀ 'ਪੰਜਾਬੀ' ਨੂੰ ਦੇਣ ਨੂੰ ਉਨ੍ਹਾਂ ਦੇ ਚਹੇਤੇ ਪਾਠਕਾਂ ਅਤੇ ਸੂਝਵਾਨ ਆਲੋਚਕਾਂ ਨੇ ਸਰਾਹਿਆ ਵੀ ਹੈ ਤੇ ਸਮੇਂ ਸਮੇਂ 'ਤੇ ਅਨੇਕਾਂ ਇਨਾਮਾਂ-ਸਨਮਾਨਾਂ ਨਾਲ ਨਿਵਾਜਿਆ ਵੀ ਹੈ। ਜਦੋਂ ਡੈਡੀ ਨੂੰ 2000 ਵਿਚ ਭਾਰਤੀ ਸਾਹਿਤ ਅਕਾਦਮੀ ਦਾ ਐਵਾਰਡ ਮਿਲਿਆ ਉਸ ਵੇਲੇ ਉਹ ਕੈਨੇਡਾ ਮੇਰੇ ਭਰਾ ਸੁਪਨਦੀਪ ਦੇ ਵਿਆਹ ਵਿਚ ਸ਼ਾਮਲ ਹੋਣ ਗਏ ਸਨ। ਹਾਲੇ ਵੀ

ਪੰਜਾਬੀ-ਪਿਆਰਿਆਂ ਦੀਆਂ ਉਹ ਅਣਗਿਣਤ ਵਧਾਈ ਵਾਲੀਆਂ ਫੋਨ-ਕਾਲਾਂ, ਜਿਹੜੀਆਂ ਕਿ ਮੈਂ ਰੋਜ਼ਾਨਾ ਸੁਣਦੀ ਸੀ, ਵਿਚਲੇ ਉਤਸ਼ਾਹ ਤੇ ਮਾਣ ਨਾਲ ਭਰੇ ਬੋਲ ਮੇਰੇ ਕੰਨਾਂ ਵਿਚ ਗੂੰਜਦੇ ਹਨ। ਅਖ਼ਬਾਰਾਂ ਅਤੇ ਟੀ.ਵੀ. ਵਿਚ ਰੱਜ ਕੇ ਚਰਚਾ ਹੋਣ ਕਰਕੇ ਗੈਰ-ਪੰਜਾਬੀ ਲੋਕਾਂ ਨੇ ਵੀ ਨੋਟਿਸ ਕੀਤਾ। ਇਸ ਕਰਕੇ ਮੇਰੀਆਂ ਐਮ.ਐਡ ਵਿਚਲੀਆਂ ਕੁਝ ਅੰਗਰੇਜ਼ੀ ਭਾਸ਼ਾ ਦੀਆਂ ਉਸਤਾਨੀਆਂ, ਜਿਹੜੀਆਂ ਕਿ ਪੰਜਾਬੀ ਦੀ ਐਮ.ਏ. ਕਰਨ ਵਾਲਿਆਂ ਨੂੰ ਅਨਪੜ੍ਹ ਕਰਾਰ ਦਿੰਦੀਆਂ ਸਨ, ਨੇ ਵੀ ਮੈਨੂੰ ਵਧਾਈ ਦਿੱਤੀ। ਕੁਝ ਮਹੀਨਿਆਂ ਬਾਅਦ ਜਦੋਂ ਮੈਂ ਅਪਣੇ ਸਰਟੀਫਿਕੇਟ ਇਕੱਠੇ ਕਰਨ ਲਈ ਕਾਲਜ ਵਾਪਸ ਗਈ ਤਾਂ ਸਟਾਫ਼ ਰੂਮ ਵਿਚ ਅਪਣੀਆਂ ਅਧਿਆਪਕਾਵਾਂ ਨੂੰ ਵੀ ਮਿਲਣ ਗਈ ਜਿਹੜੀਆਂ ਕਿ ਪੰਜਾਬ ਦੇ ਕਿਸੇ ਵੱਡੇ ਮੰਤਰੀ ਦੀ ਨੂੰਹ, ਜੋ ਕਾਲਜ ਦੀ ਵਿਦਿਆਰਥਣ ਸੀ, ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰ ਰਹੀਆਂ ਸਨ ਕਿ ਮੰਤਰੀ ਦੀ ਨੂੰਹ ਹੋਣਾ ਕਿਸੇ ਵੀ ਹਾਲਤ ਵਿਚ ਉਸ ਨੂੰ ਇਸ ਉੱਚ ਪਾਏ ਦੇ ਕਾਲਜ ਵਿਚ ਗੈਰ-ਹਾਜ਼ਰ ਹੋਣ ਦੀ ਇਜਾਜ਼ਤ ਨਹੀਂ ਦਿੰਦਾ। ਉਨ੍ਹਾਂ ਨੂੰ ਮਸਰੂਫ਼ ਵੇਖ ਕੇ ਮੈਂ ਕਮਰੇ ਦੇ ਇਕ ਕੋਨੇ ਵਿਚ ਬੈਠ ਕੇ ਉਨ੍ਹਾਂ ਦੇ ਵਿਹਲੇ ਹੋਣ ਦਾ ਇੰਤਜ਼ਾਰ ਕਰਨ ਲੱਗੀ ਤਾਂ ਅਚਾਨਕ ਮੇਰੀ ਇਕ ਉਸਤਾਨੀ ਨੇ ਉਸ ਵਿਦਿਆਰਥਣ ਨੂੰ ਅੰਗਰੇਜ਼ੀ ਵਿਚ ਮੇਰੇ ਡੈਡੀ ਦੇ 'ਮਹਾਨ ਕਹਾਣੀਕਾਰ' ਹੋਣ ਬਾਰੇ ਤੇ ਉਸ ਸਾਲ ਸਾਹਿਤ ਅਕਾਦਮੀ ਐਵਾਰਡ ਜਿੱਤਣ ਬਾਰੇ ਦੱਸਿਆ ਤੇ ਕਿਹਾ ਕਿ ਉਸ ਕੁੜੀ ਕੋਲ ਜਾ ਕੇ ਬੈਠ ਤਾਂ ਤੈਨੂੰ ਪਤਾ ਲੱਗੇਗਾ ਕਿ ਇਸ ਕਾਲਜ ਦੀ ਪੈਦਾਵਾਰ ਕਿਹੋ ਜਿਹੀ ਹੈ। ਅਪਣੇ ਤੇ ਡੈਡੀ ਬਾਰੇ ਚੰਗੇ ਲਫ਼ਜ਼ ਸੁਣ ਕੇ ਮੈਂ ਖੁਸ਼ੀ ਵਿਚ ਕੁੱਪਾ ਹੋ ਗਈ। ਇੰਨੇ ਨੂੰ ਉਸ ਵਿਦਿਆਰਥਣ ਨੇ ਡੈਡੀ ਦਾ ਨਾਂ ਜਾਣਨਾ ਚਾਹਿਆ ਤਾਂ ਮੇਰੀ ਉਸੇ ਉਸਤਾਨੀ ਨੇ ਅੰਗ੍ਰੇਜ਼ੀ ਵਿਚ ਡੈਡੀ ਦਾ ਨਾਂ ਦੱਸ ਕੇ ਬੜੇ ਸੰਵਾਰ ਕੇ ਮੇਰੇ ਹੀ ਸਾਹਮਣੇ ਦੱਬੀ ਸੁਰ ਵਿਚ ਉਸ ਵਿਦਿਆਰਥਣ ਨੂੰ ਕਿਹਾ, "ਦਰਅਸਲ ਉਹ ਪੰਜਾਬੀ ਦੇ ਲੇਖਕ ਨੇ।'' ਉਨ੍ਹਾਂ ਦਾ ਪੰਜਾਬੀ ਪ੍ਰਤੀ ਇਹ ਵਤੀਰਾ ਵੇਖ ਕੇ ਮੈਨੂੰ ਝਟਕਾ ਲੱਗਾ ਤੇ ਮੈਨੂੰ 10+2 ਵਿਚ ਪੜ੍ਹਨ ਵੇਲੇ ਦਾ ਉਹ ਦਿਨ ਯਾਦ ਆ ਗਿਆ ਜਦੋਂ ਅਪਣੀ ਇਕ ਸਹਿਪਾਠਣ ਦੇ ਮੇਰੇ ਡੈਡੀ ਦੇ ਕੰਮ ਬਾਰੇ ਪੁੱਛੇ ਜਾਣ ਉੱਤੇ ਮੈਂ ਉਸ ਨੂੰ ਉਨ੍ਹਾਂ ਦੇ ਪੰਜਾਬੀ ਦੇ ਲੈਕਚਰਾਰ ਹੋਣ ਬਾਰੇ ਦੱਸਿਆ ਤਾਂ ਉਸ ਨੇ ਕਿਹਾ ਸੀ, "ਚੱਲ ਕੋਈ ਨਹੀਂ, ਕੀ ਹੋਇਆ ਉਹ ਪੰਜਾਬੀ ਦੇ ਲੈਕਚਰਾਰ ਨੇ, ਕਮ ਸੇ ਕਮ ਲੈਕਚਰਾਰ ਤਾਂ ਹੈਗੇ ਈ ਏ ਨਾ।" ਮੈਂ ਇਹ ਗੱਲ ਸਮਝਣ ਤੋਂ ਅਸਮਰਥ ਹਾਂ ਕਿ ਪੰਜਾਬ ਦੇ ਲੋਕ ਪੰਜਾਬੀ ਨੂੰ ਬੋਲਣ ਤੇ ਅਪਨਾਉਣ ਤੋਂ ਸ਼ਰਮਾਉਂਦੇ ਝਿਜਕਦੇ ਕਿਉਂ ਨੇ? ਇਸੇ ਅਮੀਰ ਭਾਸ਼ਾ ਨੇ ਸਾਡੇ ਟੱਬਰ ਨੂੰ ਰੋਟੀ ਦਿੱਤੀ ਹੈ ਤੇ ਸਿਰ ਉੱਚਾ ਚੁੱਕ ਕੇ ਤੁਰਨ ਦੀ ਸ਼ਕਤੀ ਵੀ।

ਮੈਨੂੰ ਬੜਾ ਮਾਣ ਮਹਿਸੂਸ ਹੁੰਦਾ ਹੈ ਜਦੋਂ ਡੈਡੀ ਦੇ ਕਾਲਜ ਵਿਚ ਪੜ੍ਹਦੇ ਵਿਦਿਆਰਥੀ ਆ ਕੇ ਕਹਿੰਦੇ ਸਨ, "ਤੁਸੀਂ ਬੜੇ ਕਿਸਮਤ ਵਾਲੇ ਹੋ ਜੋ ਵਰਿਆਮ ਸਰ ਤੁਹਾਡੇ ਡੈਡੀ ਨੇ, ਸਾਨੂੰ ਤਾਂ ਵਰਿਆਮ ਸਰ ਕੋਲੋਂ ਪੜ੍ਹ ਕੇ ਹੀ ਪਤਾ ਲੱਗਾ ਕਿ ਪੰਜਾਬੀ ਵੀ ਕੋਈ ਭਾਸ਼ਾ ਹੈ'' ਅਤੇ ਸੱਚਮੁੱਚ ਮੈਂ ਆਪ ਕਾਲਜ ਵਿਚ ਪੜ੍ਹਦਿਆਂ ਹੋਇਆਂ, ਮੈਡੀਕਲ ਤੇ ਨਾਨ-ਮੈਡੀਕਲ ਵਾਲੇ ਉਹਨਾਂ ਵਿਦਿਆਰਥੀਆਂ ਨੂੰ, ਜਿਹੜੇ ਕਿ ਪੰਜਾਬੀ ਦਾ ਪੀਰੀਅਡ ਕਦੇ ਵੀ ਲਾਉਣਾ ਪਸੰਦ ਨਹੀਂ ਸਨ ਕਰਦੇ, ਡੈਡੀ ਦੀ ਕਲਾਸ ਖ਼ਾਸ ਤੌਰ 'ਤੇ ਲਾਉਂਦਿਆਂ ਵੇਖਿਆ ਹੈ ਤੇ ਮੈਂ ਸਮਝਦੀ ਹਾਂ ਕਿ ਡੈਡੀ ਵਰਗੇ ਅਧਿਆਪਕਾਂ ਦੇ ਹੁੰਦੇ ਹੋਇਆਂ ਪੰਜਾਬੀ ਦਾ ਭਵਿੱਖ ਸੁਰੱਖਿਅਤ ਹੈ।

ਡੈਡੀ ਨੇ ਪੰਜਾਬੀ ਪੜ੍ਹਨ ਦੀ ਲਾਗ ਸਾਨੂੰ ਬਚਪਨ ਤੋਂ ਹੀ ਲਾ ਦਿੱਤੀ ਸੀ। ਪੱਕੇ ਪੇਪਰਾਂ ਦੀਆਂ ਛੁੱਟੀਆਂ ਤੋਂ ਬਾਅਦ ਸਵਾਦਲੀਆਂ

ਇਸ ਖ਼ਤ ਬਾਰੇ ਮੇਰੀ ਟਿੱਪਣੀ ਨਿਮਨ-ਲਿਖਤ ਸੀ:

ਮੇਰੀ ਅਲਪ-ਬੁੱਧ ਨੂੰ ਤਾਂ ਇਹੋ ਹੀ ਲੱਗਾ ਹੈ ਕਿ ਇਹ ਖ਼ਤ ਪਾਸ਼ ਦੇ ਕਤਲ ਨੂੰ ਹੱਕ-ਬ-ਜਾਨਬ ਠਹਿਰਾਉਂਦਾ ਹੈ। ਮਹਿਬੂਬ ਪਾਸ਼ ਨੂੰ 'ਈਮਾਨਦਾਰ' ਤਾਂ ਆਖਦਾ ਹੈ ਪਰ ਉਸਦੀ 'ਈਮਾਨਦਾਰੀ' ਨਾਲ ਧਿਰ ਬਣ ਕੇ ਖਲੋਤਾ ਨਹੀਂ ਹੋਇਆ ਸਗੋਂ 'ਕਾਤਲ ਧਿਰ ਦੇ ਜ਼ਖ਼ਮੀ ਦਿਲ ਦੀ ਵੱਡੀ ਪੀੜ' ਨਾਲ ਖਲੋਤਾ ਨਜ਼ਰ ਆਉਂਦਾ ਹੈ। ਉਹ 'ਈਮਾਨ' ਦੇ 'ਕਿਸੇ ਹੋਰ' ਨੁਕਤੇ 'ਤੇ ਖਲੋਤਾ ਹੈ। ਇਸ ਨੁਕਤੇ ਤੋਂ ਉਸਦੀ 'ਈਮਾਨਦਾਰ' ਨਜ਼ਰ ਨੂੰ ਪਾਸ਼ ਦਾ ਕਤਲ ਕਰਨ ਵਾਲੀ ਧਿਰ ਦਾ 'ਐਕਸ਼ਨ' ਠੀਕ ਲੱਗਦਾ ਜਾਪਦਾ ਹੈ। ਪਾਸ਼ ਦੀ ਈਮਾਨਦਾਰੀ ਦਾ ਘੇਰਾ ਛੋਟਾ ਆਖਣ ਤੋਂ ਭਾਵ ਉਸਨੂੰ ਇਕ ਤਰ੍ਹਾਂ 'ਬੇਸਮਝ' ਆਖਣ ਤੋਂ ਵੀ ਹੈ ਜਿਹੜਾ 'ਸਮੇਂ ਦੀ ਨਬਜ਼' ਨਹੀਂ ਸੀ ਪਛਾਣ ਸਕਿਆ ਤੇ ਜਿਸ ਵਿਚ 'ਕਾਤਲਾਂ ਦੇ ਜ਼ਖ਼ਮੀ ਦਿਲ ਦੇ ਦਰਦ' ਨੂੰ ਸਮਝਣ ਤੇ ਮਹਿਸੂਸਣ ਦੀ ਸੋਝੀ ਨਹੀਂ ਸੀ। ਮਹਿਬੂਬ ਕਹਿੰਦਾ ਲੱਗਦਾ ਹੈ ਕਿ ਪਾਸ਼ ਨੇ 'ਜ਼ਖ਼ਮੀ ਦਿਲਾਂ ਨੂੰ ਦੁਖਾ ਕੇ ਗ਼ਲਤੀ ਕੀਤੀ ਤੇ ਉਸਦਾ ਫ਼ਲ਼ ਉਸਨੂੰ ਭੁਗਤਣਾ ਹੀ ਪੈਣਾ ਸੀ!' ਮਹਿਬੂਬ ਸ਼ਾਇਦ ਇਹ ਕਹਿਣਾ ਚਾਹ ਰਿਹਾ ਹੈ ਕਿ 'ਪਾਸ਼ ਵਰਗੇ ਅਜਿਹੇ ਬੰਦੇ ਅਣਆਈ-ਮੌਤ ਮਰਦੇ ਹੀ ਹੁੰਦੇ ਨੇ!' ਪਾਸ਼ ਦੀ ਮੌਤ 'ਤੇ ਉਸ ਵੱਲੋਂ ਕੀਤਾ 'ਅਫ਼ਸੋਸ' ਵੀ 'ਈਮਾਨ' ਦੇ ਓਸ ਨੁਕਤੇ ਤੇ ਖਲੋ ਕੇ ਹੀ ਕੀਤਾ ਗਿਆ ਹੈ ਜਿਥੋਂ 'ਪਾਸ਼ ਦੀ ਈਮਾਨਦਾਰੀ' ਨੂੰ 'ਈਮਾਨਦਾਰੀ' ਆਖਣਾ ਵੀ ਐਵੇਂ ਸ਼ਬਦਾਂ ਦਾ ਹੇਰ-ਫ਼ੇਰ ਹੀ ਹੈ। ਅਸਲ ਵਿਚ ਏਥੇ 'ਈਮਾਨਦਾਰੀ' ਦੇ ਅਰਥ 'ਮੂਰਖ਼ਤਾ' ਨਿਕਲਦੇ ਜਾਪਦੇ ਨੇ।

ਜੇ ਮੇਰੇ ਵਿਚਾਰਾਂ ਦੀ ਕੋਈ ਤੁਕ ਬਣਦੀ ਹੈ ਤਾਂ ਮੇਰੀ ਇਛਾ ਹੈ ਕਿ 'ਮਹਾਨ ਸਿੱਖ ਵਿਦਵਾਨ' ਕਰ ਕੇ ਜਾਣੇ ਤੇ ਪਰਚਾਰੇ ਜਾਂਦੇ ਮਹਿਬੂਬ ਦੀ 'ਸਿੱਖੀ' ਤੇ ਉਸਦਾ 'ਦਰਦਮੰਦ ਦਿਲ' ਵੀ ਲੋਕ ਵੇਖ ਲੈਣ। -ਵਰਿਆਮ ਸਿੰਘ ਸੰਧੂ

ਖ਼ੈਰ-ਮੈਂ ਇਹ ਖ਼ਤ ਤੇ ਇਸ ਬਾਰੇ ਪ੍ਰਤੀਕਰਮ ਪੰਜਾਬੀ ਸਾਹਿਤ ਦੇ ਪਾਠਕਾਂ ਤੱਕ ਤੁਰਤ ਪਹੁੰਚਾਉਣ ਲਈ 'ਨਵਾਂ ਜ਼ਮਾਨਾ' ਨੂੰ ਭੇਜਿਆ ਪਰ ਮੈਨੂੰ ਹੈਰਾਨੀ ਅਤੇ ਦੁੱਖ ਹੋਇਆ ਕਿ ਅਗਾਂਹਵਧੂ ਵਿਚਾਰਾਂ ਨਾਲ ਜੁੜੇ ਹੋਣ ਦੀ ਦਿੱਖ ਵਾਲੇ ਏਸ ਪਰਚੇ ਨੇ ਇਸ ਖ਼ਤ ਨੂੰ ਛਾਪਣਾ ਤਾਂ ਦਰ-ਕਿਨਾਰ ਰਿਹਾ, ਇਹਦੇ ਨਾ ਛਾਪਣ ਬਾਰੇ ਅਪਣੀ ਰਾਇ ਦੱਸਣ ਦੀ ਖ਼ੇਚਲ ਕਰਨੀ ਵੀ ਗਵਾਰਾ ਨਾ ਸਮਝੀ। ਹਾਰ ਕੇ ਮੈਂ ਇਹ ਖ਼ਤ ਤੇ ਟਿੱਪਣੀ ਈ-ਮੇਲ ਰਾਹੀਂ ਦੋਸਤਾਂ ਨੂੰ ਭੇਜੀ ਤੇ ਓਥੋਂ ਕਈਆਂ ਨੇ ਲੈ ਕੇ ਅਪਣੇ ਪਰਚਿਆਂ ਤੇ 'ਬਲਾਗਾਂ' ਵਿਚ ਛਾਪ ਦਿੱਤੀ। ਪਰ ਮੈਂ ਚਾਹੁੰਦਾਂ ਕਿ 'ਹੁਣ' ਰਾਹੀਂ ਇਹ ਖ਼ਤ ਤੇ ਟਿੱਪਣੀ ਪੰਜਾਬੀ ਪਾਠਕਾਂ ਦੇ ਵੱਡੇ ਦਾਇਰੇ ਤੱਕ ਜ਼ਰੂਰ ਪੁੱਜਣੀ ਚਾਹੀਦੀ ਹੈ।

## ਲੱਸੀ ਤੇ ਕਹਾਣੀ

*ਹੁਣ- ਤੁਹਾਨੂੰ ਪੰਜਾਬੀ ਸਾਹਿਤ ਦੇ ਖੇਤਰ ਵਿਚ 'ਲੰਮੀ ਕਹਾਣੀ' ਵਿਧਾ ਦਾ ਜਨਮਦਾਤਾ ਸਮਝਿਆ ਜਾਂਦਾ ਹੈ। ਕੀ ਇਸ ਵਿਧਾ ਦਾ ਬੁਨਿਆਦੀ ਸੰਕਲਪ ਉਹੀ ਨਹੀਂ ਜੋ 'ਕਲਾ, ਕਲਾ ਲਈ' ਸਿਧਾਂਤ ਦਾ ਹੈ, ਭਾਵ 'ਵਿਧਾ, ਵਿਧਾ ਲਈ'?*

ਸੰਧੂ -ਮੈਂ ਅੱਗੇ ਵੀ ਕਈ ਵਾਰ ਦੱਸ ਚੁੱਕਾਂ ਕਿ ਮੈਂ ਜਦੋਂ ਲੰਮੀ ਕਹਾਣੀ ਲਿਖਣੀ ਸ਼ੁਰੂ ਕੀਤੀ ਸੀ ਤਾਂ ਇਸ ਕਰ ਕੇ ਨਹੀਂ ਕਿ ਮੈਂ ਇਸਨੂੰ 'ਲੰਮੀ' ਕਰਨਾ ਚਾਹੁੰਦਾ ਸਾਂ, ਸਗੋਂ ਇਹ ਤਾਂ ਮੇਰੀ ਕਹਾਣੀ ਦੀ ਰਚਨਾ-ਵਸਤੂ ਦੀ ਲੋੜ ਸੀ ਜਿਸਨੇ ਅਪਣੇ ਸਹਿਜ ਤੇ ਤਰਕ-ਸੰਗਤ ਅੰਜਾਮ ਤੱਕ ਪਹੁੰਚਣ ਲਈ ਅਪਣਾ ਆਕਾਰ ਲੰਮਾ ਕਰ ਲਿਆ। ਮੇਰਾ ਮੰਨਣਾ ਹੈ ਕਿ ਜਿਹੜੇ ਕਥਾਕਾਰਾਂ ਦੀ ਪਹਿਲ ਉਹਨਾਂ ਦੀ ਰਚਨਾ-ਵਸਤੂ ਨਾ ਹੋ ਕੇ 'ਲੰਮੇ ਆਕਾਰ ਦੀ ਕਹਾਣੀ ਲਿਖਣਾ' ਹੋਵੇ ਉਹਨਾਂ ਵਾਸਤੇ ਹੀ ਤੁਹਾਡਾ 'ਵਿਧਾ, ਵਿਧਾ ਲਈ' ਦਾ ਸਿਧਾਂਤ ਲਾਗੂ ਹੋ ਸਕਦਾ ਹੈ। ਮੈਂ ਤਾਂ ਸਦਾ ਇਹੋ ਆਖਦਾਂ ਕਿ

ਮੇਰੇ ਲਈ ਕਹਾਣੀ ਦੀ ਲੰਮਾਈ ਕਦੀ ਵੀ ਪਹਿਲ ਨਹੀਂ ਬਣੀ। ਜੇ ਕਹਾਣੀ ਵਿਚਲੀ ਵਸਤ ਦਾ ਬਿਰਤਾਂਤਕ ਨਿਬੇੜਾ ਚਾਰ ਸਫ਼ਿਆਂ ਵਿਚ ਹੋਣ ਵਾਲਾ ਹੈ ਤਾਂ ਇਕ ਸਤਰ ਵੀ ਵੱਧ ਲਿਖਣ ਦੀ ਲੋੜ ਨਹੀਂ ਪਰ ਜੇ ਕਹਾਣੀ ਅਪਣੀ ਸਹਿਜ ਚਾਲ ਤੁਰਦੀ, ਲੰਮੇ ਆਕਾਰ ਦੇ ਵਲੇਲ ਨੂੰ ਪ੍ਰਮੁੱਖਤਾ ਦੇਣ ਤੋਂ ਬਿਨਾ, ਚਾਲੀ ਸਫ਼ਿਆਂ ’ਤੇ ਜਾ ਕੇ ਮੁੱਕਦੀ ਹੈ ਤਾਂ ਉਸ ਵਿਚੋਂ ਚਾਰ ਸਤਰਾਂ ਵੀ ਕੱਟਣ ਦੀ ਲੋੜ ਨਹੀਂ। ਲੋੜਾਂ ਦੀ ਲੋੜ ਤਾਂ ਇਹ ਹੈ ਕਿ ਕਹਾਣੀ ਵਿਚ ਕੁਝ ਵੀ ਫ਼ਾਲਤੂ ਜਾਂ ਬੇਲੋੜਾ ਨਾ ਹੋਵੇ ਤੇ ਕੁਝ ਵੀ ਉਹ ਕੱਟਿਆ ਛਾਂਗਿਆ ਨਾ ਹੋਵੇ ਜਿਸਨੇ ਕਹਾਣੀ ਦੀ ਜਾਨ ਬਣਨਾ ਹੁੰਦਾ ਹੈ।

*ਹੁਣ-ਲੰਮੀ ਕਹਾਣੀ-ਵਿਧਾ ਨੇ ਰਵਾਇਤੀ ਕਹਾਣੀ-ਵਿਧਾ ਨੂੰ ਕੀ ਚੁਨੌਤੀ ਤੇ ਕੀ ਦਿਸ਼ਾ ਦਿੱਤੀ?*

ਸੰਧੂ -ਅਜਿਹੀ ਕਹਾਣੀ ਲਿਖੇ ਜਾਣ ਤੋਂ ਪਹਿਲਾਂ ਪੱਛਮੀ ਨਿੱਕੀ ਕਹਾਣੀ ਦੇ 'ਨਿੱਕੇ ਆਕਾਰ ਦੇ ਬੰਧੇਜ' ਦੀ ਬੜੀ ਕੱਟੜਤਾ ਨਾਲ ਪਾਲਣਾ ਕਰਨ ਦਾ ਰਵਾਜ ਸੀ। ਇਸ ਬਾਰੇ ਕਈ ਪ੍ਰਭਿਾਸ਼ਾਵਾਂ ਪ੍ਰਚਲਿਤ ਹਨ। ਕਹਾਣੀ ਦੇ ਇਕ ਸਟੇਸ਼ਨ ਤੋਂ ਦੂਜੇ ਸਟੇਸ਼ਨ ਤੱਕ ਮੁੱਕ ਜਾਣ ਵਾਲੀ, ਇਕੋ ਬੈਠਕ ਵਿਚ ਪੜ੍ਹੀ ਜਾਣ ਵਾਲੀ, ਨਿਸਚਿਤ ਸ਼ਬਦਾਂ ਦੀ ਗਿਣਤੀ ਤੱਕ ਪਹੁੰਚ ਕੇ ਖ਼ਤਮ ਹੋ ਜਾਣ ਵਾਲੀ, ਸਮੇਂ ਸਥਾਨ ਤੇ ਕਾਰਜ ਦੀ ਏਕਤਾ ਵਾਲੀ ਆਦਿ। ਮੈਂ ਤੇ ਮੇਰੇ ਨਾਲ ਜੁੜਨ ਵਾਲੇ ਸਾਥੀਆਂ ਨੇ ਲੰਮੀ ਕਹਾਣੀ ਲਿਖ ਕੇ ਕਹਾਣੀ ਦੇ ਕਰੜੇ ਅਕਾਦਮਿਕ ਕਲਾਵੇ ਦੀ ਕੱਸ ਨੂੰ ਢਿੱਲਿਆਂ ਕੀਤਾ। ਕਹਾਣੀ ਨੂੰ ਨਾਵਲ ਤੋਂ ਬਾਹਰ ਰਹਿ ਗਈਆਂ ਕੇਵਲ 'ਛੋਟੀਆਂ ਗੱਲਾਂ' ਦਾ ਮਾਧਿਅਮ ਸਮਝੇ ਜਾਣ ਵਾਲੀ ਸਮਝ ਨੂੰ ਸੋਧ ਕੇ ਵਿਸਥਾਰ ਦਿੱਤਾ ਤੇ ਸਾਬਤ ਕੀਤਾ ਕਿ ਕਹਾਣੀ ਵਿਚ ਵੀ 'ਵੱਡੀਆਂ ਗੱਲਾਂ' ਹੋ ਸਕਦੀਆਂ ਹਨ। ਉਂਜ ਵੀ ਜ਼ਿੰਦਗੀ ਏਨੀ ਵਿਰਾਟ, ਬਹੁਰੰਗੀ ਤੇ ਬਹੁ-ਪਰਤੀ ਹੈ ਕਿ ਨਿੱਕੇ ਅਕਾਰ ਵਾਲੀ ਇਕਹਿਰੇ ਜੁੱਸੇ ਦੀ ਕਹਾਣੀ ਵਿਚ ਇਸ ਵਿਰਾਟਤਾ ਤੇ ਬਹੁ-ਪਰਤਤਾ ਨੂੰ ਫੜਨਾ ਡਾਢਾ ਔਖਾ ਹੈ। ਲੰਮੀ ਕਹਾਣੀ ਨੇ 'ਕਹਾਣੀ' ਦੀ ਸਮਰਥਾ ਵਿਚ ਵਾਧਾ ਕੀਤਾ ਤੇ ਅਕਾਦਮਿਕ-ਬੰਧੇਜ ਦੇ ਜਕੜ-ਜੰਜਾਲ ਤੋਂ ਮੁਕਤ ਕਰਕੇ ਨਵੇਂ ਲਿਖਣ ਵਾਲਿਆਂ ਨੂੰ ਨੇਮਾਂ ਦੀ ਲਛਮਣ-ਰੇਖ਼ਾ ਪਾਰ ਕਰਨ ਦਾ ਹੌਸਲਾ ਤੇ ਹੱਲਾਸ਼ੇਰੀ ਦਿੱਤੀ। ਹੁਣ ਕਹਾਣੀ ਦੇ ਨਿੱਕੇ ਆਕਾਰ ਦੇ ਸਖ਼ਤ ਅਨੁਸ਼ਾਸਨ ਦਾ ਪਹਿਰਾ ਖ਼ਤਮ ਹੋ ਗਿਆ ਹੈ ਤੇ ਨਵੇਂ ਪਰ ਸਿਆਣੇ ਲੇਖਕਾਂ ਲਈ ਇਹ ਮਸਲਾ ਗੌਣ ਹੋ ਗਿਆ ਹੈ ਕਿ ਕਹਾਣੀ ਦਾ ਆਕਾਰ ਕਿੱਡਾ ਕੁ ਹੋਵੇ!

*ਹੁਣ- ਤੁਹਾਨੂੰ ਨਹੀਂ ਲਗਦਾ ਕਿ ਪੰਜਾਬੀ ਗਲਪ ਪਾਰਖੂਆਂ ਨੂੰ ਲੰਮੀ ਕਹਾਣੀ ਦੇ ਟਾਕਰੇ ਵਿਚ ਰਵਾਇਤੀ ਨਿੱਕੀ ਕਹਾਣੀ ਦਾ ਰੂਪ ਵਧੇਰੇ ਪ੍ਰਭਾਵਸ਼ਾਲੀ ਲਗਿਆ ਹੈ?*

ਸੰਧੂ -ਨਹੀਂ, ਅਜਿਹੀ ਬਿਲਕੁਲ ਕੋਈ ਗੱਲ ਨਹੀਂ। ਮੈਨੂੰ ਤੇ ਹੋਰ ਕਥਾਕਾਰਾਂ ਨੂੰ ਜੋ ਲੰਮੀ ਕਹਾਣੀ ਲਿਖਦੇ ਹਨ ਪੰਜਾਬੀ ਪਾਠਕਾਂ ਤੇ ਆਲੋਚਕਾਂ ਵੱਲੋਂ ਮਿਲੀ ਪ੍ਰਵਾਨਗੀ ਤੁਹਾਡੇ ਕਥਨ ਦੀ ਪੁਸ਼ਟੀ ਨਹੀਂ ਕਰਦੀ। ਕਹਾਣੀ ਭਾਵੇਂ ਨਿੱਕੇ ਆਕਾਰ ਦੀ ਹੋਵੇ ਭਾਵੇਂ ਵੱਡੇ ਆਕਾਰ ਦੀ, ਉਸਦੀ ਮੂਲ ਸ਼ਰਤ ਇਹੋ ਹੈ ਕਿ ਉਹ 'ਕਹਾਣੀ' ਜ਼ਰੂਰ ਹੋਵੇ। ਜੇ ਉਹ 'ਕਹਾਣੀ' ਹੀ ਨਹੀਂ ਬਣਦੀ ਤਾਂ ਆਕਾਰ ਭਾਵੇਂ ਛੋਟਾ ਹੋਵੇ ਜਾਂ ਵੱਡਾ ਕਿਸੇ ਅਰਥ ਨਹੀਂ।

*ਹੁਣ- ਕਈ ਲੋਕ ਕਹਿੰਦੇ ਸੁਣੇ ਗਏ ਹਨ ਕਿ 'ਲੱਸੀ ਤੇ ਕਹਾਣੀ' ਦਾ ਕੀ ਹੈ, ਜਿੰਨੀ ਮਰਜ਼ੀ ਵਧਾਈ ਜਾਓ, ਕੀ ਅਜਿਹਾ ਆਖ ਕੇ ਲੰਮੀ ਕਹਾਣੀ ਵਿਧਾ ਦੀਆਂ ਕਮਜ਼ੋਰੀਆਂ ਵੱਲ ਇਸ਼ਾਰਾ ਕਰਨਾ ਚਾਹੁੰਦੇ ਹਨ ਜਾਂ ਐਵੇਂ ਆਦਤਨ ਮਗਜ਼-ਖਪਾਈ?*

-ਉਹ ਐਵੇਂ ਮਗ਼ਜ਼-ਖਪਾਈ ਨਹੀਂ ਕਰਦੇ, ਸਗੋਂ 'ਉਸ ਪ੍ਰਕਾਰ ਦੀ ਲੰਮੀ ਕਹਾਣੀ' ਦੀਆਂ ਉਹਨਾਂ ਕਮਜ਼ੋਰੀਆਂ ’ਤੇ ਠੀਕ ਉਂਗਲ ਰੱਖਦੇ ਹਨ, ਜਿਹੜੀ

ਕਿਤਾਬਾਂ ਦਾ ਢੇਰ ਸਾਡੇ ਘਰ ਆ ਜਾਂਦਾ ਜਿਹੜੀਆਂ ਕਿ ਚਾਅ ਨਾਲ ਪੜ੍ਹੀਆਂ ਜਾਂਦੀਆਂ। ਹੁਣ ਡੈਡੀ ਕੈਨੇਡਾ ’ਚ ਰਹਿੰਦੀ ਅਪਣੀ ਪੋਤੀ 'ਸਰਗਮ' ਨੂੰ ਪੰਜਾਬੀ ਸਿਖਾ ਕੇ ਤਸੱਲੀ ਮਹਿਸੂਸ ਕਰਦੇ ਹਨ। ਉਨ੍ਹਾਂ ਨੂੰ ਸਰਗਮ ਨੂੰ ਪੜ੍ਹਾਉਂਦਿਆਂ ਵੇਖ ਕੇ ਮੈਨੂੰ ਅਪਣਾ ਬਚਪਨ ਚੇਤੇ ਆ ਜਾਂਦਾ ਹੈ, ਜਦੋਂ ਬਾਰ-ਬਾਰ 'ਡੈਡੀ, ਆਹ ਕੀ ਆ? ਡੈਡੀ, ਇਹ ਇਸ ਤਰ੍ਹਾਂ ਕਿਉਂ ਆ?' ਪੁੱਛਣ ਉੱਤੇ ਡੈਡੀ ਜਵਾਬ ਦੇਣੋਂ ਨਹੀਂ ਥੱਕਦੇ ਸਨ। ਮੇਰੇ ਲਈ ਡੈਡੀ ਕੋਲੇ ਦੁਨੀਆ ਦੇ ਸਾਰੇ ਸਵਾਲਾਂ ਦਾ ਜਵਾਬ ਹੁੰਦਾ ਸੀ ਜਿਹੜਾ ਕਿ ਹਾਲੇ ਵੀ ਇੰਜ ਹੀ ਹੈ। ਪਰ ਇਕ ਦਿਨ ਜਦੋਂ ਮੇਰੇ ਡੈਡੀ ਕੋਲੋਂ ਕੁਝ ਪੁੱਛਣ ਉੱਤੇ ਡੈਡੀ ਨੇ ਉਸ ਚੀਜ਼ ਬਾਰੇ ਉਨ੍ਹਾਂ ਨੂੰ ਜਾਣਕਾਰੀ ਨਾ ਹੋਣ ਬਾਰੇ ਦੱਸਿਆ ਤਾਂ ਮੈਨੂੰ ਧੱਕਾ ਲੱਗਿਆ। ਫਿਰ ਮੈਨੂੰ ਡੈਡੀ ਨੇ ਸਮਝਾਇਆ ਸੀ, 'ਵੇਖ ਪੁੱਤ, ਕੋਈ ਵੀ ਇਨਸਾਨ ਸਾਰਾ ਕੁਝ ਨਹੀਂ ਜਾਣ ਸਕਦਾ ਤੇ ਜੇ ਤੁਸੀਂ ਇਸ ਗੱਲ ਨੂੰ ਸਮਝ ਤੇ ਮੰਨ ਜਾਂਦੇ ਹੋ ਤਾਂ ਹੀ ਤੁਸੀਂ ਸਿੱਖ ਸਕਦੇ ਹੋ।'

ਡੈਡੀ ਨੂੰ ਪਿਆਰ ਨਾਲ ਮੈਂ ਕਦੇ ਕਦੇ 'ਡੱਡੀ ਮੱਛੀ' ਵੀ ਕਹਿੰਦੀ ਹਾਂ। ਉਨ੍ਹਾਂ ਦਾ ਦਿਲ ਅੰਦਰੋਂ ਮੱਛੀ ਵਾਂਗ ਹੀ ਕੂਲਾ ਹੈ। ਮੈਨੂੰ ਅੱਜ ਇਹ ਲਿਖਣ ਵਿਚ ਬਹੁਤ ਸਵਾਦ ਮਹਿਸੂਸ ਹੋ ਰਿਹਾ ਹੈ ਤੇ ਮੈਂ ਅੰਦਰੋਂ ਇਹ ਸਮਝਦੀ ਹਾਂ ਕਿ ਡੈਡੀ ਮੈਨੂੰ ਸਭ ਤੋਂ ਜ਼ਿਆਦਾ ਪਿਆਰ ਕਰਦੇ ਹਨ। ਮੈਨੂੰ ਪਤਾ ਹੈ ਕਿ ਮੇਰੀ ਭੈਣ ਤੇ ਮੇਰਾ ਭਰਾ ਇਹ ਪੜ੍ਹ ਕੇ ਥੋੜ੍ਹੀ ਈਰਖਾ ਵਿਚ ਲਮਕਾ ਕੇ 'ਅੱਛਾ! ਆ' ਜ਼ਰੂਰ ਕਹਿਣਗੇ ਪਰ ਇਹ ਗੱਲ ਸੱਚ ਹੈ ਕਿ ਡੈਡੀ ਹਮੇਸ਼ਾਂ 'ਸਾਡਾ ਚਿੜੀਆਂ ਦਾ ਚੰਬਾ' ਜਾਂ ਧੀਆਂ ਦਾ ਕੋਈ ਹੋਰ ਭਾਵੁਕ ਗੀਤ ਸੁਣ ਕੇ ਅੱਖਾਂ ਭਰ ਆਉਂਦੇ ਤੇ ਮੈਨੂੰ ਜੱਫ਼ੀ ਪਾ ਲੈਂਦੇ। ਛੋਟੇ ਹੁੰਦਿਆਂ ਜਦੋਂ ਡੈਡੀ ਘਰ ਤੋਂ ਦੂਰ ਪੜ੍ਹਾਉਣ ਕਰਕੇ ਹਫ਼ਤੇ ਬਾਅਦ ਘਰ ਆਉਂਦੇ ਸਨ ਤਾਂ ਮੈਂ ਉਨ੍ਹਾਂ ਨੂੰ ਲੈਣ ਲਈ ਬੱਸ ਅੱਡੇ ਉੱਤੇ ਇਕੱਲੀ ਜਾਂਦੀ। ਮੈਂ ਉਦੋਂ ਤਕਰੀਬਨ ਪੰਜ ਸਾਲ ਦੀ ਸੀ। ਇਕ ਵਾਰ ਮੇਰੀ ਇਕ ਸਹੇਲੀ ਵੀ ਅਪਣੇ ਡੈਡੀ ਦਾ ਇੰਤਜ਼ਾਰ ਕਰ ਰਹੀ ਸੀ। ਉਹ ਅਪਣੇ ਡੈਡੀ ਨਾਲ ਚਲੇ ਗਈ। ਮੈਂ ਦੇਰ ਰਾਤ ਤੱਕ ਡੈਡੀ ਦਾ ਇੰਤਜ਼ਾਰ ਕਰਦੀ ਰਹੀ। ਘਰੋਂ ਮੰਮੀ ਨੇ ਮੈਨੂੰ ਲੱਭਣ ਵਾਲਿਆਂ ਨੂੰ ਸਾਰੇ ਪਾਸੇ ਭੇਜ ਦਿੱਤਾ। ਮੇਰੇ ਨਿਰਾਸ਼ ਘਰ ਵਾਪਸ ਆਉਣ ਉੱਤੇ ਮੰਮੀ ਨੇ ਮੈਨੂੰ ਉਸ ਦਿਨ ਡੈਡੀ ਦੇ ਨਾ ਆਉਣ ਦੇ ਪ੍ਰੋਗਰਾਮ ਬਾਰੇ ਦੱਸਿਆ ਤੇ ਅੱਗੇ ਪਈ ਖ਼ੀਰ ਖਾਣ ਨੂੰ ਕਿਹਾ। ਅਗਲੇ ਦਿਨ ਸਕੂਲ ਅੱਧੀ ਛੁੱਟੀ ਵੇਲੇ ਮੈਂ ਭੱਜ ਕੇ ਡੈਡੀ ਨੂੰ ਬੱਛੀ ਪਾ ਲਈ। ਡੈਡੀ ਮੈਨੂੰ ਮਿਲ ਕੇ 'ਬਾਏ' ਕਹਿ ਕੇ ਸਕੂਲ ਦੇ ਗੇਟ ਤੋਂ ਬਾਹਰ ਨਿਕਲ ਕੇ ਜਾਣ ਲਈ ਤਿਆਰ ਖੜ੍ਹੇ ਸਨ। ਮੈਂ ਅਪਣੀ ਕਲਾਸ ਦੇ ਦਰਵਾਜ਼ੇ ਦੀਆਂ ਚੁਗਾਠਾਂ ਫੜ੍ਹ ਕੇ ਡੈਡੀ ਦੀ ਪਿੱਠ ਵੱਲ ਵੇਖ ਰਹੀ ਸਾਂ। ਡੈਡੀ ਅਚਾਨਕ ਪਿੱਛੇ ਮੁੜੇ, "ਉਏ ਬਿੱਟਿਆ, ਘਰ ਜਾਣਾ ਈ ਮੱਟਿਆ?" ਮੈਂ ਦੰਦ ਕੱਢਦੀ ਹੋਈ ਭੱਜ ਕੇ ਟੀਚਰ ਨੂੰ ਬਿਨਾਂ ਦੱਸਿਆਂ ਸਕੂਲ ’ਚੋਂ ਬਸਤਾ ਚੁੱਕ ਕੇ ਡੈਡੀ ਨਾਲ ਘਰ ਤੁਰ ਪਈ। ਮੈਂ ਅਪਣੇ ਡੈਡੀ ਨੂੰ ਅਥਾਹ ਪਿਆਰ ਕਰਦੀ ਹਾਂ ਅਤੇ ਮੈਨੂੰ ਉਨ੍ਹਾਂ ਉੱਤੇ ਅੰਤਾਂ ਦਾ ਮਾਣ ਹੈ। ਮੇਰੀ ਜ਼ਿੰਦਗੀ ਦੀ ਇਕ ਹੀ ਖਾਹਿਸ਼ ਹੈ ਕਿ ਕਾਸ਼ ਮੈਂ ਵੀ ਕੁਝ ਅਜਿਹਾ ਕਰ ਸਕਾਂ ਕਿ ਮੇਰੇ ਡੈਡੀ ਮੇਰੇ ਉੱਤੇ ਮਾਣ ਮਹਿਸੂਸ ਕਰ ਸਕਣ।

ਸ਼ਾਲਾ! ਡੈਡੀ ਇਸੇ ਤਰ੍ਹਾਂ ਪੰਜਾਬੀ ਭਾਸ਼ਾ ਦਾ ਕੱਦ ਹੋਰ ਉੱਚਾ ਕਰਦੇ ਰਹਿਣ।

*-ਰੂਪ ਢਿਲੋਂ (ਵੱਡੀ ਧੀ)*

## ਹਰ ਜਨਮ 'ਚ ਇਹਨਾਂ ਦੀ ਧੀ ਹੋਵਾਂ



ਵਰਿਆਮ ਸਿੰਘ ਸੰਧੂ ਬਤੌਰ ਇੱਕ ਪਿਤਾ, ਇੱਕ ਪਤੀ, ਇੱਕ ਇਨਸਾਨ ਦੇ ਤੌਰ 'ਤੇ ਕਿਸ ਤਰ੍ਹਾਂ ਦੇ ਨੇ। ਇਹਦੇ ਬਾਰੇ ਮੈਂ ਤੁਹਾਨੂੰ ਕੁਝ ਕੁ ਗੱਲਾਂ ਦੱਸਦੀ ਆਂ। ਸਿੱਧੇ ਤੌਰ 'ਤੇ ਜੇ ਮੈਂ ਇਹ ਕਹਵਾਂ ਕਿ ਵਰਿਆਮ ਸਿੰਘ ਸੰਧੂ ਇੱਕ ਬਹੁਤ ਵਧੀਆ ਪਿਤਾ ਅਤੇ ਬਹੁਤ ਚੰਗੇ ਪਤੀ ਅਤੇ ਬਤੌਰ ਇਨਸਾਨ ਇੱਕ ਬਹੁਤ ਚੰਗੇ ਅਤੇ ਨੇਕ ਇਨਸਾਨ ਹਨ ਤਾਂ ਇਹ ਇੱਕ ਆਮ ਜਿਹੀ ਗੱਲ ਹੈ ਕਿ ਇੱਕ ਧੀ ਅਪਣੇ ਪਿਤਾ ਦੀ ਤਾਰੀਫ਼ ਕਰੇਗੀ ਹੀ। ਮੈਂ ਤਾਂ ਤੁਹਾਨੂੰ ਇਹ ਦੱਸਣ ਲੱਗੀ ਹਾਂ ਕਿ ਮੇਰੇ ਨਾਲ-ਨਾਲ ਲੋਕ ਵੀ 'ਸੰਧੂ ਸਾਅਬ' ਬਾਰੇ ਕੀ ਸੋਚਦੇ ਨੇ:

ਮੈਂ ਅਪਣੇ ਡੈਡੀ ਦੀ ਸਟੂਡੈਂਟ ਵੀ ਰਹੀ ਹਾਂ ਅਤੇ ਉਹਨਾਂ ਦੇ ਹੀ ਕਾਲਜ ਵਿੱਚ ਉਹਨਾਂ ਦੀ ਕੁਲੀਗ ਵੀ। ਬਤੌਰ ਅਧਿਆਪਕ ਜੇ ਮੈਂ ਇਹ ਕਹਵਾਂ ਕਿ ਮੇਰੇ ਡੈਡੀ ਹੀ ਕਾਲਜ ਦੇ ਸਭ ਤੋਂ ਵਧੀਆ ਅਧਿਆਪਕ ਸਨ ਤਾਂ ਇਹ ਤਾਂ ਆਪ ਹੀ 'ਦੰਦ ਚਿੱਟੇ' ਕਰਨ ਵਾਲੀ ਗੱਲ ਹੋਈ। ਪਰ ਡੈਡੀ ਦੇ ਵਧੀਆ ਅਤੇ ਹਰਮਨ ਪਿਆਰੇ ਅਧਿਆਪਕ ਹੋਣ ਦਾ ਸਭ ਤੋਂ ਵੱਡਾ ਸਬੂਤ ਹੁੰਦਾ ਸੀ, ਉਹਨਾਂ ਦੇ ਲੈਕਚਰ ਵਿੱਚ ਸਭ ਤੋਂ ਵੱਧ ਵਿਦਿਆਰਥੀਆਂ ਦਾ ਹੋਣਾ। ਕਿਸੇ ਸਟੂਡੈਂਟ ਨੇ ਕਹਿਣਾ, "ਮੈਂ ਤਾਂ ਅੱਜ ਕਾਲਜ ਖ਼ਾਸ ਤੌਰ 'ਤੇ ਸੰਧੂ ਸਰ ਦਾ ਲੈਕਚਰ ਲਾਉਣ ਆਈ ਆਂ।" ਕਿਸੇ ਨੇ ਕਹਿਣਾ, "ਮੈਂ ਤਾਂ ਅੰਮ੍ਰਿਤਸਰ ਖ਼ਾਲਸਾ ਕਾਲਜ ਤੋਂ ਇੱਥੇ ਐਡਮਿਸ਼ਨ ਲਈ ਕਿਉਂਕਿ ਮੈਨੂੰ ਪਤਾ ਲੱਗਾ ਕਿ ਵਰਿਆਮ ਸਿੰਘ ਸੰਧੂ ਜਲੰਧਰ ਖ਼ਾਲਸਾ ਕਾਲਜ ਪੜ੍ਹਾਉਂਦੇ ਨੇ।" ਕਿਸੇ ਨੇ ਕਹਿਣਾ, "ਮੈਨੂੰ ਬਹੁਤ ਚੰਗਾ ਲੱਗਦਾ ਏ ਜਦ ਸੰਧੂ ਸਰ ਮੇਰੇ ਸਿਰ 'ਤੇ ਹੱਥ ਰੱਖ ਕੇ ਪਿਆਰ ਦਿੰਦੇ ਨੇ।" ਅਤੇ ਕਿਸੇ ਹੋਰ ਸਟੂਡੈਂਟ ਨੇ ਕਹਿਣਾ, "ਤੂੰ ਕਿੰਨੀ ਲੱਕੀ ਹੈਂ ਰਮਣੀਕ! ਕਾਸ਼ ਮੈਂ ਵਰਿਆਮ ਸੰਧੂ ਦੀ ਧੀ ਹੁੰਦੀ।" ਇਹ ਸਭ ਗੱਲਾਂ ਸੁਣ ਕੇ ਮੈਂ ਮਾਣ ਨਾਲ ਹੋਰ ਉੱਚੀ ਹੁੰਦੀ ਫ਼ਿਰਨਾ, ਜਿਵੇਂ ਵਰਿਆਮ ਸੰਧੂ ਮੈਂ ਹੀ ਹੋਵਾਂ। ਵਰਿਆਮ ਸਿੰਘ ਸੰਧੂ ਦਾ ਹੀ ਇੱਕ ਰੂਪ ਤਾਂ ਹਾਂ ਮੈਂ। ਇੱਕ ਵਾਰ ਡੈਡੀ ਕੈਨੇਡਾ ਗਏ ਹੋਏ ਸਨ। ਉਹਨਾਂ ਦੇ ਪਿੱਛੋਂ ਉਹਨਾਂ ਦੇ ਇੱਕ-ਦੋ ਲੈਕਚਰ ਮੈਂ ਲਏ। ਬੱਚਿਆਂ ਨੇ ਕਹਿਣਾ, "ਮੈਡਮ! ਤੁਹਾਡਾ ਬੋਲਣ ਦਾ ਅੰਦਾਜ਼ ਤਾਂ ਬਿਲਕੁਲ ਸੰਧੂ ਸਰ ਵਰਗਾ ਹੈ ਅਤੇ ਨਾਲੇ ਤੁਹਾਡੀ ਸ਼ਕਲ ਵੀ।" ਚਲੋ ਜੀ ਸ਼ਖ਼ਸੀਅਤ ਦਾ ਕੋਈ ਪੱਖ ਤਾਂ ਹੈ ਨਾ ਵਰਿਆਮ ਸੰਧੂ ਵਰਗਾ। ਮੈਨੂੰ ਕਾਲਜ ਵਿੱਚ ਪੂਰਾ ਮਾਣ ਮਿਲਦਾ। ਇੱਕ ਪਿਤਾ ਦੇ ਤੌਰ'ਤੇ ਵਰਿਆਮ ਸੰਧੂ ਕਿਵੇਂ ਹਨ, ਇਸ ਬਾਰੇ ਮੈਂ ਤੁਹਾਨੂੰ ਇੱਕ ਗੱਲ ਸੁਣਾਉਂਦੀ ਹਾਂ। ਮੈਨੂੰ ਯਾਦ ਹੈ ਜਦੋਂ ਮੇਰਾ ਭਰਾ ਸੁਪਨ ਕੈਨੇਡਾ ਵਿਆਹ ਕਰਵਾ ਕੇ ਸੈਟਲ ਹੋ ਗਿਆ ਸੀ ਅਤੇ ਅਸੀਂ ਸਾਰੇ ਇੰਡੀਆ ਵਿੱਚ ਹੀ ਸਾਂ। ਇੱਕ ਦਿਨ ਮੈਂ ਬੈੱਡਰੂਮ ਵਿੱਚ ਵੇਖਿਆ, ਡੈਡੀ ਅਪਣੇ ਬੈੱਡ 'ਤੇ ਲੇਟੇ ਸੁਪਨ ਦੀ ਕੰਧ 'ਤੇ ਟੰਗੀ ਫ਼ੋਟੋ ਵੱਲ ਇੱਕ ਟਕ ਵੇਖ ਰਹੇ ਸਨ। ਮੈਂ

'ਲੰਮੀ ਕਹਾਣੀ' ਕੇਵਲ ਕਹਾਣੀ ਨੂੰ 'ਲੰਮਾ' ਕਰਨ ਦੀ ਗ਼ਰਜ਼ ਨਾਲ ਲਿਖੀ ਗਈ ਹੁੰਦੀ ਹੈ। ਚੰਗੀ ਲੰਮੀ ਕਹਾਣੀ ਦੀ ਪ੍ਰਵਾਨਗੀ ਨੂੰ ਕੇਵਲ ਉਸਦੇ 'ਲੰਮੇ ਹੋਣ' ਦੇ ਸੂਤਰ ਨਾਲ ਜੋੜ ਕੇ ਜਿਹੜੇ ਲੇਖਕ ਭਰਮ-ਵੱਸ ਲੰਮੀ ਕਹਾਣੀ ਲਿਖਦੇ ਹਨ ਉਹਨਾਂ ਦੀਆਂ ਕਹਾਣੀਆਂ ’ਤੇ ਇਹ ਕਥਨ ਬੜਾ ਵਾਜਬ ਢੁਕਦਾ ਹੈ ਕਿ 'ਲੱਸੀ ਤੇ ਕਹਾਣੀ’ ਦਾ ਕੀ ਹੈ, ਜਿੰਨੀ ਮਰਜ਼ੀ ਵਧਾਈ ਜਾਓ।

*ਹੁਣ-ਤੁਹਾਡੇ ਕਹਿਣ ਅਨੁਸਾਰ ਪੰਜਾਬੀ ਦੀ ਨਿੱਕੀ ਕਹਾਣੀ ਦਾ ਬੰਧੇਜ ਤੁਹਾਥੋਂ 'ਸਹਿਵਨ ਹੀ’ ਟੁੱਟ ਗਿਆ ਸੀ। ਮੰਨਣ ਵਿਚ ਨਹੀਂ ਆਉਂਦੀ ਇਹ ਗੱਲ। ਲ਼ਗਦਾ ਤਾਂ ਇਹ ਹੈ ਕਿ ਤੁਹਾਡੇ ਅੰਦਰ ਹੀ ਕਿਧਰੇ ਇਹ ਬੰਧੇਜ ਤੋੜਨ ਦੀ ਇੱਛਾ ਪਈ ਸੀ ਤੇ ਫੇਰ ਇੱਕ ਨਵਾਂ ਅਨੋਖਾ ਰਾਹ ਲੱਭਣ ਤੇ ਪਾਠਕਾਂ ਦੇ ਭਰਵੇਂ ਹੁੰਗਾਰੇ ਕਾਰਨ ਇਹ ਹੋ ਗਿਆ। ਕੀ ਇਹ ਠੀਕ ਨਹੀਂ?*

ਸੰਧੂ -ਟੁੱਟਿਆ ਤਾਂ ਇਹ ਮੇਰੇ ਕੋਲੋਂ ਸਹਿਵਨ ਹੀ ਸੀ ਪਰ ਮੈਂ ਇਹ ਗੱਲ ਮੰਨਦਾਂ ਕਿ ਜਦੋਂ ਮੈਂ ਕਹਾਣੀ ਲਿਖ ਰਿਹਾ ਹੁੰਦਾ ਸਾਂ ਤਾਂ ਮੈਨੂੰ ਲੱਗਦਾ ਸੀ ਕਿ ਕਹਾਣੀ ਵਿਚ ਪੇਸ਼ ਕੀਤੇ ਜਾਣ ਵਾਲੇ ਅਨੁਭਵ ਖੰਡ ਦੇ ਜਿੰਨੇ ਵਿਸਥਾਰ ਤੇ ਵੇਰਵੇ ਮੇਰੇ ਕੋਲ ਹਨ ਜੇ ਇਹਨਾਂ ਨੂੰ ਮੈਂ ਸੰਕੇਤਕ ਤੌਰ ’ਤੇ ਕਹਾਣੀ ਵਿਚ ਸ਼ਾਮਲ ਕਰਦਾ ਹਾਂ ਤਾਂ ਕਹਾਣੀ ਵਿਚ ਪੇਸ਼ ਕੀਤੀ ਜਾਣ ਵਾਲੀ ਹਕੀਕਤ ਵਿਚ ਵਧੇਰੇ ਜਾਨ ਪੈਂਦੀ ਹੈ ਪਰ ਜੇ ਇਹ ਵੇਰਵੇ ਅਕਾਦਮਿਕ ਬੰਧੇਜ ਕਾਰਨ ਛੱਡ ਦਿੰਦਾ ਹਾਂ ਤਾਂ ਕਹਾਣੀ ਦਾ ਪ੍ਰਭਾਵ ਤੇ ਰੂਹ ਕਮਜ਼ੋਰ ਰਹਿ ਜਾਂਦੇ ਹਨ। ਅਪਣੇ ਡੂੰਘੇ ਤੇ ਵਿਸਥਰਿਤ ਅਨੁਭਵ ਨੂੰ ਜ਼ਬਾਨ ਦੇਣ ਦੀ ਮਨਸ਼ਾ ਤਾਂ ਮੇਰੇ ਮਨ ਵਿਚ ਨਿਸਚੈ ਹੀ ਸੀ। ਪਰ ਇਹ ਹੋ ਸਕਦਾ ਹੈ ਕਿ ਜੇ ਮੇਰੇ ਇਸ ਯਤਨ ਨੂੰ ਪਾਠਕਾਂ-ਆਲੋਚਕਾਂ ਵੱਲੋਂ ਭਰਵਾਂ ਹੁੰਗਾਰਾ ਨਾ ਮਿਲਦਾ ਤਾਂ ਮੈਂ ਵੀ ਹੱਥ ਪਿੱਛੇ ਖਿੱਚ ਲੈਂਦਾ ਤੇ ਪਹਿਲਾਂ ਤੋਂ ਬਣੀ ਪੈੜ ਵਿਚ ਖੋਪੇ ਲਾ ਕੇ ਤੁਰਨ ਲਈ ਮਜਬੂਰ ਹੋ ਜਾਂਦਾ। ਇਸ ਹੁੰਗਾਰੇ ਨੇ ਮੇਰਾ ਅਪਣੇ ਆਪ ਵਿਚ ਵਿਸ਼ਵਾਸ ਵਧਾਇਆ ਤੇ ਮੈਂ ਸੁਚੇਤ ਹੋ ਕੇ ਵੱਖਰੇ ਤੇ ਵੱਡੇ ਰਾਹ ’ਤੇ ਤੁਰ ਪਿਆ।

*ਹੁਣ-ਅਸਲ ਵਿਚ ਤੁਸੀਂ ਲੰਮੀ ਕਹਾਣੀ ਲਿਖਦੇ ਵੀ ਫਲੈਸ਼ ਬੈਕ ਜਾਂ ਹੋਰ ਕਿਸੇ ਤਕਨੀਕ ਰਾਹੀਂ ਏਧਰ ਓਧਰ ਦੀਆਂ ਨਿੱਕੀਆਂ ਕਹਾਣੀਆਂ ਨੂੰ ਕੇਂਦਰੀ ਥੀਮ ਨਾਲ ਲਗਾਤਾਰ ਜੋੜਦਾ ਰਹਿੰਦੇ ਓ ਤੇ ਤੁਹਾਡਾ ਇਹ ਅਮਲ ਸੁਚੇਤ ਹੈ। ਨਹੀਂ?*

ਸੰਧੂ -ਬਿਲਕੁਲ ਸੁਚੇਤ ਅਮਲ ਹੈ। ਤੇ ਜਿਵੇਂ ਮੈਂ ਦੱਸਿਆ ਹੈ ਕਿ ਅਪਣੇ ਚੌਤਰਫ਼ੀ ਅਨੁਭਵ ਨੂੰ ਕਹਾਣੀ ਵਿਚ ਫੈਲਾਉਣ ਤੇ ਡੂੰਘਾ ਲਿਜਾਣ ਦਾ ਹੌਸਲਾ ਮਿਲਣ ਕਰਕੇ ਮੈਂ ਵਧੇਰੇ ਮੁਸਤਹਿਦੀ ਨਾਲ ਇਸ ਰਾਹੇ ਤੁਰਿਆ। 'ਸਹਿਵਨ' ਤੋਂ ਮੇਰਾ ਭਾਵ ਕੇਵਲ ਏਨਾ ਸੀ ਕਿ ਮੈਂ ਆਕਾਰ ਨੂੰ ਪਹਿਲੀ ਪ੍ਰਮੁੱਖਤਾ ਦੇ ਕੇ ਲੰਮੀ ਕਹਾਣੀ ਲਿਖਣੀ ਕਿਸੇ 'ਉਚੇਚ' ਨਾਲ ਸ਼ੁਰੂ ਨਹੀਂ ਸੀ ਕੀਤੀ। ਨਿਰਉਚੇਚ ਢੰਗ ਨਾਲ ਅਪਣੀ ਵਸਤੂ ਨੂੰ ਰਾਹ ਦੇਣ ਦੀ ਕੋਸ਼ਿਸ਼ ਵਿਚ ਲੰਮੀ ਕਹਾਣੀ ਲਿਖਣ ਦੀ ਸ਼ੁਰੂਆਤ ਹੋਈ ਸੀ।

*ਹੁਣ-ਤੁਹਾਡਾ ਲੰਮੀ ਕਹਾਣੀ ਲਿਖਣਾ ਕਿਤੇ ਤੁਹਾਡੀ ਨਾਵਲ ਨਾ ਲਿਖ ਸਕਣ ਦੀ ਅਸਮਰੱਥਤਾ ਨੂੰ ਤਾਂ ਨਹੀਂ ਦਰਸਾਉਂਦਾ, ਤੁਸੀਂ ਕਥਾਨਕ ਨੂੰ ਫੈਲਾਅ ਤਾਂ ਲੈਂਦੇ ਹੋ ਪਰ ਨਾਵਲ ਰੂਪ ਤਕ ਨਹੀਂ ਫੈਲਾਅ ਪਾਉਂਦੇ, ਤੁਸੀਂ ਖ਼ੁਦ ਇਸ ਬਾਰੇ ਕੀ ਮਹਿਸੂਸ ਕਰਦੇ ਹੋ?*

ਸੰਧੂ -ਮੇਰੀ ਕਹਾਣੀ ਕਿਸੇ ਨਾਵਲ ਦਾ ਸਾਰ-ਸੰਖੇਪ ਨਹੀਂ ਹੁੰਦੀ। ਹਾਂ ਇਹ ਜ਼ਰੂਰ ਹੈ ਕਿ ਇਸ ਵਿਚ ਨਾਵਲ ਦਾ ਮਸਾਲਾ ਜ਼ਰੂਰ ਪਿਆ ਹੁੰਦਾ ਹੈ। ਜੇ ਮੈਂ ਕੋਸ਼ਿਸ਼ ਕਰਾਂ ਤਾਂ ਇਸਦੇ ਵੱਖ ਵੱਖ ਪਹਿਲੂਆਂ ਨੂੰ ਵੱਖਰੇ ਵਿਸਥਾਰ ਦੇ ਕੇ ਕਾਂਡ-ਵੰਡ ਕਰ ਕੇ ਨਾਵਲ ਵੀ ਲਿਖਿਆ ਜਾ ਸਕਦਾ ਹੈ। ਮੇਰੀਆਂ ਕਈ ਕਹਾਣੀਆਂ ਵਿਚ ਨਾਵਲ ਬਣ ਸਕਣ ਦੀ ਗੁੰਜਾਇਸ਼ ਹੈ। ਕਈਆਂ ਨੂੰ ਤਾਂ ਇਹ ਵੀ ਲੱਗਦਾ ਹੈ ਕਿ ਮੈਂ ਵਧੀਆ ਨਾਵਲਾਂ ਦਾ ਮਸਾਲਾ ਕਹਾਣੀਆਂ ਵਿਚ ਗਵਾ ਰਿਹਾਂ। ਜਦੋਂ ਮੈਂ ਪਹਿਲਾਂ

ਪਹਿਲਾਂ ਕੁਝ ਲੰਮੀਆਂ ਕਹਾਣੀਆਂ ਲਿਖੀਆਂ ਸਨ ਤਾਂ ਮੇਰੀ ਕਹਾਣੀ 'ਸੁਨਹਿਰੀ ਕਿਣਕਾ' ਪੜ੍ਹ ਕੇ ਰਘਬੀਰ ਸਿੰਘ ਸਿਰਜਣਾ ਨੇ ਕਿਹਾ ਸੀ ਕਿ ਕਿਤੇ ਮੈਂ ਮਹਿੰਗੇ ਮੁੱਲ ਦੀ ਚੀਜ਼ ਸਸਤੇ ਵਿਚ ਤਾਂ ਨਹੀਂ ਲੁਟਾ ਰਿਹਾ? ਪਰ ਜਦੋਂ ਮੈਨੂੰ ਕਹਾਣੀ ਦੀ ਵਿਧਾ ਵਿਚ ਹੀ ਉਹਦਾ ਪੂਰਾ ਮੁੱਲ ਮਿਲਣਾ ਸ਼ੁਰੂ ਹੋ ਗਿਆ ਤਾਂ ਮੈਂ ਨਾਵਲ ਲਿਖਣ ਵੱਲ ਅਹੁਲਿਆ ਈ ਨਾ। ਜੇ ਮੇਰੀ ਅਜਿਹੀ ਕਹਾਣੀ ਅਪ੍ਰਵਾਨ ਹੋ ਜਾਂਦੀ ਤਾਂ ਸ਼ਾਇਦ ਮੈਂ ਉਦੋਂ ਹੀ ਨਾਵਲ ਵੱਲ ਪਰਤ ਆਉਂਦਾ। ਕਈ ਲੇਖਕਾਂ ਨਾਲ ਇਸ ਤਰ੍ਹਾਂ ਹੀ ਹੋਇਆ। ਜਿੰਨ੍ਹਾਂ ਦੀ ਕਹਾਣੀ ਵਿਚ ਗੱਲ ਨਾ ਬਣੀ ਉਹ ਨਾਵਲ ਲਿਖਣ ਦੇ ਰਾਹੇ ਪੈ ਗਏ। ਅਜੇ ਪਿਛਲੇ ਦਿਨੀਂ ਮੇਰੀ ਕਹਾਣੀ 'ਜਮਰੌਦ' ਪੜ੍ਹ ਕੇ ਗੁਰਬਚਨ ਸਿੰਘ ਭੁੱਲਰ ਨੇ ਕਿਹਾ, "ਯਾਰ! ਤੂੰ ਨਾਵਲ ਕਿਉਂ ਨਹੀਂ ਲਿਖਦਾ।"

ਮੇਰੀ ਕਹਾਣੀ ਵਿਚਲਾ ਵਿਸਥਾਰ ਵੇਖ ਕੇ ਇਹ ਮੰਗ ਕਰਨੀ ਵਾਜਬ ਤਾਂ ਹੈ ਪਰ ਮੇਰੇ ਸਾਹਮਣੇ ਏਥੇ ਵੀ ਇਹ ਸਮੱਸਿਆ ਹੈ ਕਿ ਜਦੋਂ ਨਾਵਲ ਲਿਖਾਂ ਤਾਂ ਉਹ ਪਹਿਲਾਂ ਲਿਖੇ ਨਾਵਲਾਂ ਨਾਲੋਂ ਵੱਖਰਾ ਤੇ ਵਿਸ਼ੇਸ਼ ਹੋਵੇ। ਓਡਾ ਨਾਵਲ ਸੁੱਝਦਾ ਤਾਂ ਹੈ ਪਰ ਉਸਨੂੰ ਹੱਥ ਪਾਉਣ ਦੀ ਸਮਰੱਥਾ ਨਾ ਹੋਣ ਕਰਕੇ ਸ਼ਾਇਦ ਇਹ ਗੱਲ ਵੀ ਕੁਝ ਹੱਦ ਤੱਕ ਠੀਕ ਹੀ ਹੋਵੇ ਕਿ ਮੈਂ ਨਾਵਲ ਨੂੰ ਹੱਥ ਪਾਉਣ ਤੋਂ ਝਿਜਕਦਾ ਹਾਂ।

ਇਹ ਗੱਲ ਦਰੁੱਸਤ ਨਹੀਂ ਕਿ ਮੈਂ ਕਥਾਨਕ ਨੂੰ ਫੈਲਾ ਤਾਂ ਲੈਂਦਾ ਹਾਂ ਪਰ ਮੇਰੇ ਵਿਚ ਨਾਵਲ ਲਿਖਣ ਦੀ ਸਮਰੱਥਾ ਨਾ ਹੋਣ ਕਰਕੇ ਉਸਦੀ ਕਹਾਣੀ ਬਣਾ ਦਿੰਦਾ ਹਾਂ। ਮੈਂ ਕਥਾਨਕ ਨੂੰ ਕਹਾਣੀ ਦੀ ਹੱਦ ਵਿਚ ਹੀ ਰੱਖਦਾ ਹਾਂ। ਕਹਾਣੀ ਦੀ ਪਛਾਣ ਮੇਰੇ ਨਜ਼ਦੀਕ ਇਹ ਹੈ ਕਿ ਇਹ ਤੇਜ਼ ਗਤੀ ਨਾਲ ਚੱਲਦੀ ਹੈ ਤੇ ਸੰਕੇਤਿਕ ਢੰਗ ਨਾਲ ਗੱਲ ਕਰਦੀ ਹੋਈ, ਲੋੜੀਂਦੇ ਵਿਸਥਾਰ ਤੇ ਡੂੰਘਾਈ ਵਿਚੋਂ ਗੁਜ਼ਰਦੀ ਹੋਈ ਵੀ ਮੁੜ ਮੁੜ ਅਪਣੇ ਕੇਂਦਰ ਵੱਲ ਅਹੁਲਦੀ ਹੈ ਜਦ ਕਿ ਨਾਵਲ ਕੇਂਦਰ ਵੱਲ ਪਰਤਣ ਦੀ ਥਾਂ ਬਾਹਰ ਵੱਲ ਫੈਲਦਾ ਹੈ। ਨਾਵਲ ਦੀ ਮਜਬੂਰੀ ਨਹੀਂ ਹੁੰਦੀ ਕਿ ਕਹਾਣੀ ਵਾਂਗ ਪਹਿਲਾਂ ਬਿਆਨ ਕੀਤੇ ਸਾਰੇ ਵਿਸਥਾਰਾਂ ਨੂੰ ਕਿਸੇ ਅੰਤਮ ਬਿੰਦੂ ਉੱਤੇ ਸਮੇਟੇ ਤੇ ਨਬੇੜੇ। ਮੇਰੀ ਕਹਾਣੀ ਦੇ ਉਪ ਬਿਰਤਾਂਤਾਂ ਵਿਚ ਨਿੱਕੀ ਕਹਾਣੀ ਵਾਲੀ ਤੇਜ਼ ਗਤੀ ਹੁੰਦੀ ਹੈ ਤੇ ਉਹ ਅਪਣਾ ਚੱਕਰ ਕਾਹਲੀ ਨਾਲ ਮੁਕਾ ਕੇ ਅਪਣੇ ਧੁਰੇ ਵਾਲੇ ਮੁਖ ਬਿਰਤਾਂਤ ਵੱਲ ਪਰਤ ਕੇ ਅਰਥਾਂ ਦਾ ਸਮੂਹ-ਭਾਵੀ ਲਿਸ਼ਕਾਰਾ ਦਿੰਦੀ ਹੈ। ਸਾਰੇ ਉਪ ਬਿਰਤਾਂਤ ਅੰਤ 'ਤੇ ਜਾ ਕੇ ਇਕ ਕੇਂਦਰ ਵਿਚ ਲੁਪਤ ਹੋ ਜਾਂਦੇ ਹਨ ਤੇ ਸਾਰੇ ਬਿਰਤਾਂਤ ਇਕ ਗਲਪ-ਬਿੰਬ ਵਿਚ ਢਲ ਕੇ ਅਰਥਾਂ ਦਾ ਵਿਸਫੋਟ ਕਰਦੇ ਹਨ।

*ਹੁਣ-ਕੀ ਪੰਜਾਬੀ ਵਿਚ ਲੰਮੀ ਕਹਾਣੀ ਦੀ ਸਰਦਾਰੀ ਕਾਇਮ ਰਹੇਗੀ ਜਾਂ ਫੇਰ ਰੁਝਾਨ ਪਹਿਲਾਂ ਵਰਗੀ ਆਤਿਸ਼ਬਾਜ਼ੀ ਵਾਂਗ ਫਟ ਜਾਣ ਵਾਲੀ ਅਕਹਿਰੀ ਘਟਨਾ ਵਾਲੀ ਕਹਾਣੀ ਵੱਲ ਹੋ ਜਾਵੇਗਾ?*

ਸੰਧੂ -ਸਰਦਾਰੀ ਤਾਂ ਰਹੇਗੀ ਚੰਗੀ ਕਹਾਣੀ ਦੀ। ਲੰਮੀ ਜਾਂ ਆਤਿਸ਼ਬਾਜ਼ੀ ਵਾਂਗ ਫਟਣ ਵਾਲੀ ਕਿਸੇ ਇਕ ਦੀ ਨਹੀਂ। ਹਾਂ, ਏਨਾ ਜ਼ਰੂਰ ਹੈ ਕਿ ਹੁਣ ਪਹਿਲੇ ਲੇਖਕਾਂ ਵਾਂਗ ਨਿੱਕੇ ਆਕਾਰ ਵਿਚ ਛੇਤੀ ਨਾਲ ਗੱਲ ਮੁਕਾਉਣ ਵਾਲਾ ਪਹਿਲਾਂ ਜਿਹਾ 'ਭੈਅ' ਨਵੇਂ ਕਹਾਣੀਕਾਰਾਂ ਨੂੰ ਤੰਗ ਨਹੀਂ ਕਰਦਾ। ਉਹ ਕਹਾਣੀ ਦੇ ਨੇਮਾਂ ਦੀ ਪੂਰਵ-ਧਾਰਨਾ ਤੋਂ ਭੈਅ-ਰਹਿਤ ਹੋ ਕੇ ਸਹਿਜ ਤੇ ਭਰੋਸੇ ਨਾਲ ਗੱਲ ਕਰਨ ਲੱਗੇ ਹਨ। ਨਾ ਇਕਹਿਰੀ ਵਸਤੂ ਕੋਈ ਮਿਹਣਾ ਹੈ ਤੇ ਨਾ ਬਹੁਪਰਤੀ ਤੇ ਜਟਿਲ ਵਸਤੂ। ਲੇਖਕ ਨੂੰ ਲਿਖਣ ਦੀ ਜਾਚ ਆਉਣੀ ਚਾਹੀਦੀ ਹੈ। ਦੋਵੇਂ ਤਰ੍ਹਾਂ ਦੀ ਕਹਾਣੀ ਲਿਖੀ ਜਾਂਦੀ ਰਹੇਗੀ।

ਅਪਣੇ ਕੰਮੀਂ ਰੁੱਝ ਗਈ, ਪਰ ਕੁਝ ਚਿਰ ਬਾਅਦ ਮੈਂ ਫਿਰ ਡੈਡੀ ਵੱਲ ਵੇਖਿਆ ਤਾਂ ਡੈਡੀ ਦੀਆਂ ਅੱਖਾਂ ਮੈਨੂੰ ਉਦਾਸ ਅਤੇ ਗੁੰਮ ਸੁਮ ਲੱਗੀਆਂ। ਮੈਂ ਪੁੱਛਿਆ ਤਾਂ ਡੈਡੀ ਕੋਲੋਂ ਕੁਝ ਬੋਲਿਆ ਨਾ ਗਿਆ ਤੇ ਉਹਨਾਂ ਨੇ ਉਂਗਲੀ ਸੁਪਨ ਦੀ ਫੋਟੋ ਵੱਲ ਕਰ ਦਿੱਤੀ ਅਤੇ ਉਹਨਾਂ ਦੀਆਂ ਅੱਖਾਂ ਵਿੱਚੋਂ ਹੰਝੂ ਪਰਲ ਪਰਲ ਕਰ ਕੇ ਵਹਿੰਦੇ ਹੋਏ ਉਹਨਾਂ ਦੀ ਦਾਹੜੀ ਨੂੰ ਭਿਓਣ ਲੱਗ ਪਏ। ਸ਼ਾਇਦ ਉਸ ਵਕਤ ਡੈਡੀ ਭਵਿੱਖ ਵਿੱਚ ਸੁਪਨ ਨਾਲ ਗੁਜ਼ਾਰੇ ਜਾਣ ਵਾਲੇ ਪਲਾਂ ਦੀ ਗਿਣਤੀ ਕਰ ਰਹੇ ਹੋਣਗੇ। ਓਸ ਵੇਲੇ ਮੇਰਾ ਜੀ ਸੁਰਜੀਤ ਪਾਤਰ ਦੀ ਕਵਿਤਾ ਨੂੰ ਉਲਟਾ ਕੇ ਪੜ੍ਹਨ ਨੂੰ ਕੀਤਾ:

*ਪੁੱਤ ਪਰਦੇਸ ਗਿਆ ਜਦੋਂ ਪਹਿਲੀ ਵੇਰ ਸੀ,*
*ਬਾਪ ਦੀਆਂ ਅੱਖਾਂ ਵਿੱਚ ਹੰਝੂ ਤੇ ਹਨੇਰ ਸੀ--।*

ਜਿੱਥੋਂ ਤੱਕ ਰਹੀ ਧੀਆਂ ਦੀ ਗੱਲ! ਡੈਡੀ ਸਾਡੇ ਦੋਹਾਂ ਧੀਆਂ ਅਤੇ ਸਾਡੇ ਭਰਾ ਦੇ ਕੇਵਲ ਡੈਡੀ ਹੀ ਨਹੀਂ, ਸਗੋਂ ਸਾਡੇ ਦੋਸਤ ਵੀ ਹਨ। ਦੁਨੀਆਂ ਦੇ ਸਭ ਤੋਂ ਬੈਸਟ ਡੈਡ। ਉਹਨਾਂ ਨੇ ਕਦੇ ਵੀ ਸਾਡੇ ਤੇ ਅਪਣਾ ਕੋਈ ਫੈਸਲਾ ਥੋਪਿਆ ਨਹੀਂ, ਬਲਕਿ ਹਮੇਸ਼ਾਂ ਸਾਡੇ ਸਹੀ ਫੈਸਲੇ ਨੂੰ ਮਾਣ ਦਿੱਤਾ ਹੈ ਅਤੇ ਸਾਡੇ ਲਈ ਸਹੀ ਸੋਚਿਆ ਹੈ। ਧੀਆਂ ਨੂੰ ਲੈ ਕੇ ਮੇਰੇ ਡੈਡੀ ਏਨੇ ਭਾਵੁਕ ਨੇ ਕਿ ਬਚਪਨ ਤੋਂ ਹੀ ਮੈਂ ਉਹਨਾਂ ਨੂੰ ਜਦ ਵੀ ਤੁਫੈਲ ਨਿਆਜ਼ੀ ਜਾਂ ਸੁਰਿੰਦਰ ਕੌਰ ਹੁਰਾਂ ਵੱਲੋਂ ਗਾਇਆ 'ਚਿੜੀਆਂ ਦਾ ਚੰਬਾ' ਸੁਣਦਿਆਂ ਵੇਖਿਆ, ਉਹਨਾਂ ਦੀਆਂ ਅੱਖਾਂ ਵਿੱਚ ਹੰਝੂ ਵੇਖੇ। ਦਿਲ ਦੇ ਏਨੇ ਨਰਮ ਨੇ ਕਿ ਟੀ:ਵੀ ਉੱਤੇ ਚੱਲ ਰਹੇ ਕਿਸੇ ਪ੍ਰੋਗਰਾਮ ਵਿੱਚ ਚੱਲ ਰਹੇ ਕਿਸੇ ਭਾਵੁਕ ਦ੍ਰਿਸ਼ ਨੂੰ ਵੇਖ ਕੇ ਉਹ ਅਪਣੀਆਂ ਭਾਵਨਾਵਾਂ ਨੂੰ ਕਾਬੂ ਨਹੀਂ ਕਰ ਪਾਉਂਦੇ। ਗਮੀ ਵਾਲੇ ਦ੍ਰਿਸ਼ ਵੇਖ ਕੇ ਬੱਚਿਆਂ ਵਾਂਗਰ ਅੱਥਰੂ ਵਗਾਉਂਦੇ ਨੇ ਤੇ ਚੋਰੀ-ਚੋਰੀ ਅੱਖਾਂ ਵੀ ਪੂੰਝਦੇ ਨੇ। ਪਰ ਜੇ ਮਾਂ-ਬਾਪ ਨੂੰ ਬੱਚਿਆਂ ਦੇ ਗ਼ਮ ਦਾ ਪਤਾ ਲੱਗ ਜਾਂਦਾ ਹੈ ਤਾਂ ਮਾਂ-ਬਾਪ ਦੀਆਂ ਅੱਖਾਂ ਦੀ ਉਦਾਸੀ ਵੀ ਤਾਂ ਉਹਨਾਂ ਦੇ ਬੱਚਿਆਂ ਤੋਂ ਲੁਕੀ ਕੋਈ ਨਹੀਂ ਹੁੰਦੀ।

ਅਪਣੀ ਪਤਨੀ ਅਤੇ ਸਾਡੀ ਮੰਮੀ ਰਜਵੰਤ ਕੌਰ ਸੰਧੂ ਨੂੰ ਪੂਰਾ ਮਾਣ-ਤਾਣ ਦਿੰਦੇ ਹਨ ਡੈਡੀ। ਡੈਡੀ ਦੀ ਜ਼ਿੰਦਗੀ ਦਾ 'ਫੰਡਾ' ਇਹ ਹੈ ਕਿ ਅਪਣੀ ਘਰਵਾਲੀ ਨੂੰ ਕਦੇ ਨਾ ਤੰਗ ਕਰੋ ਤੇ ਜੇ ਦੋਹਵੇਂ ਜੀ ਆਪਸ ਵਿੱਚ ਨਾਰਾਜ਼ ਹੋਵੋ ਤਾਂ ਸੱਤ ਮਿੰਟ ਦੇ ਅੰਦਰ ਅੰਦਰ ਅਪਣੀ ਘਰਵਾਲੀ ਨੂੰ ਮਨਾ ਲਵੋ। ਹੈ ਨਾ! ਰਾਜ਼ੀ-ਖੁਸ਼ੀ ਨਾਲ ਚੱਲਣ ਵਾਲੀ ਗੱਲ। ਤੇ ਹਾਂ! ਲੋੜ ਵੇਲੇ ਮੇਰੀ ਮੰਮੀ ਦਾ ਪੂਰਾ ਸਾਥ ਵੀ ਦਿੰਦੇ ਹਨ ਡੈਡੀ।

ਸੁਭਾਅ ਦੇ ਮਖੌਲੀਏ ਵੀ ਬੜੇ ਹਨ ਅਤੇ ਦੋਗਲਾਪਣ ਬਿਲਕੁਲ ਨਹੀਂ। ਪਿੱਠ 'ਤੇ ਗੱਲ ਨਹੀਂ ਕਰਨੀ। ਜੋ ਗੱਲ ਮਨ 'ਚ ਆਈ ਅਗਲੇ ਦੇ ਮੂੰਹ 'ਤੇ ਠਾਹ ਕਰ ਕੇ ਮਾਰਨੀ। ਇਹ ਨਹੀਂ ਕਿ ਐਵੇਂ ਕਿਸੇ ਦੀ ਚਿਮਚੀ ਮਾਰੀ ਜਾਣੀ। ਬਿਲਕੁਲ ਨਹੀਂ। ਸਵੈ-ਮਾਣ ਦੇ ਪੂਰੇ ਪੱਕੇ ਨੇ। ਤੇ ਰੱਬ ਕਰੇ ਉਹਨਾਂ ਦਾ ਇਹ ਸਵੈ-ਮਾਣ ਹਮੇਸ਼ਾਂ ਇਵੇਂ ਹੀ ਕਾਇਮ ਰਹਵੇ ਤੇ ਉਹ ਹਮੇਸ਼ਾਂ ਹੀ ਬੁਲੰਦੀਆਂ ਨੂੰ ਛੂਹਣ। ਤੇ ਰੱਬ ਉਹਨਾਂ ਦੀਆਂ ਲੰਮੀਆਂ-ਲੰਮੀਆਂ ਉਮਰਾਂ ਕਰੇ ਤੇ ਮੈਨੂੰ ਹਰ ਜਨਮ 'ਚ ਉਹਨਾਂ ਦੀ ਧੀ ਹੋਣ ਦਾ ਮਾਣ ਮਿਲੇ। ਆਮੀਨ!

*-ਰਮਣੀਕ ਸੰਧੂ (ਛੋਟੀ ਧੀ)*

## ਦੋ ਤਰਾਂ ਦਾ ਰਿਸ਼ਤਾ

ਡੈਡੀ ਨਾਲ ਮੇਰਾ ਰਿਸ਼ਤਾ ਦੋ ਤਰ੍ਹਾਂ ਦਾ ਹੈ। ਪਿਆਰ-ਮੁਹੱਬਤ ਦਾ ਵੀ ਤੇ ਥੋੜ੍ਹੇ ਜਿਹੇ ਵੱਟ-ਵਿਰੋਧ ਦਾ ਵੀ। ਜਦੋਂ ਕਦੀ ਮੈਨੂੰ ਕੋਈ ਦੇਸ਼-ਵਿਦੇਸ਼ ਵਿਚ ਮਿਲਿਆ ਅਜਨਬੀ, ਇਹ ਜਾਣ ਕੇ ਕਿ ਮੈਂ ਵਰਿਆਮ ਸਿੰਘ ਸੰਧੂ ਦਾ ਪੁੱਤ ਹਾਂ, ਡੈਡੀ ਦੀ ਵਡਿਆਈ ਕਰਦਾ ਹੈ ਤਾਂ ਮੇਰਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ ਅਤੇ ਮੈਂ ਕਦੀ ਕਦੀ 'ਮਾਰਫ਼ਤ' ਦੀ ਹਾਲਤ ਵਿਚ ਫ਼ੋਨ ਉੱਤੇ ਉਹਨਾਂ ਨਾਲ ਇਸ ਮਾਣ ਦਾ ਜ਼ਿਕਰ ਵੀ ਕਰਦਾ ਹਾਂ। ਉਹਨਾਂ ਦਾ ਪੁੱਤ ਹੋਣ ਕਰਕੇ ਮੈਨੂੰ ਬਚਪਨ ਤੋਂ ਹੀ ਪੰਜਾਬੀ ਸਾਹਿਤ ਜਗਤ ਦੀਆਂ ਸਿਰਮੌਰ ਹਸਤੀਆਂ ਨਾਲ ਮਿਲਣ ਤੇ ਉਹਨਾਂ ਦਾ ਪਿਆਰ ਹਾਸਲ ਕਰਨ ਦਾ ਮਾਣ ਵੀ ਮਿਲਿਆ ਹੈ। ਪਰ ਆਹਮੋ-ਸਾਹਮਣੇ ਬੈਠ ਕੇ ਉਹਨਾਂ ਨੂੰ ਮੈਂ ਕਦੀ ਇਸ ਮਾਣ ਬਾਰੇ ਨਹੀਂ ਆਖਿਆ। ਆਹਮੋਂ ਸਾਹਮਣੇ ਤਾਂ ਕਈ ਵਾਰ ਸਾਡੀ ਝੜਪ ਵੀ ਹੋ ਜਾਂਦੀ ਹੈ। ਮੈਂ 'ਸੀਰਤ' ਦਾ ਸੰਪਾਦਕ ਹਾਂ ਤੇ ਡੈਡੀ ਮੇਰੇ ਸਹਾਇਕ। ਅਸੀਂ ਕਈ ਵਾਰ ਕਿਸੇ ਖ਼ਾਸ ਲੇਖਕ ਜਾਂ ਖ਼ਾਸ ਲਿਖਤ ਨੂੰ ਛਾਪਣ ਜਾਂ ਨਾ ਛਾਪਣ ਬਾਰੇ ਝਗੜ ਪੈਂਦੇ ਹਾਂ। ਡੈਡੀ ਆਖਣਗੇ, "ਕਿਉਂ ਤੂੰ ਮੇਰੀ ਤਨਖ਼ਾਹ ਲਾਈ ਹੈ ਕਿ ਮੈਂ ਤੇਰੇ ਕਹੇ ਨੂੰ ਸਤਬਚਨ ਕਰਕੇ ਮੰਨਾਂ। ਜਾਹ ਮੈਂ 'ਸੀਰਤ' ਦਾ ਕੰਮ ਈ ਨਹੀਂ ਕਰਦਾ।" ਮੈਂ ਇਸ ਮੌਕੇ ਚੁੱਪ ਕਰ ਜਾਂਦਾ ਹਾਂ ਤੇ ਘੰਟੇ ਦੋ ਘੰਟੇ ਬਾਅਦ ਡੈਡੀ ਵੀ ਸਭ ਕੁਝ ਭੁੱਲ ਕੇ ਚੁੱਪ-ਚਾਪ ਕੰਪਿਊਟਰ 'ਤੇ ਬੈਠ ਕੇ 'ਸੀਰਤ' ਦੇ ਕੰਮ ਲੱਗੇ ਹੁੰਦੇ ਹਨ। ਸ਼ਾਇਦ ਮੇਰੇ ਪੁੱਤ ਹੋਣ ਦਾ ਲਿਹਾਜ ਕਰਦੇ ਹੋਣ। ਇਕ ਹੋਰ ਗੱਲ ਮੈਨੂੰ ਤਕਲੀਫ਼ ਦਿੰਦੀ ਰਹਿੰਦੀ ਹੈ। ਜਦੋਂ ਵੀ ਕੋਈ ਮੈਨੂੰ ਮਿਲਦਾ ਹੈ ਤਾਂ ਮੇਰੇ ਬਾਰੇ ਜਾਣਕਾਰੀ ਦੇਣ ਵਾਲਾ ਉਸਨੂੰ ਦੱਸਦਾ ਹੈ ਕਿ ਇਹ ਵਰਿਆਮ ਸੰਧੂ ਦਾ ਬੇਟਾ ਹੈ ਜਾਂ ਅਗਲਾ ਮੇਰਾ ਨਾਂ ਸੁਣ ਕੇ ਪੁੱਛਦਾ ਹੈ ਕਿ ਕੀ ਤੁਸੀਂ ਵਰਿਆਮ ਸੰਧੂ ਹੁਰਾਂ ਦੇ ਬੇਟੇ ਹੋ ਤਾਂ ਮੈਨੂੰ ਖ਼ੁਸ਼ੀ ਦੇ ਨਾਲ ਨਾਲ ਦੁੱਖ ਵੀ ਹੁੰਦਾ ਹੈ ਕਿ 'ਮੈਂ ਕਿੱਥੇ ਹਾਂ ਤੇ ਕੌਣ ਹਾਂ?' ਏਸੇ ਕਰਕੇ ਮੈਂ ਲੇਖਕ ਬਣਨ ਵੱਲ ਘੱਟ ਧਿਆਨ ਦਿੱਤਾ ਹੈ। ਉਂਜ ਮੇਰਾ ਸਫ਼ਰਨਾਮਾ ਪੁਸਤਕ ਦੀ ਸ਼ਕਲ ਵਿਚ ਛਪ ਚੁੱਕਾ ਹੈ। ਕਨੇਡਾ ਦੇ ਅਖ਼ਬਾਰਾਂ ਰਸਾਲਿਆਂ ਵਿਚ ਵੀ ਮੇਰੀਆਂ ਲਿਖਤਾਂ ਛਪਦੀਆਂ ਰਹਿੰਦੀਆਂ ਹਨ ਤਾਂ ਵੀ ਲੇਖਕ ਬਣਨਾ ਮੇਰੀ ਪਹਿਲ ਨਹੀਂ ਕਿਉਂਕਿ ਮੈਨੂੰ ਪਤਾ ਹੈ ਜਦੋਂ ਵੀ ਮੈਂ ਕੁਝ ਲਿਖਦਾ ਹਾਂ ਜਾਂ ਲਿਖਾਂਗਾ ਤਾਂ ਇਸਦਾ ਵਰਿਆਮ ਸਿੰਘ ਸੰਧੂ ਦੀਆਂ ਲਿਖਤਾਂ ਨਾਲ ਸਹਿਵਨ ਹੀ ਮੁਕਾਬਲਾ ਹੋ ਜਾਣਾ ਹੈ। ਮੈਂ ਉਹਨਾਂ ਨਾਲ ਇਸ ਮੁਕਾਬਲੇਬਾਜ਼ੀ ਵਿਚ ਨਾ ਪੈਣ ਕਰਕੇ ਹੀ ਥੀਏਟਰ, ਫਿਲਮਾਂ ਤੇ ਸੰਪਾਦਨਾ ਦਾ ਖ਼ੇਤਰ ਚੁਣਿਆਂ ਹੈ। ਉਂਜ ਮੇਰੀ ਰੀਝ ਹੈ ਕਿ ਮੈਂ ਕਦੀ ਡੈਡੀ ਦੀ ਕਿਸੇ ਕਹਾਣੀ 'ਤੇ ਵਧੀਆ ਫ਼ਿਲਮ ਜ਼ਰੂਰ ਬਣਾਵਾਂ।



*-ਸੁਪਨ ਸੰਧੂ(ਬੇਟਾ)*

# ਸਾਂਝੀ ਪੰਜਾਬੀਅਤ ਦਾ ਸੰਕਲਪ

*ਹੁਣ-ਪੰਜਾਬ ਦੀ ਨਕਸਲੀ ਲਹਿਰ ਵਿਚ ਕਤਲ ਕੀਤੇ ਗਏ ਲੋਕਾਂ ਅਤੇ ਮਾਰੇ ਗਏ ਮੁੰਡਿਆਂ ਦੀ ਗਿਣਤੀ ਇੱਕ ਨਕਸਲੀ ਰਹਿ ਚੁੱਕੇ ਪਰ ਹੁਣ ਧਾਰਮਕ ਹੋ ਗਏ ਲੇਖਕ ਨੇ ਚਾਰ ਕੁ ਸੌ ਦੱਸੀ ਹੈ। ਇਹ ਵੀ ਕਿ ਦੋਹਾਂ ਧਿਰਾਂ ਦਾ ਇੱਕੋ ਜਿੰਨਾ ਨੁਕਸਾਨ ਹੋਇਆ। ਤੁਸੀਂ ਇਸ ਬਾਰੇ ਕੀ ਜਾਣਦੇ ਹੋ ਤੇ ਕੀ ਕਹੋਗੇ?*

ਸੰਧੂ -ਮੇਰੇ ਕੋਲ ਅਜਿਹੇ ਅੰਕੜੇ ਨਹੀਂ ਹਨ। ਪਰ ਇਸ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਦੋਵਾਂ ਧਿਰਾਂ ਦਾ ਹੀ ਨੁਕਸਾਨ ਹੋਇਆ। ਘੱਟ-ਵੱਧ ਦਾ ਕੀ ਪਤਾ ਲੱਗਣੈਂ। ਨਾਲੇ ਮਸਲਾ 'ਦੋਵਾਂ ਧਿਰਾਂ ਦੇ ਨੁਕਸਾਨ' ਨੂੰ ਤੱਕੜੀ ਵਿਚ ਪਾ ਕੇ ਤੋਲਣ ਅਤੇ ਘੱਟ-ਵੱਧ ਜਾਂ ਬਰਾਬਰ ਦੇ ਨੁਕਸਾਨ ਹੋਣ ਨਾਲ ਸੰਤੁਸ਼ਟ ਜਾਂ ਅਸੰਤੁਸ਼ਟ ਹੋਣ ਦਾ ਨਹੀਂ; ਮਸਲਾ ਤਾਂ ਇਹ ਹੈ ਕਿ 'ਲਹਿਰ' ਨਾਲ ਜੁੜੇ ਆਗੂ ਤੱਕੜੀ ਉੱਤੇ ਇਸ ਹਕੀਕਤ ਨੂੰ ਤੋਲਦੇ ਜਾਂ ਤੋਲਣ ਕਿ ਉਹਨਾਂ ਦੀ ਧਿਰ ਦਾ ਜਿੰਨਾਂ ਨੁਕਸਾਨ ਹੋਇਆ ਹੈ, ਕੀ ਉਹਨਾਂ ਨੇ ਉਸ ਨੁਕਸਾਨ ਦੇ ਮੁਕਾਬਲਤਨ ਜਿੰਨਾ ਕੁਝ ਪ੍ਰਾਪਤ ਕਰਨਾ ਚਾਹੀਦਾ ਸੀ, ਓਨਾ ਕੁਝ ਪ੍ਰਾਪਤ ਕਰ ਲਿਆ ਹੈ ਜਾਂ ਨਹੀਂ ਕੀਤਾ? ਜੇ ਨਹੀਂ ਪ੍ਰਾਪਤ ਕਰ ਸਕੇ ਤਾਂ ਅਪਣੀਆਂ ਘਾਟਾਂ ਜਾਂ ਊਣਾਂ ਦੀ ਨਿਸ਼ਾਨਦੇਹੀ ਕੀਤੀ ਜਾਂਦੀ ਤੇ ਇਸ ਗੱਲ 'ਤੇ ਪੁਨਰ ਵਿਚਾਰ ਕੀਤਾ ਜਾਂਦਾ ਕਿ ਘੱਟ ਤੋਂ ਘੱਟ ਨੁਕਸਾਨ ਕਰਵਾ ਕੇ ਵੱਧ ਤੋਂ ਵੱਧ ਪ੍ਰਾਪਤ ਕਰ ਸਕਣ ਦੀ ਰਣਨੀਤੀ ਕਿਹੜੀ ਹੋਣੀ ਚਾਹੀਦੀ ਹੈ ਜਾਂ ਹੋ ਸਕਦੀ ਸੀ?

ਅਸੀਂ ਅਕਸਰ ਸਿੱਖ ਆਗੂਆਂ ਨੂੰ ਇਹ ਕਹਿੰਦੇ ਸੁਣਦੇ ਹਾਂ ਕਿ 'ਜੀ, ਅਸੀਂ ਤਾਂ ਦੇਸ਼ ਦੀ ਆਜ਼ਾਦੀ ਲਈ ਨੱਬੇ ਫ਼ੀ ਸਦੀ ਕੁਰਬਾਨੀਆਂ ਕੀਤੀਆਂ ਪਰ ਦੇਸ਼ ਦੀ ਵਾਗ ਡੋਰ ਸੰਭਾਲਣ ਵਾਲੇ ਦਸ ਫ਼ੀ ਸਦੀ ਲੋਕਾਂ ਨੇ ਸਾਡੀਆਂ ਕੁਰਬਾਨੀਆਂ ਦਾ ਮੁੱਲ ਨਹੀਂ ਪਾਇਆ।" ਮੈਂ ਕਈ ਵਾਰ ਹੱਸਦਾ ਹੋਇਆ ਆਖਦਾ ਹੁੰਦਾਂ ਕਿ ਇਹਨਾਂ 'ਭਲੇਮਾਣਸਾਂ' ਨੂੰ ਕੌਣ ਸਮਝਾਵੇ ਕਿ ਨੱਬੇ ਫ਼ੀ ਸਦੀ ਕੁਰਬਾਨੀਆਂ ਕਰਨ ਵਾਲਿਆਂ ਦੀ ਥਾਂ ਜੇ ਦੇਸ਼ ਦੀ ਵਾਗ ਡੋਰ ਦਸ ਫ਼ੀ ਸਦੀ ਕੁਰਬਾਨੀਆਂ ਵਾਲੇ ਸੰਭਾਲ ਗਏ ਤਾਂ ਦੋਵਾਂ ਵਿਚੋਂ 'ਵੱਧ ਸਿਆਣਾ' ਕੌਣ ਹੋਇਆ! ਘੱਟ ਨੁਕਸਾਨ ਕਰਵਾ ਕੇ ਵੱਧ ਪ੍ਰਾਪਤ ਕਰਨ ਵਾਲਾ ਜਾਂ ਵੱਧ ਨੁਕਸਾਨ ਕਰਵਾ ਕੇ ਅਪਣੇ ਹੋਏ ਨੁਕਸਾਨ ਦੀ ਡੌਂਡੀ ਪਿੱਟੀ ਜਾਣ ਵਾਲਾ?

*ਹੁਣ-ਸ਼ੱਕ ਨਹੀਂ ਕਿ ਕਿਸੇ ਵੀ ਵਰਗ ਜਾਂ ਦੇਸ ਦੇ ਲੋਕਾਂ ਦੇ ਮਨਾਂ ਵਿਚ 'ਵਿਰਾਸਤ' ਡੂੰਘੀ ਧਸੀ ਹੋਈ ਹੁੰਦੀ ਹੈ। ਇਸੇ ਲਈ ਉਨ੍ਹਾਂ ਨੂੰ ਲਾਮਬੰਦ ਕਰਨ ਵਿਚ ਇਸ ਨਾਲ ਜੁੜਨਾ ਜ਼ਰੂਰੀ ਹੈ। ਕੀ ਪੰਜਾਬ ਵਿਚ ਇਹ ਲਾਮਬੰਦੀ ਤਾਂ ਹੀ ਨਾ ਹੋ ਸਕੀ ਕਿਉਂਕਿ ਇੱਥੇ ਇਕੱਲੇ ਸਿੱਖ ਹੀ ਨਹੀਂ ਹਿੰਦੂ ਤੇ ਹੋਰ ਜਾਤੀਆਂ ਵੀ ਵੱਡੀ ਗਿਣਤੀ ਵਿਚ ਵਸਦੀਆਂ ਸਨ ਜਿਨ੍ਹਾਂ ਦਾ ਵਿਰਾਸਤ ਨਾਲ ਜੁੜਿਆ ਧਰਮ ਵੱਖਰਾ ਵੱਖਰਾ ਸੀ?*

ਸੰਧੂ -ਇਹ ਗੱਲ ਬਹੁਤ ਹੱਦ ਤੱਕ ਦਰੁਸਤ ਹੈ। ਧਰਮ ਦੇ ਨਾਲ ਨਾਲ ਉਹਨਾਂ ਦੇ ਆਰਥਿਕ ਆਧਾਰ ਤੇ ਪੈਦਾਵਾਰੀ ਸਾਧਨਾਂ ਨਾਲ ਉਹਨਾਂ ਦਾ ਰਿਸ਼ਤਾ ਵੀ ਅਲੱਗ ਅਲੱਗ ਰਿਹਾ ਹੈ। ਮੁਸਲਮਾਨਾਂ ਦੇ ਜਾਗੀਰਦਾਰ ਧੜੇ ਨੂੰ ਛੱਡਕੇ ਉਹਨਾਂ ਦਾ ਬਹੁਤਾ ਹਿੱਸਾ ਕੰਮੀਆਂ-ਕਾਰੀਗਰਾਂ ਦਾ ਸੀ। ਸਿੱਖਾਂ ਦਾ ਦਾਰੋਮਦਾਰ ਖੇਤੀ 'ਤੇ ਸੀ ਤੇ ਭਾਵੇਂ ਜ਼ਮੀਨ ਦੇਣ ਦੀ ਥਾਂ ਉਹਨਾਂ ਨੂੰ ਖਾਂਦੀ ਹੀ ਰਹੀ ਸੀ ਤਦ ਵੀ ਜ਼ਮੀਨ-ਮਾਲਕ ਹੋਣ ਦੀ ਹਉਮੈਂ ਦਾ ਕਿੱਲਾ ਉਹਨਾਂ ਦੀ ਧੌਣ ਵਿਚ ਅੜਿਆ ਰਿਹਾ। ਹਿੰਦੂ ਵਣਜ-ਵਪਾਰ ਨਾਲ ਜੁੜੇ ਲੋਕ ਸਨ ਤੇ ਕਿਸਾਨ ਦੀ ਜਿਨਸ ਵਿਚੋਂ ਮੁਨਾਫ਼ਾ ਕਮਾਉਣਾ ਉਹਨਾਂ ਦੀ ਲੋੜ ਅਤੇ ਫ਼ਿਤਰਤ ਸੀ। ਇੰਜ ਸਾਰੀਆਂ ਧਿਰਾਂ ਦੇ ਆਰਥਿਕ ਹਿਤਾਂ ਦਾ ਟਕਰਾ ਵੀ ਉਹਨਾਂ ਦੇ ਇਕੱਠੇ ਹੋਣ ਵਿਚ ਰੁਕਾਵਟ ਰਿਹਾ ਹੈ। ਇਸਤੋਂ ਇਲਾਵਾ ਕਿਸਾਨ ਕੋਲ ਖੇਤੀ ਵਿਚੋਂ ਕਾਫ਼ੀ ਸਮਾਂ ਬਚ ਜਾਂਦਾ ਹੋਣ ਕਰਕੇ ਕਿਸੇ ਲੜਾਈ ਤੇ ਲਾਮਬੰਦੀ ਵਿਚ ਸ਼ਾਮਲ ਹੋਣ ਦੀ ਵਧੇਰੇ ਗੁੰਜਾਇਸ਼ ਸੀ ਜਦ ਕਿ ਹਿੰਦੂਆਂ ਦੇ ਕੋਲ ਦੁਕਾਨ ਤੇ ਵਪਾਰ ਵਿਚੋਂ ਏਨੀ ਵਿਹਲ ਕੱਢ ਸਕਣੀ ਸੰਭਵ ਨਹੀਂ ਸੀ। ਲੜਨਾ ਤੇ ਜੇਲ੍ਹ ਜਾਣਾ ਉਹਨਾਂ ਨੂੰ ਵਾਰਾ ਨਹੀਂ ਸੀ ਖਾਂਦਾ।

ਕੰਮੀਆਂ ਕਾਰੀਗਰਾਂ ਕੋਲ ਰੋਜ਼ ਦੇ ਦਿਹਾੜੀ-ਦੱਪੇ ਤੋਂ ਵਿਹਲ ਕੱਢ ਸਕਣੀ ਹੀ ਮੁਸ਼ਕਲ ਸੀ। ਇਸ ਲਈ ਇਹ ਕੰਮ ਬਹੁਤਾ ਸਿੱਖਾਂ ਨੂੰ ਕਰਨਾ ਪਿਆ। ਪੰਜਾਬ ਵਿਚ ਉੱਠੀ ਕਿਸੇ ਵੀ ਲਹਿਰ ਵਿਚ ਏਸੇ ਕਰਕੇ ਹਿੰਦੂਆਂ ਦੀ ਸ਼ਮੂਲੀਅਤ ਉਹਨਾਂ ਦੀ ਆਰਥਿਕ ਹਿਤਾਂ ਦੀ ਮਜਬੂਰੀ ਤੇ ਸਮੇਂ ਦੀ ਥੋੜ ਕਾਰਨ ਬਹੁਤ ਵਿਰਲੀ ਰਹੀ। ਇਸਤੋਂ ਇਲਾਵਾ ਇਹ ਵੀ ਸਮੱਸਿਆ ਬਣੀ ਰਹੀ ਕਿ ਸਿੱਖਾਂ ਨੇ ਵੀ ਸਰਬ-ਸਾਂਝੀ ਸਿੱਖੀ ਨੂੰ 'ਅਪਣੀ' ਹੀ ਬਣਾ ਲਿਆ। ਇੰਜ ਅਸੀਂ ਉੱਤੋਂ ਉੱਤੋਂ ਤਾਂ ਇਕ ਦੂਜੇ ਨੂੰ ਭਾਈ-ਭਾਈ ਕਹਿੰਦੇ ਰਹੇ ਤੇ ਭਾਈ ਦਿਸਣ ਦੀ ਕੋਸ਼ਿਸ਼ ਵਿਚ ਵੀ ਲੱਗੇ ਰਹੇ। ਪਰ ਉਪ੍ਰੋਕਤ ਬਿਆਨ ਕੀਤੇ ਕਾਰਨਾਂ ਸਦਕਾ ਅਸੀਂ ਸਾਰੇ ਫ਼ਿਰਕੇ ਧੁਰ ਅੰਦਰੋਂ ਖੰਡ-ਖ਼ੀਰ ਨਹੀਂ ਹੋ ਸਕੇ। ਸਾਂਝੀ ਪੰਜਾਬੀਅਤ ਦਾ ਸੰਕਲਪ ਸਾਡਾ ਬਹੁਤਾ ਕਾਗ਼ਜ਼ੀ ਤੇ ਦਿਖਾਵੇ ਦਾ ਹੀ ਰਿਹਾ। ਇਸ ਕਰਕੇ ਅਸੀਂ ਸਾਂਝੀ ਲੜਾਈ ਲੜਨ ਲਈ ਕਦੀ ਮੁਕੰਮਲ ਤੌਰ 'ਤੇ ਇਕ-ਮੁੱਠ ਨਹੀਂ ਹੋ ਸਕੇ। ਮਿਲਵਾਕੀ ਵਾਲੀ 'ਵਿਸ਼ਵ ਪੰਜਾਬੀ ਕਾਨਫ਼ਰੰਸ' ਵਿਚ ਬੋਲਦਿਆਂ ਮੈਂ ਸਾਂਝੀ ਪੰਜਾਬੀਅਤ ਦੇ ਸੰਕਲਪ ਨੂੰ 'ਪੋਚਾ ਪੰਜਾਬੀਅਤ' ਨਾਲ ਤੁਲਨਾਇਆ ਸੀ। ਮਤਲਬ ਇਹ ਕਿ ਅਸੀਂ ਆਮ ਹਾਲਤਾਂ ਵਿਚ ਤਾਂ ਸਾਰੇ ਭਾਈਚਾਰੇ ਬੜੇ ਇਤਫ਼ਾਕ ਤੇ ਮੁਹੱਬਤ ਨਾਲ ਰਹਿੰਦੇ ਹਾਂ, ਇਕ ਦੂਜੇ ਦੇ ਕੰਮ ਵੀ ਆਉਂਦੇ ਹਾਂ, ਕੁਰਬਾਨ ਵੀ ਹੁੰਦੇ ਹਾਂ, ਪਰ ਜਦ ਕਦੀ ਵੀ ਫ਼ਿਰਕੂ ਹਨੇਰੀ ਝੁੱਲਦੀ ਹੈ ਤੇ ਨਫ਼ਰਤਾਂ ਦਾ ਮੋਹਲੇਧਾਰ ਮੀਂਹ ਵਰ੍ਹਦਾ ਹੈ ਤਾਂ 'ਤੇਜ਼ ਬਾਰਸ਼' ਨਾਲ ਸਾਡੀ ਪੰਜਾਬੀਅਤ ਤੇ ਸਤਹ ਨੂੰ ਹਮਵਾਰ ਰੱਖਣ ਵਾਲਾ ਪੋਚਾ ਖੁਰ ਕੇ 'ਵਿਰਲਾਂ' ਵਿਚੋਂ ਨਿਕਲ ਜਾਂਦਾ ਹੈ ਤੇ ਸਾਡੀਆਂ ਤਰੇੜਾਂ ਦਿਸਣ ਲੱਗ ਪੈਂਦੀਆਂ ਹਨ।

*ਹੁਣ-ਸਾਰੀਆਂ ਸਮਾਜਵਾਦੀਆਂ ਪਾਰਟੀਆਂ ਵਿੱਚ ਧਰਮ ਤੇ ਸਿਆਸਤ ਦਾ ਗੋਰਖਧੰਦਾ ਸਦਾ ਹੀ ਇੱਕ ਅੜਾਉਣੀ ਬਣਿਆ ਰਿਹਾ ਹੈ। ਧਰਮ ਦੇ ਖ਼ਿਲਾਫ਼ ਬੋਲਦਿਆਂ ਹੋਣ ਕਰਕੇ ਲੋਕ ਉਨ੍ਹਾਂ ਨੂੰ ਨਕਾਰ ਦਿੰਦੇ ਸਨ ਕਿਉਂਕਿ ਧਰਮ ਵਿਰਾਸਤ ਦਾ ਵੱਡਾ ਹਿੱਸਾ ਹੈ। ਹੱਕ ਵਿਚ ਬੋਲਣ ਨਾਲ ਉਨ੍ਹਾਂ ਦੇ ਸਿਧਾਂਤ ਨੂੰ ਸੱਟ ਵੱਜਦੀ ਸੀ। ਕੀ ਹੈ ਫੇਰ ਇਹਦਾ ਹੱਲ?*

ਸੰਧੂ -ਮੈਂ ਇਕ ਦਿਲਚਸਪ ਵਾਰਤਾ ਦਾ ਜ਼ਿਕਰ ਕਰਨਾ ਚਾਹਾਂਗਾ। ਸ਼ਾਇਦ ਤੀਜੇ ਗ਼ਦਰੀ ਬਾਬਿਆਂ ਦੇ ਮੇਲੇ ਦੀ ਤਿਆਰੀ ਦੇ ਦਿਨ ਸਨ। ਇਹ ਤਾਂ ਆਪਾਂ ਜਾਣਦੇ ਹੀ ਆਂ ਕਿ ਗ਼ਦਰੀ ਬਾਬਿਆਂ ਦੇ ਨਾਂ 'ਤੇ ਬਣਿਆਂ ਟਰੱਸਟ ਖੱਬੇ ਪੱਖੀ ਵਿਚਾਰਧਾਰਾ ਨਾਲ ਹੀ ਜੁੜਿਆ ਹੋਇਆ ਹੈ। ਇਕ ਦਿਨ ਇਕ ਕਵੀਸ਼ਰੀ ਜਥਾ ਦੇਸ਼ ਭਗਤ ਯਾਦਗਾਰ ਹਾਲ ਵਿਚ ਮੇਰਾ ਪਤਾ ਪੁੱਛਦਾ ਫਿਰੇ। ਸਬੱਬੀਂ ਮੈਂ ਓਥੇ ਹਾਜ਼ਰ ਸਾਂ। ਉਹਨਾਂ ਦਾ ਆਗੂ ਕਹਿੰਦਾ, "ਅਸੀਂ ਬਾਬਿਆਂ ਦੇ ਮੇਲੇ 'ਤੇ ਕਵੀਸ਼ਰੀ ਸੁਨਾਉਣਾ ਚਾਹੁੰਦੇ ਹਾਂ। ਸਾਨੂੰ ਕਿਸੇ ਦੱਸਿਆ ਸੀ ਕਿ ਟਾਈਮ ਲੈਣਾ ਹੋਵੇ ਤਾਂ ਸੰਧੂ ਸਾਹਿਬ ਨੂੰ ਮਿਲ ਲਿਓ।"

ਪਹਿਲੇ ਮੇਲੇ ਤੋਂ ਹੀ ਕਿਉਂਕਿ ਮੈਂ ਕਮੇਟੀ ਵੱਲੋਂ ਲਾਈ ਸਟੇਜ ਸੰਭਾਲਣ ਦੀ ਡਿਊਟੀ ਨਿਭਾਉਂਦਾ ਆ ਰਿਹਾ ਸਾਂ ਇਸ ਲਈ ਮੇਰੇ ਅਜਿਹੇ 'ਮਹੱਤਵ' ਦਾ ਉਹਨਾਂ ਨੂੰ ਜਾਂ ਦੱਸਣ ਵਾਲੇ ਨੂੰ ਭੁਲੇਖਾ ਲੱਗਣਾ ਸੁਭਾਵਕ ਸੀ। ਮੈਂ ਉਹਨਾਂ ਨੂੰ ਨਿਮਰਤਾ ਨਾਲ ਦੱਸਿਆ ਕਿ ਮੈਂ ਤਾਂ ਕਮੇਟੀ ਦੇ ਪ੍ਰਵਾਨਤ ਚੌਖ਼ਟੇ ਤੇ ਨੀਤੀ ਅਨੁਸਾਰ ਸਟੇਜ 'ਤੇ ਕੇਵਲ ਨਾਮ ਹੀ ਅਨਾਊਂਸ ਕਰਨ ਵਾਲਾ ਹਾਂ। ਅਸਲ ਵਿਚ 'ਸਟੇਜ 'ਤੇ ਕੀ ਬੋਲਿਆ ਜਾਵੇ ਤੇ ਕਿਸਨੂੰ ਬੁਲਾਇਆ ਜਾਵੇ' ਇਸਦਾ ਨਿਰਣਾ ਕਮੇਟੀ ਹੀ ਕਰਦੀ ਹੈ। ਮੈਂ ਉਹਨਾਂ ਨੂੰ ਸੁਝਾਓ ਦਿੱਤਾ ਕਿ ਅੰਦਰ ਛੋਟੇ ਹਾਲ ਵਿਚ ਕੁਝ ਟਰੱਸਟੀ ਬੈਠੇ ਹੋਏ ਨੇ। ਤੁਸੀਂ ਅਪਣੀ ਕਵਿਤਾ ਉਹਨਾਂ ਨੂੰ ਸੁਣਾ ਲਵੋ। ਜੇ ਉਹ ਤੁਹਾਡੀ ਕਵੀਸ਼ਰੀ ਸੁਣ ਕੇ ਉਸਨੂੰ ਮੇਲੇ 'ਤੇ ਪੇਸ਼ ਕਰਨ ਦੀ ਮਨਜ਼ੂਰੀ ਦੇ ਦੇਣ ਤਾਂ ਮੈਨੂੰ ਟਾਈਮ ਦੇਣ ਵਿਚ ਕੋਈ ਉਜਰ ਨਹੀਂ ਹੋਵੇਗਾ।

ਅਸੀਂ ਹਾਲ ਦੇ ਅੰਦਰ ਗਏ। ਚਾਰ-ਪੰਜ ਟਰੱਸਟੀ ਬੈਠੇ ਹੋਏ ਸਨ। ਉਹਨਾਂ ਵਿਚੋਂ ਗੁਰਬਖ਼ਸ਼ ਸਿੰਘ ਬੰਨੋਆਣਾ ਤੇ ਚੈਨ ਸਿੰਘ ਚੈਨ ਦੇ ਚਿਹਰੇ ਮੈਨੂੰ ਅਜੇ ਵੀ ਚੇਤੇ ਹਨ। ਮੈਂ ਕਵੀਸ਼ਰਾਂ ਦੀ ਭਾਵਨਾ ਸਾਂਝੀ ਕੀਤੀ ਤਾਂ ਹਾਜ਼ਰ ਮੈਂਬਰਾਂ ਨੇ ਉਹਨਾਂ ਦੀ ਕਵੀਸ਼ਰੀ ਸੁਣਨ ਲਈ ਹਾਮੀ ਭਰ ਦਿੱਤੀ। ਉਹਨਾਂ ਨੇ ਕਵੀਸ਼ਰੀ ਰਾਹੀਂ ਦੇਸ਼ ਕੌਮ ਲਈ ਕੁਰਬਾਨ ਹੋਣ ਵਾਲੇ ਸ਼ਹੀਦ ਸੂਰਮਿਆਂ ਨੂੰ ਨਮਸਕਾਰ ਕੀਤੀ ਸੀ। ਕੁਰਬਾਨੀ ਦੀ ਲੜੀ ਦੀ ਸ਼ੁਰੂਆਤ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਹੁੰਦੀ ਸੀ। ਫਿਰ ਭਾਈ ਮਤੀ ਦਾਸ, ਭਾਈ ਦਿਆਲਾ, ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦੀ ਬਾਤ ਪਾਉਂਦਿਆਂ ਉਹਨਾਂ ਨੇ ਗੁਰੂ ਗੋਬਿੰਦ ਸਿੰਘ ਵੱਲੋਂ ਕੀਤੀ ਕੁਰਬਾਨੀ, ਲੜੀਆਂ ਲੜਾਈਆਂ ਤੇ ਉਹਨਾਂ ਦੇ ਪੁੱਤਰਾਂ ਦੀ ਸ਼ਹੀਦੀ ਦਾ ਬਿਰਤਾਂਤ ਸੁਣਾਇਆ। ਇੰਜ ਲੜੀ ਦਰ ਲੜੀ ਤੁਰਦਾ ਇਤਿਹਾਸ ਨਾਮਧਾਰੀ ਅੰਦੋਲਨ, ਪਗੜੀ ਸੰਭਾਲ ਜੱਟਾ ਲਹਿਰ, ਗ਼ਦਰੀ ਸੂਰਮਿਆਂ ਦੀ ਕੁਰਬਾਨੀ, ਜਲ੍ਹਿਆਂ ਵਾਲੇ ਬਾਗ਼ ਦੇ ਦੁਖਾਂਤ




ਇਰਾਕ 'ਤੇ ਅਮਰੀਕੀ ਹਮਲੇ ਦੇ ਵਿਰੋਧ 'ਚ ਹੋਏ ਸਾਂਝੇ ਮਾਰਚ ਦੀ ਅਗਵਾਈ ਕਰਦੇ ਹੋਏ (ਜਲੰਧਰ)।

ਵਿਚੋਂ ਗੁਜ਼ਰਦਾ ਹੋਇਆ ਭਗਤ ਸਿੰਘ ਤੇ ਊਧਮ ਸਿੰਘ ਦੀ ਸ਼ਹੀਦੀ ਤੱਕ ਵੀ ਪੁਜਾ ਤੇ ਉਸ ਵਿਚ ਪਰਜਾ ਮੰਡਲ ਦੇ ਸ਼ਹੀਦ ਸੇਵਾ ਸਿੰਘ ਠੀਕਰੀ ਵਾਲਾ, ਬੱਬਰ ਅਕਾਲੀਆਂ ਤੇ ਆਜ਼ਾਦ ਹਿੰਦ ਫੌਜ ਦੀਆਂ ਕੁਰਬਾਨੀਆਂ ਦਾ ਵੀ ਪਰਸੰਸਾਤਮਕ ਜ਼ਿਕਰ ਕੀਤਾ ਗਿਆ। ਜਦੋਂ ਕਵੀਸ਼ਰੀ ਜਥਾ ਗ਼ਦਰ ਪਾਰਟੀ ਦਾ ਬਿਰਤਾਂਤ ਗਾ ਰਿਹਾ ਸੀ ਤਾਂ ਦੇਸ਼ ਭਗਤ ਯਾਦਗ਼ਾਰ ਕਮੇਟੀ ਦੇ ਤਤਕਾਲੀਨ ਟਰੱਸਟੀ ਕਾਮਰੇਡ ਹਰਦਿਆਲ, ਜਿਨ੍ਹਾਂ ਨੂੰ ਸਾਰੇ ਪਿਆਰ ਨਾਲ 'ਨੇਤਾ ਜੀ' ਆਖਦੇ ਸਨ, ਹਾਲ ਵਿਚ ਦਾਖ਼ਲ ਹੋਏ। ਉਹਨਾਂ ਵੀ ਬਾਕੀ ਰਹਿੰਦੀ ਕਵੀਸ਼ਰੀ ਸੁਣੀ। ਕਵੀਸ਼ਰਾਂ ਦੀ ਆਵਾਜ਼ ਚੰਗੀ ਸੀ। ਕਵੀਸ਼ਰੀ ਦੀ ਵਸਤੂ ਵੀ ਟਰੱਸਟੀਆਂ ਨੂੰ ਪ੍ਰਵਾਨ ਸੀ। ਇਕ ਮਤ ਨਾਲ ਕਵੀਸ਼ਰੀ ਮੇਲੇ 'ਤੇ ਸੁਣਾਏ ਜਾਣ ਦਾ ਐਲਾਨ ਹੋ ਗਿਆ।

ਮੇਲੇ ਵਾਲੇ ਦਿਨ ਜਦੋਂ ਉਹ ਕਵੀਸ਼ਰੀ ਜਥਾ ਗਾ ਰਿਹਾ ਸੀ ਤਾਂ ਗੁਰੂਆਂ ਦੀ ਕੁਰਬਾਨੀ ਦਾ ਬਿਰਤਾਂਤ ਹਾਜ਼ਰ ਹੋਣਾ ਹੀ ਸੀ। ਇਹ ਉਹਨਾਂ ਦੀ ਕਵੀਸ਼ਰੀ ਦਾ ਪਹਿਲਾ ਇਕ ਤਿਹਾਈ ਹਿੱਸਾ ਸੀ। ਕੁਝ ਦੇਰ ਕਵੀਸ਼ਰੀ ਸੁਣਨ ਤੋਂ ਬਾਅਦ 'ਨੇਤਾ' ਜੀ ਕਾਹਲੀ ਕਾਹਲੀ ਮੇਰੇ ਕੋਲ ਸਟੇਜ 'ਤੇ ਆਏ। ਕਹਿੰਦੇ, "ਵਰਿਆਮ ਜੀ! ਇਹ ਕੀ ਗਾਈ ਜਾ ਰਹੇ ਨੇ? ਉਸ ਦਿਨ ਤਾਂ ਇਹ ਗ਼ਦਰੀ ਬਾਬਿਆਂ ਤੇ ਭਗਤ ਸਿੰਘ ਹੁਰਾਂ ਬਾਰੇ ਗਾ ਰਹੇ ਸਨ, ਅੱਜ ਗੁਰੂਆਂ ਦਾ ਪ੍ਰਸੰਗ ਲੈ ਕੇ ਬਹਿ ਗਏ।"

ਮੈਂ ਵਿਚਲੀ ਗੱਲ ਸਮਝ ਗਿਆ। ਅਸਲ ਵਿਚ ਕਵੀਸ਼ਰੀ ਦਾ ਇਹ ਪਹਿਲਾ ਹਿੱਸਾ ਉਹਨਾਂ ਨੇ, ਦੇਰ ਨਾਲ ਆਉਣ ਕਰਕੇ, ਉਸ ਦਿਨ ਸੁਣਿਆਂ ਹੀ ਨਹੀਂ ਸੀ। ਉਹਨਾਂ ਤਾਂ ਅਪਣੀ ਵੱਲੋਂ ਕਵੀਸ਼ਰੀ ਦਾ 'ਪਿਛਲਾ ਹਿੱਸਾ' ਹੀ 'ਪਾਸ' ਕੀਤਾ ਸੀ ਕਿਉਂਕਿ ਇਤਿਹਾਸ ਦਾ ਇਹੋ ਕਾਲ-ਖੰਡ ਹੀ ਉਹਨਾਂ ਨੂੰ 'ਅਪਣਾ ' ਲੱਗਦਾ ਸੀ। ਗੁਰੂਆਂ ਦੀ ਕੁਰਬਾਨੀ ਵਾਲਾ ਹਿੱਸਾ ਉਹਨਾਂ ਨੂੰ 'ਅਪਣੇ ਇਤਿਹਾਸ' ਦਾ ਹਿੱਸਾ ਨਹੀਂ ਸੀ ਲੱਗਦਾ। ਮੈਨੂੰ ਉਹਨਾਂ ਦੀ ਇਸ ਪਹੁੰਚ 'ਤੇ ਕੋਈ ਹੈਰਾਨੀ ਨਹੀਂ ਸੀ। ਅਸਲ ਵਿਚ ਸਾਡੀ ਖੱਬੀ ਧਿਰ ਦਾ ਬਹੁਤ ਵੱਡਾ ਹਿੱਸਾ ਸਾਡੇ ਮੱਧਕਾਲੀਨ ਇਨਕਲਾਬੀ ਇਤਿਹਾਸ ਨੂੰ ਅਪਣੇ ਵਿਰਸੇ ਵਜੋਂ ਸਵੀਕਾਰਨ ਦੀ ਥਾਂ ਉਸਤੋਂ ਇੱਕ ਵਿੱਥ ਥਾਪ ਕੇ ਚੱਲਣ ਦਾ ਵਿਸ਼ਵਾਸੀ ਰਿਹਾ ਹੈ ਅਤੇ ਅਪਣੇ ਇਤਿਹਾਸ ਨੂੰ ਰੂਸ ਜਾਂ ਚੀਨ ਵਰਗੇ ਇਨਕਲਾਬਾਂ ਦੇ ਇਤਿਹਾਸ ਨਾਲ ਜੋੜ ਕੇ ਕੇਵਲ ਤੇ ਕੇਵਲ ਉਹਨਾਂ ਦੇ ਇਤਿਹਾਸ ਨੂੰ ਹੀ ਅਪਣਾ ਪ੍ਰੇਰਨਾ ਸ੍ਰੋਤ ਸਮਝਦਾ/ਸਮਝਾਉਂਦਾ ਰਿਹਾ ਹੈ। ਅਸੀਂ ਇਹ ਭੁੱਲ ਜਾਂਦੇ ਰਹੇ ਕਿ ਉਹਨਾਂ ਦੇਸ਼ਾਂ ਦੀਆਂ ਇਨਕਲਾਬੀ ਲਹਿਰਾਂ ਨੂੰ ਉਸਾਰਨ ਵਿਚ ਵੀ ਉਹਨਾਂ ਦੇ ਅਪਣੇ ਇਤਿਹਾਸ ਦੇ ਸ਼ਹੀਦ ਤੇ ਲੋਕ-ਨਾਇਕ ਹੀ ਉਹਨਾਂ ਦੀ ਪ੍ਰੇਰਨਾ ਦਾ ਸੋਮਾਂ ਬਣਦੇ ਰਹੇ ਸਨ। ਉਹਨਾਂ ਮੁਲਕਾਂ ਦੇ ਪੁਰਾਣੇ ਸਮਿਆਂ ਦੇ ਲੋਕ-ਨਾਇਕ, ਜਿਹੜੇ ਕਿ ਨਿਸਚੈ ਹੀ ਮਾਰਕਸਵਾਦੀ ਭਾਵੇਂ ਨਹੀਂ ਸਨ (ਕਿਉਂਕਿ ਮਾਰਕਸ ਤਾਂ ਉਦੋਂ ਜੰਮਿਆਂ ਵੀ ਨਹੀਂ ਸੀ) ਪਰ ਲੋਕ-ਹਿਤੈਸ਼ੀ ਜ਼ਰੂਰ ਸਨ; ਜੇ ਉਹਨਾਂ ਮੁਲਕਾਂ ਦੀ ਲੋਕ-ਲਹਿਰ ਦੀ ਤਾਕਤ ਬਣ ਸਕਦੇ ਸਨ ਤਾਂ ਸਾਡੇ ਮੱਧ-ਕਾਲੀ ਨਾਇਕ ਸਾਡੇ ਲਈ ਏਨੇ ਅਛੂਤ ਤੇ ਓਪਰੇ ਕਿਉਂ ਹੋਣ!

ਅਸਲ ਵਿਚ ਸਾਡਾ ਮੱਧ-ਕਾਲੀਨ ਇਤਿਹਾਸ 'ਭਾਗੋਆਂ' ਦੇ ਖ਼ਿਲਾਫ਼ 'ਲਾਲੋਆਂ' ਦੀ ਨਿਰੰਤਰ ਲੜਾਈ ਦਾ ਗਵਾਹ ਹੈ, ਜਿਸਦੀ ਨੀਂਹ ਗੁਰੂ ਨਾਨਕ ਦੇਵ ਨੇ ਅਪਣੇ ਆਪ ਨੂੰ ਪ੍ਰੋਲਤਾਰੀ ਵਰਗ ਨਾਲ ਜੋੜ ਕੇ ਤੇ ਖ਼ੁਦ ਨੂੰ 'ਨੀਚਾਂ ਅੰਦਰ ਨੀਚ ਜਾਤ' ਹੋਣ ਦਾ ਐਲਾਨ ਕਰਕੇ ਕੀਤੀ ਸੀ। ਗੁਰੂ ਗੋਬਿੰਦ ਸਿੰਘ ਦਾ 'ਖ਼ਾਲਸਾ' ਵੀ ਦਲਿਆਂ-ਮਲਿਆਂ ਦੀ ਅਜਿਹੀ ਫੌਜੀ ਜਥੇਬੰਦੀ ਸੀ ਜਿਹੜੀ ਸਥਾਪਤ ਤਾਕਤਾਂ ਲਈ ਵੰਗਾਰ ਬਣ ਖੜੋਤੀ। ਗੁਰੂ ਸਹਿਬਾਨ ਦੀ ਸਿਧਾਂਤਕ ਸੇਧ ਅਤੇ ਕੁਰਬਾਨੀਆਂ ਦਾ ਸਿਲਸਿਲਾ ਹੀ ਅੱਗੇ ਜਾ ਕੇ ਬੰਦਾ ਬਹਾਦਰ ਦੀ ਅਗਵਾਈ ਵਿਚ ਪੰਜਾਬ ਵਿਚ ਪਹਿਲੀ ਵਾਰ ਜਾਗੀਰਦਾਰੀ ਪ੍ਰਬੰਧ ਦੇ ਖ਼ਿਲਾਫ਼ ਇਨਕਲਾਬੀ ਬਦਲ ਵਜੋਂ 'ਜ਼ਮੀਨ ਹਲ-ਵਾਹਕ ਦੀ' ਦੇ ਨਾਅਰੇ ਨੂੰ ਅਰਥਵਾਨ ਬਨਾਉਣ ਦੀ ਕੋਸ਼ਿਸ਼ ਕਰਦਾ ਹੈ। ਅਸੀਂ ਭਾਵੇਂ ਇਸ ਇਨਕਲਾਬੀ ਇਤਿਹਾਸ ਤੋਂ ਬੇਮੁੱਖ ਹੋਏ ਰਹੇ ਪਰ ਸਾਡੇ ਗ਼ਦਰੀ ਸੂਰਬੀਰ ਤੇ ਕਿਰਤੀ-ਕਿਸਾਨ ਲਹਿਰ ਦੇ ਆਗੂ ਅਪਣੇ ਸਜਿੰਦ ਇਤਿਹਾਸ ਨਾਲ ਨਾਤਾ ਜੋੜ ਕੇ, ਉਸਤੋਂ ਸਦਾ ਪ੍ਰੇਰਨਾ ਤੇ ਉਤਸ਼ਾਹ ਲੈ ਕੇ ਚੱਲਦੇ ਤੇ ਲੜਦੇ ਰਹੇ। ਉਹ ਜਾਣਦੇ ਸਨ ਕਿ ਸਾਡਾ ਅਪਣਾ ਜਾਨਦਾਰ ਇਤਿਹਾਸ ਹੀ ਸਾਡੇ ਪੈਰਾਂ ਹੇਠਲੀ ਜ਼ਮੀਨ ਬਣਦਾ ਹੈ, ਜਿਸ ਉੱਤੇ ਖਲੋ ਕੇ ਅਸੀਂ ਅਪਣੇ ਸੁਪਨਿਆਂ ਦੇ ਆਕਾਸ਼ 'ਚੋਂ ਮਨ-ਚਾਹੇ ਤਾਰੇ ਤੋੜਨ ਦਾ ਉੱਦਮ ਕਰ ਸਕਦੇ ਹਾਂ। ਜਿਹੜੇ ਲੋਕ ਅਪਣੇ ਇਤਿਹਾਸ ਨਾਲ ਸਜਿੰਦ ਰਿਸ਼ਤਾ ਸਥਾਪਤ ਕਰਨ ਤੋਂ ਉੱਕ ਜਾਂਦੇ ਹਨ, ਉਹ ਅਪਣੇ ਪੈਰਾਂ ਹੇਠਲੀ ਜ਼ਮੀਨ ਗਵਾ ਬੈਠਦੇ ਹਨ। ਪੈਰਾਂ ਥੱਲਿਓਂ ਜ਼ਮੀਨ ਖਿਸਕਣ ਨਾਲ ਬੰਦੇ, ਧਿਰਾਂ 'ਤੇ ਲਹਿਰਾਂ ਪਤਾਲ ਵਿਚ ਗ਼ਰਕ ਹੋ ਜਾਂਦੇ ਹਨ। ਅਪਣੇ ਇਤਿਹਾਸ ਦੇ ਮਹੱਤਵ ਨੂੰ ਸਮਝਣ ਦੀ ਬਦੌਲਤ ਹੀ ਗ਼ਦਰ ਪਾਰਟੀ ਵਲੋਂ ਸ਼ੁਰੂ ਕੀਤੇ ਹਫ਼ਤਾਵਾਰੀ ਅਖ਼ਬਾਰ 'ਗ਼ਦਰ' ਉੱਤੇ ਲਿਖੀ ਹੋਈ ਗੁਰਬਾਣੀ ਦੀ ਸਤਰ 'ਜੇ ਚਿਤ ਪ੍ਰੇਮ ਖੇਲਨ ਕਾ ਚਾਓ, ਸਿਰ ਧਰ ਤਲੀ ਗਲੀ ਮੋਰੀ ਆਵੋ' ਵਿਚੋਂ ਕਿਸੇ ਨੂੰ 'ਪਿਛਾਂਹ-ਖਿੱਚੂ ਧਾਰਮਿਕ ਤੰਗ-ਦ੍ਰਿਸ਼ਟੀ' ਦੀ 'ਹੁਮਕ' ਨਹੀਂ ਸੀ ਆਈ; ਸਗੋਂ, ਇਹ ਸਤਰ ਆਜ਼ਾਦੀ ਦੀ ਜੰਗ ਲਈ ਜੂਝਣ ਤੇ ਨਿੱਤਰਣ ਲਈ ਵੰਗਾਰ ਬਣ ਕੇ ਉਹਨਾਂ ਲੋਕਾਂ ਲਈ ਉਤਸ਼ਾਹ ਤੇ ਪ੍ਰੇਰਨਾ ਦਾ ਸੋਮਾ ਹੋ ਨਿੱਬੜੀ ਸੀ।

ਸੱਚੀ ਗੱਲ ਤਾਂ ਇਹ ਹੈ ਕਿ ਕਿਸੇ ਵੀ ਕੌਮ ਦਾ ਇਤਿਹਾਸ ਤੇ ਮਿਥਹਾਸ ਉਹਨਾਂ ਦੇ ਸੰਸਕਾਰਾਂ ਦਾ ਹਿੱਸਾ ਬਣ ਕੇ ਉਹਨਾਂ ਦੇ ਧੁਰ ਅਵਚੇਤਨ ਵਿਚ ਰਚਿਆ ਵੱਸਿਆ ਹੁੰਦਾ ਹੈ। ਜਦੋਂ ਕੋਈ ਉਹਨਾਂ ਦੇ ਇਸ ਅਵਚੇਤਨ ਨੂੰ, ਛੂੰਹਦਾ, ਟੁੰਬਦਾ ਜਾਂ ਵੰਗਾਰਦਾ ਹੈ ਤਾਂ ਕੌਮਾਂ ਅਤੇ ਬੰਦਿਆਂ ਅੰਦਰ ਸੁੱਤੀਆਂ ਸੱਤੇ ਸੁਰਾਂ ਜਾਗ ਉੱਠਦੀਆਂ ਹਨ। ਉਹਨਾਂ ਦਾ ਆਪਾ ਇਕ ਸੁਰ ਹੋ ਕੇ ਪੂਰੇ ਜੋਸ਼ ਅਤੇ ਉਮਾਹ ਨਾਲ ਨਵੀਆਂ ਵੰਗਾਰਾਂ ਦੇ ਰੂਬਰੂ ਡਟ ਖਲੋਂਦਾ ਹੈ। ਸੁਚੇਤ ਕੌਮਾਂ ਜਾਂ ਲੋਕ ਇਤਿਹਾਸ ਦਾ ਅੰਨ੍ਹੇ ਵਾਹ ਅਨੁਕਰਣ ਨਹੀਂ ਕਰਦੇ ਸਗੋਂ ਉਸਨੂੰ ਨਵੇਂ ਹਾਲਾਤ ਦੀਆਂ ਲੋੜਾਂ ਦੇ ਸਨਮੁੱਖ ਨਵੀਂ ਪਿਉਂਦ ਕਰਕੇ ਸਮੇਂ ਦੇ ਹਾਣ ਦਾ ਬਣਾ ਕੇ ਵਰਤਦੇ ਹਨ। ਇਤਿਹਾਸ-ਮਿਥਿਹਾਸ ਦੇ ਜਮ੍ਹਾਂ ਪਹਿਲੂ ਕਿਵੇਂ ਵਰਤਮਾਨ ਵਿਚ ਗਤੀਸ਼ੀਲ ਹੋਣ ਲਈ ਸਾਡੀ ਧਿਰ ਤੇ ਧੁਰਾ ਬਣਦੇ ਹਨ ਅਸੀਂ ਇਸਤੋਂ ਖੁੰਝੇ ਰਹੇ ਹਾਂ ਤੇ ਜਿੰਨਾਂ ਚਿਰ ਇਸ ਨਾਲ ਜੁੜਦੇ ਨਹੀਂ ਓਨਾ ਚਿਰ ਕਦੀ ਸਫ਼ਲ ਵੀ ਨਹੀਂ ਹੋ ਸਕਦੇ। ਸਰਨਾ ਏਨੇ ਨਾਲ ਵੀ ਨਹੀਂ, ਇਸਦੇ ਨਾਲ ਹੀ ਅੰਤਰਰਸ਼ਟਰੀ ਪੱਧਰ 'ਤੇ ਪ੍ਰਾਪਤ ਗਿਆਨ-ਵਿਗਿਆਨ ਤੇ ਵਿਚਾਰਧਾਰਾਵਾਂ ਵਿਚ ਵਾਪਰੀ ਤਬਦੀਲੀ ਨੂੰ ਵੀ ਓਸੇ ਸ਼ਿੱਦਤ ਨਾਲ ਆਤਮਸਾਤ ਕਰਨਾ ਪਵੇਗਾ। ਦੋਵਾਂ ਦੇ ਸੰਤੁਲਤ ਸੰਜੋਗ ਵਿਚੋਂ ਹੀ ਨਵੀਂ ਤਬਦੀਲੀ ਦਾ ਰਾਹ ਨਿਕਲਣਾ ਹੈ।

## ਪਹੁੰਚ ਦਾ ਮਾਮਲਾ

*ਹੁਣ*- ਏਨੀਆਂ ਸ਼ਕਤੀਸ਼ਾਲੀ ਮਾਨਵੀ ਆਧਾਰ ਨਾਲ ਜੁੜੀਆਂ ਕਹਾਣੀਆਂ ਲਿਖਣ ਦੇ ਬਾਵਜੂਦ ਕਈਆਂ ਨੂੰ ਅਜੇ ਵੀ ਸੰਧੂ ਇੱਕ 'ਜੱਟ' ਕਹਾਣੀਕਾਰ ਲਗਦਾ ਹੈ। ਕਿਉਂ?

ਸੰਧੂ -ਮੈਂ ਸੁਭਾ ਵਜੋਂ ਤਾਂ ਕਿਸੇ ਹੱਦ ਤੱਕ 'ਜੱਟ' ਹੋ ਸਕਦਾਂ ਭਾਵੇਂ ਕਿ ਹਮੇਸ਼ਾ ਅੰਦਰਲੇ ਜੱਟ ਨੂੰ ਮਾਰਨ ਦੀ ਕੋਸ਼ਿਸ਼ ਵੀ ਬੜੀ ਕੀਤੀ ਹੈ ਪਰ ਕਹਾਣੀਆਂ ਵਿਚ ਤਾਂ ਮੇਰੀ ਪਛਾਣ ਹੀ ਏਸੇ ਗੱਲ ਵਿਚ ਹੈ ਕਿ ਮੈਂ ਕਿਸਾਨ ਦੀ ਜਟਕੀ ਹਉਂ ਦੇ ਖੋਖਲੇਪਨ ਦਾ ਉਛਾੜ ਪਾੜ ਕੇ ਉਸਨੂੰ ਉਹਦੀ ਰੁਲਦੀ ਹੋਈ

ਹੋਂਦ ਤੇ ਹਕੀਕਤ ਦਾ ਗਿਆਨ ਕਰਵਾਇਆ ਹੈ। ਪੰਜਾਬੀ ਕਹਾਣੀ ਵਿਚ ਇਹ ਕੰਮ ਮੈਂ ਹੀ ਸਭ ਤੋਂ ਪਹਿਲਾਂ ਕੀਤਾ ਤੇ ਕਿਸਾਨ ਦੇ ਜਟਕੀ ਹਉਂ ਵਾਲੇ ਨਾਇਕਤਵ ਨੂੰ ਟੁਟਦਿਆਂ ਤੇ ਬਿਖ਼ਰਦਿਆਂ ਵਿਖਾਇਆ ਹੈ। ਮੇਰੇ ਤੋਂ ਪਹਿਲਾਂ ਕਿਸਾਨੀ ਨਾਲ ਜੁੜੇ ਕਹਾਣੀਕਾਰਾਂ ਸੰਤ ਸਿੰਘ ਸੇਖੋਂ ਤੇ ਕੁਲਵੰਤ ਸਿੰਘ ਵਿਰਕ ਦਾ ਕਿਰਸਾਣ 'ਨਾਇਕ' ਵਜੋਂ ਹੀ ਪੇਸ਼ ਹੋਇਆ ਸੀ। ਜਾਤਾਂ-ਪਾਤਾਂ ਵਿਚ ਵੰਡੇ ਸਮਾਜ ਵਿਚ ਕਿਸੇ ਨੂੰ ਵੀ ਉਹਦੀ ਜਾਤ ਦਾ ਨਾਂ ਲੈ ਕੇ ਛੁਟਿਆਇਆ, ਵਡਿਆਇਆ ਜਾ ਸਕਦਾ ਹੈ। ਦੂਜੀਆਂ ਜਾਤੀਆਂ ਵਾਲਿਆਂ ਵਿਚੋਂ ਕੁਝ ਇਕ ਨੇ ਨਿੱਜੀ ਈਰਖ਼ਾ ਵੱਸ ਵਿਅਕਤੀਗਤ ਤੌਰ 'ਤੇ ਮੈਨੂੰ 'ਜੱਟ' ਵਜੋਂ ਨਿੰਦਣ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ ਪਰ ਮੇਰੀਆਂ ਕਹਾਣੀਆਂ ਨੂੰ ਕਿਸੇ ਸਿਆਣੇ ਨੇ ਇਹ ਮਿਹਣਾ ਕਦੀ ਨਹੀਂ ਦਿੱਤਾ।

*ਹੁਣ- ਦਿੱਲੀ ਸਾਹਿਤ ਅਕਾਦਮੀ ਦੇ ਇਨਾਮ ਸਮੇਂ 'ਹਿੰਦੀ' ਵਿਚ ਦਿੱਤੇ ਅਪਣੇ ਭਾਸ਼ਨ ਵਿਚ ਤੁਸੀਂ 'ਸਵੈਮਾਨ ਨਾਲ' ਜੀਉਣ ਦੀ ਗੱਲ ਕੀਤੀ ਹੈ ਤੇ ਅਪਣੇ ਦਾਦੇ ਵਾਂਗ ਕਿਸੇ ਦੀ ਬਾਂਹ ਤੋੜਕੇ 'ਨੀਵੀਂ ਨਾ ਕਰਨ ' ਦੇ ਇਰਾਦੇ ਨੂੰ ਦੁਹਰਾਇਆ ਹੈ। ਕੀ ਇਹ ਸੰਭਵ ਹੈ ਕਿ ਕਿਸੇ ਵੀ ਸਮਾਜ ਵਿਚ ਹਰ ਵਿਅਕਤੀ ਇਸ ਕਿਸਮ ਦੇ ਸਵੈਮਾਨ ਨਾਲ ਜੀਅ ਸਕਦਾ ਹੋਵੇ?*

ਸੰਧੂ -ਪਹਿਲਾਂ ਤਾਂ 'ਹਿੰਦੀ' ਵਿਚ ਕੀਤੇ ਭਾਸ਼ਨ ਬਾਰੇ ਕੀਤੇ ਤੁਹਾਡੇ ਵਿਅੰਗ ਦਾ ਜਵਾਬ ਦੇ ਦਿਆਂ। ਸਾਹਿਤ ਅਕਾਦਮੀ ਦੇ ਸਮਾਗਮ 'ਤੇ ਲੇਖਕ ਦੀ ਅਪਣੀ ਭਾਸ਼ਾ ਤੋਂ ਇਲਾਵਾ ਅੰਗਰੇਜ਼ੀ ਤੇ ਹਿੰਦੀ ਵਿਚ ਵੀ ਭਾਸ਼ਨ ਦਿੱਤਾ ਜਾ ਸਕਦਾ ਹੈ। ਮੇਰੀ ਮਨਸ਼ਾ ਪੰਜਾਬੀ ਵਿਚ ਭਾਸ਼ਨ ਕਰਨ ਦੀ ਹੀ ਸੀ। ਪਰ ਪਹਿਲੇ ਬੁਲਾਰੇ ਨੇ ਹੀ ਮੈਨੂੰ ਅਪਣੇ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਲਾ ਦਿੱਤਾ।

ਸਭ ਤੋਂ ਪਹਿਲਾਂ ਬੰਗਲਾ ਭਾਸ਼ਾ ਦੇ ਲੇਖਕ ਨੇ ਅਪਣੇ ਵਿਚਾਰ ਪੇਸ਼ ਕੀਤੇ। ਬੰਗਾਲੀਆਂ ਦਾ ਅਪਣੀ ਮਾਤ-ਭਾਸ਼ਾ ਲਈ ਮੋਹ ਜੱਗ-ਜ਼ਾਹਿਰ ਹੈ। ਉਹ ਬੰਗਲਾ ਭਾਸ਼ਾ ਵਿੱਚ ਹੀ ਬੋਲਿਆ। ਇਸ ਭਾਸ਼ਾ ਨੂੰ ਸਮਝਣ ਵਾਲੇ ਦੋ-ਚਾਰ ਬੰਗਾਲੀ ਲੇਖਕਾਂ ਨੂੰ ਹੀ ਉਸਦੀ ਸਮਝ ਪਈ। ਹੋਰਨਾਂ ਦੇ ਪਿੜ-ਪੱਲੇ ਕੁੱਝ ਵੀ ਨਾ ਪਿਆ। ਉਸਤੋਂ ਬਾਅਦ ਕਿਸੇ ਹੋਰ ਭਾਸ਼ਾ ਦਾ ਲੇਖਕ ਬੋਲਣ ਲੱਗਾ ਪਰ ਮੇਰਾ ਧਿਆਨ ਉਸ ਵੱਲ ਨਹੀਂ ਸੀ। ਬੰਗਲਾ ਲੇਖਕ ਨੇ ਮੈਨੂੰ ਅਜੀਬ ਦੁਬਿਧਾ ਵਿੱਚ ਪਾ ਦਿੱਤਾ ਸੀ। ਜੇ ਤੁਹਾਡੀ ਗੱਲ ਕਿਸੇ ਦੇ ਸਮਝ ਵਿੱਚ ਹੀ ਨਹੀਂ ਆਉਣੀ ਤਾਂ ਉਹਨੂੰ ਕਰਨ ਦਾ ਕੀ ਫ਼ਾਇਦਾ! ਕੀ ਇਸ ਸਮਾਗਮ ਦਾ ਭਾਵ ਅਪਣੀ ਮਾਤ-ਭਾਸ਼ਾ ਲਈ ਕੇਵਲ ਮੋਹ ਦਾ ਸੰਕੇਤਕ ਪ੍ਰਗਟਾਵਾ ਕਰਨਾ ਹੈ ਜਾਂ ਇਸਦਾ ਮਕਸਦ ਹੋਰਨਾਂ ਭਾਸ਼ਾਵਾਂ ਦੇ ਲੇਖਕਾਂ ਤੱਕ ਅਪਣੇ ਵਿਚਾਰਾਂ ਨੂੰ ਸੰਚਾਰਿਤ ਕਰਨਾ ਹੈ! ਮੈਂ ਯਥਾਰਥਵਾਦੀ ਲੇਖਕ ਹਾਂ। ਜੇ ਇਸ ਸਮਾਗਮ ਦਾ ਮਕਸਦ ਹੀ ਦੂਜੀਆਂ ਭਾਸ਼ਾਵਾਂ ਦੇ ਲੇਖਕਾਂ ਤੱਕ ਅਪਣੀ ਗੱਲ ਪਹੁੰਚਾਉਣਾ ਹੈ ਤਾਂ ਮੈਨੂੰ ਇਸ ਮਕਸਦ ਨੂੰ ਪੂਰਾ ਕਰਨਾ ਚਾਹੀਦਾ ਹੈ। ਮਾਂ-ਬੋਲੀ ਵੱਲ ਆਦਰਸ਼ਕ ਪਹੁੰਚ ਅਪਨਾਉਣ ਦੀ ਥਾਂ ਮੈਂ ਯਥਾਰਥਕ ਪਹੁੰਚ ਅਪਨਾਉਣ ਨੂੰ ਪਹਿਲ ਦਿੱਤੀ। ਮੈਨੂੰ ਭਾਸ਼ਨ ਹਿੰਦੀ ਵਿਚ ਕਰਨਾ ਪਿਆ ਤੇ ਉਸਦਾ ਵਡੇਰੀ ਪਰਸੰਸਾ ਦੀ ਸ਼ਕਲ ਵਿਚ ਲੋੜੀਂਦਾ ਪ੍ਰਤੀਕਰਮ ਵੀ ਹਾਸਲ ਹੋਇਆ।

ਰਹੀ ਗੱਲ ਅਸਲੀ ਸਵਾਲ ਵਾਲੀ ਕਿ ਕੀ ਇਹ ਸੰਭਵ ਹੈ ਕਿ ਕਿਸੇ ਵੀ ਸਮਾਜ ਵਿਚ ਹਰ ਵਿਅਕਤੀ ਇਸ ਕਿਸਮ ਦੇ ਸਵੈਮਾਨ ਨਾਲ ਜੀਅ ਸਕਦਾ ਹੋਵੇ? ਬਿਲੁਕਲ ਹੀ ਸੰਭਵ ਨਹੀਂ। ਜਿੰਨਾਂ ਚਿਰ ਅਜਿਹਾ ਨਜ਼ਾਮ ਸਥਾਪਤ ਨਹੀਂ ਹੁੰਦਾ ਜਿਸ ਵਿਚ ਬੰਦੇ ਦੀ ਬੰਦਿਆਈ ਦਾ ਸਨਮਾਨ ਕਰਨ ਨੂੰ ਪਹਿਲ ਨਹੀਂ ਦਿੱਤੀ ਜਾਂਦੀ, ਉਸਦੀ ਲਿਆਕਤ ਦਾ ਮੁੱਲ ਨਹੀਂ ਪਾਇਆ ਜਾਂਦਾ ਅਤੇ ਅਗਲੇ ਦੀ ਖ਼ੁਦਦਾਰੀ ਨੂੰ ਬਣਦਾ ਆਦਰ ਦੇਣ ਦੀ ਰਵਾਇਤ ਸਥਾਪਤ ਨਹੀਂ ਹੁੰਦੀ ਓਨਾ ਚਿਰ ਤਕੜੀਆਂ ਧਿਰਾਂ ਮਾੜੀਆਂ ਧਿਰਾਂ ਦਾ ਸ਼ੋਸ਼ਨ ਵੀ ਕਰਦੀਆਂ ਰਹਿਣਗੀਆਂ ਤੇ ਉਹਨਾਂ ਨੂੰ ਜ਼ਲੀਲ ਵੀ ਕਰਦੀਆਂ ਰਹਿਣਗੀਆਂ। ਜਿੱਥੇ ਬੰਦੇ ਨੂੰ ਦੋ ਡੰਗ ਦੀ ਰੋਟੀ ਕਮਾਉਣ-ਖਾਣ ਦੀਆਂ ਸਮੱਸਿਆਵਾਂ ਨਾਲ ਦਿਨ-ਰਾਤ ਸਾਹਮਣਾ ਕਰਨਾ ਪੈਂਦਾ ਹੋਵੇ, ਜਿੱਥੇ ਧੱਕੜਾਂ ਤੇ ਧਾਵੀਆਂ ਦਾ ਰਾਜ ਹੋਵੇ, ਜਿੱਥੇ ਸੱਚ ਦੇ ਹੋਠਾਂ ਨੂੰ ਤਾਲੇ ਲੱਗੇ ਹੋਣ, ਜਿੱਥੇ ਪਲ ਪਲ ਜ਼ਮੀਰ ਨੂੰ ਜ਼ਖ਼ਮੀ ਕਰਨ ਵਾਲੇ ਛੁਰੀਆਂ ਲੈ ਕੇ ਹਰ ਮੋੜ 'ਤੇ ਖਲੋਤੇ ਹੋਣ ਓਥੇ ਸਵੈਮਾਨ ਨਾਲ ਜਿਊਣ ਦੀ ਗੱਲ ਹਕੀਕਤ ਬਣਨੀ ਬੜੀ ਔਖੀ ਹੈ। ਮੇਰੇ ਆਲੇ ਦੁਆਲੇ ਦਾ ਪ੍ਰਬੰਧ ਮੈਨੂੰ ਜ਼ਲੀਲ ਕਰਨ ਵਿਚ ਕੋਈ ਕਸਰ ਛੱਡਣ ਵਾਲਾ ਨਹੀਂ ਰਿਹਾ। ਮੈਂ ਤਾਂ ਹੱਸਦਿਆਂ ਇਹ ਆਖਦਾ ਹੁੰਦਾਂ ਕਿ ਮੇਰਾ ਕੱਦ ਛੇ ਫੁੱਟ ਦੋ ਇੰਚ ਹੈ ਪਰ ਜਦੋਂ ਮੈਨੂੰ ਕਿਸੇ ਕੰਮ ਸਰਕਾਰੀ ਦਫ਼ਤਰ ਵਿਚ ਜਾਣਾ ਪਵੇ ਤਾਂ ਕਲਰਕ ਮਹਾਰਾਜ ਦੇ ਸਾਹਮਣੇ ਖਲੋਂਦਿਆਂ ਹੀ 'ਮੇਰੇ ਛੇ ਫੁੱਟ' ਮੇਰੇ ਕੱਦ ਨਾਲੋਂ ਝੜ ਜਾਂਦੇ ਹਨ ਤੇ ਮੈਂ ਸਿਰਫ਼ 'ਦੋ ਕੁ ਇੰਚ' ਹੀ ਰਹਿ ਜਾਦਾਂ। ਇਸ ਲਈ ਜਿੱਥੋਂ ਤੱਕ ਮੇਰੇ ਵੱਲੋਂ ਸਵੈਮਾਣ ਨੂੰ ਕਾਇਮ ਰੱਖਣ ਦੀ ਗੱਲ ਹੈ ਤਾਂ ਉਹ ਵੀ ਕੇਵਲ ਇਸ ਪ੍ਰਸੰਗ ਵਿਚ ਹੀ ਹੈ ਕਿ ਮੈਂ ਕਿਸੇ ਤੋਂ ਕੋਈ ਲਾਭ ਜਾਂ ਅਹੁਦਾ ਲੈਣ ਲਈ ਜ਼ਿੰਦਗੀ ਭਰ ਨੀਵਾਂ ਹੋ ਕੇ ਨਾ ਤਾਂ ਕੋਈ ਸਮਝੌਤਾ ਕੀਤਾ ਹੈ ਤੇ ਨਾ ਕਦੀ ਕਿਸੇ ਦਾ ਤਰਲਾ ਮਾਰਿਆ ਹੈ। ਇਹੋ ਜਿਹਾ ਕੋਈ ਵੀ ਕੰਮ ਕਰਨ ਤੋਂ ਸਦਾ ਸੰਕੋਚ ਕੀਤਾ ਹੈ ਜਿਸ ਨਾਲ ਮੈਨੂੰ ਮੇਰੇ ਅਪਣੇ ਆਪ ਅੱਗੇ ਸ਼ਰਮਿੰਦਾ ਹੋਣਾ ਪਵੇ। ਇਹ ਵੀ ਸ਼ਾਇਦ ਤਾਂ ਹੀ ਸੰਭਵ ਹੋ ਸਕਿਆ ਕਿ ਮੇਰੇ ਕੋਲ ਗੁਜ਼ਾਰਾ ਕਰਨ ਵਾਲਾ ਘੱਟੋ ਘੱਟ ਆਰਥਕ ਆਧਾਰ ਮੌਜੂਦ ਸੀ। ਇਸ ਆਧਾਰ ਤੋਂ ਉਪਰ ਉੱਠ ਸਕਣ ਦੀ ਮੇਰੇ ਵਿਚ ਯੋਗਤਾ ਵੀ ਸੀ ਤੇ ਚੰਗਾ ਅਕਾਦਮਿਕ ਰੀਕਾਰਡ ਵੀ ਪਰ ਮੈਂ 'ਦੁਨੀਆਦਾਰ' ਬਣ ਕੇ ਇਸਦਾ ਲਾਹਾ ਖੱਟਣ ਲਈ ਉਸਤਰ੍ਹਾਂ ਦਾ ਕਦੀ ਵੀ ਨਾ ਬਣ ਸਕਿਆ ਜਿਸ ਤਰ੍ਹਾਂ ਦਾ ਲੋਕ ਅਕਸਰ ਬਣ ਜਾਂਦੇ ਨੇ ਤੇ ਇਸ ਨੂੰ ਕੋਈ ਮਿਹਣੇ ਵਾਲੀ ਗੱਲ ਨਹੀਂ ਸਮਝਦੇ। ਅਪਣੀ ਏਸੇ ਵਿਸ਼ੇਸ਼ਤਾ ਨੂੰ ਮੈਂ ਅਪਣੇ 'ਸਵੈਮਾਣ' ਨੂੰ ਕਾਇਮ ਰੱਖਣ ਨਾਲ ਜੋੜਦਾ ਹਾਂ।

## ਕਹਾਣੀ 'ਚ ਸਿਆਸੀ ਚੇਤਨਾ

*ਹੁਣ-ਤੁਸੀਂ ਪੰਜਾਬ ਦੀ ਕਿਰਸਾਨੀ ਦੀ ਤਰਸਯੋਗ ਹਾਲਤ ਨੂੰ ਬਿਆਨ ਕਰਨ ਵਾਲੇ ਤੇਜੂ (ਡੁੰਮ੍ਹ) ਵਰਗੇ ਪਾਤਰ ਸਿਰਜੇ ਹਨ ਪਰ ਧਨੀ ਕਿਰਸਾਨੀ ਦੇ ਕਿਰਦਾਰ ਵਲ ਬਹੁਤੀ ਤਵੱਜੋ ਨਹੀਂ ਦਿਤੀ, ਕੀ ਅਜਿਹਾ ਕਰਨ ਲਈ ਤੁਹਾਨੂੰ ਕਿਰਸਾਨੀ ਤੋਂ ਕਿਰਸਾਨੀ ਦੇ ਹੋ ਰਹੇ ਸ਼ੋਸ਼ਣ ਨੂੰ ਪੇਸ਼ ਕਰਨਾ ਪੈਣਾ ਸੀ, ਜੋ ਕਿ ਸ਼ਾਇਦ ਤੁਹਾਡੇ ਅੰਦਰਲੇ ਜੱਟ ਨੂੰ ਵਾਰਾ ਨਹੀਂ ਸੀ ਖਾਂਦਾ, ਇਸ ਬਾਰੇ ਤੁਹਾਡਾ ਕੀ ਕਹਿਣਾ ਹੈ?*

ਸੰਧੂ -ਮੈਨੂੰ ਲੱਗਦੈ ਕਿ ਤੁਸੀਂ ਮੇਰੀਆਂ ਕਹਾਣੀਆਂ ਬਹੁਤੇ ਧਿਆਨ ਨਾਲ ਨਹੀਂ ਪੜ੍ਹੀਆਂ। 'ਡੁੰਮ੍ਹ' ਵਿਚ ਹੀ ਸਰਪੰਚ ਗੁਰਬਚਨ ਸਿੰਘ ਤੇ ਉਸਦਾ ਬਾਪ ਕੈਪਟਨ ਨਾਜ਼ਰ ਸਿੰਘ ਧਨੀ ਕਿਰਸਾਣੀ ਦੇ ਪ੍ਰਤੀਨਿਧ ਹਨ। 'ਕਿੱਥੇ ਗਏ' ਵਿਚ ਵੀ ਸੁੱਚੇ ਨੂੰ ਕਤਲ ਦੇ ਝੂਠੇ ਮੁਕੱਦਮੇ ਵਿਚ ਫਸਾ ਕੇ ਫਾਹੇ ਲਗਾਉਣ ਪਿੱਛੇ ਧਨੀ ਕਿਰਸਾਣ ਦਾ ਹੱਥ ਹੈ। 'ਗੁਰਮੁਖ ਸਿੰਘ' ਵਿਚ ਪਿੰਡ ਦਾ ਸਰਪੰਚ, 'ਵਾਪਸੀ' ਵਿਚ ਸੰਤਾ ਸਿੰਘ ਦਾ ਭਰਾ; 'ਭੱਜੀਆਂ ਬਾਹੀਂ' ਵਿਚ ਹਰਿੰਦਰਪਾਲ; ਗੱਲ ਕੀ ਹਰੇਕ ਕਹਾਣੀ ਵਿਚ ਧਨੀ ਕਿਰਸਾਣੀ ਦਾ ਕਿਰਦਾਰ ਪੇਸ਼ ਹੋਇਆ ਹੈ। ਇਹ ਗੱਲ ਠੀਕ ਹੈ ਕਿ ਮੇਰਾ ਫੋਕਸ ਨਿਮਨ ਕਿਰਸਾਣ ਦੀ ਕੰਗਾਲੀਕਰਨ ਦੀ ਪਰਕਿਰਿਆ ਨੂੰ ਪੇਸ਼ ਕਰਨ ਵੱਲ ਵਧੇਰੇ ਹੈ ਪਰ ਉਸਨੂੰ ਇਸ ਪਾਸੇ ਧੱਕਣ ਵਾਲੀਆਂ ਸ਼ਕਤੀਆਂ ਜ਼ਾਹਿਰਾ ਤੌਰ 'ਤੇ

ਵੀ ਤੇ ਸੰਕੇਤਕ ਤੌਰ 'ਤੇ ਵੀ ਕਹਾਣੀਆਂ ਵਿਚ ਹਾਜ਼ਰ ਹਨ। ਮੈਂ ਤਾਂ ਛੋਟੇ ਕਿਰਸਾਣ ਦੀ ਫੋਕੀ ਹਉਮੈਂ ਜਾਂ ਜਟਕੇ ਰੰਘੜਊ ਨੂੰ ਵੀ ਵਿਅੰਗ ਦਾ ਨਿਸ਼ਾਨਾ ਬਣਾਇਆ ਹੈ। ਮੇਰੀਆਂ ਕਹਾਣੀਆਂ ਵਿਚਲੇ ਲੇਖਕ ਦੀ ਦ੍ਰਿਸ਼ਟੀ ਨੂੰ ਧਿਆਨ ਨਾਲ ਪਹਿਚਾਣੋਂ, ਇਹ ਕਿਧਰੇ ਵੀ ਮੇਰੇ ਅੰਦਰਲੇ ਫੋਕੇ ਜੱਟ ਵਿਚਲੀ ਹਉਮੈਂ ਜਾਂ ਹੰਕਾਰ ਨੂੰ ਹੱਲਾਸ਼ੇਰੀ ਨਹੀਂ ਦਿੰਦੀ ਸਗੋਂ ਇਸਦਾ ਨਿਸ਼ੇਧ ਕਰਦੀ ਹੈ।

*ਹੁਣ-ਕਿਰਸਾਨੀ ਦੀ ਤ੍ਰਾਸਦੀ ਤੇ ਫਿਰ ਪੰਜਾਬ ਤ੍ਰਾਸਦੀ, ਕੀ ਕੋਈ ਹੋਰ ਪਾਸਾਰ ਵੀ ਹੈ, ਤੁਹਾਡੀ ਕਹਾਣੀ ਦਾ ਜਿਹੜਾ ਤੁਸੀਂ ਅਣਗੌਲਿਆ ਰਹਿ ਗਿਆ ਮਹਿਸੂਸ ਕਰਦੇ ਹੋਵੋਂ?*
ਸੰਧੂ -ਕੁਝ ਹੋਰ ਪਾਸਾਰ ਵੀ ਹਨ ਜਿਹੜੇ ਅਣਗੌਲੇ ਤਾਂ ਨਹੀਂ ਰਹੇ ਪਰ ਇਹ ਹੋ ਸਕਦੈ ਕਿ ਤੁਹਾਡਾ ਧਿਆਨ ਓਧਰ ਨਾ ਗਿਆ ਹੋਵੇ। ਇਕ ਪਾਸਾਰ ਤਾਂ ਹੈ ਪਿਛਲੇ ਪੰਜਾਹ ਸੱਠ ਸਾਲਾਂ ਵਿਚ ਮੰਡੀ ਕੀਮਤਾਂ ਦੇ ਪ੍ਰਵੇਸ਼ ਨਾਲ ਬਦਲ ਰਹੇ ਪੰਜਾਬੀ ਬੰਦੇ ਦੇ ਸੁਭਾ ਤੇ ਮਨੁੱਖੀ ਰਿਸ਼ਤਿਆਂ ਦੇ ਵਿਖੰਡਨ ਦਾ। ਇਸ ਪਾਸੇ ਵੀ ਖੋਜ-ਵਿਦਿਆਰਥੀਆਂ ਨੇ ਕਾਫ਼ੀ ਕੰਮ ਕੀਤਾ ਹੈ। ਇਕ ਹੋਰ ਪਾਸਾਰ ਹੈ ਮੇਰੀਆਂ ਕਹਾਣੀਆਂ ਵਿਚਲੀ ਰਾਜਨੀਤਕ ਚੇਤਨਾ ਨਾਲ ਜੁੜਿਆ ਹੋਇਆ। ਵਿਸ਼ੇਸ਼ ਤੌਰ 'ਤੇ ਖੱਬੇ-ਪੱਖੀ ਧਿਰਾਂ ਨਾਲ ਆਲੋਚਨਾਤਮਕ ਤੇ ਕਲਾਤਮਕ ਸੰਵਾਦ ਰਚਾਉਣ ਵਾਲਾ ਪਾਸਾਰ ਮੇਰੇ ਨਾਲ ਹੀ ਪੰਜਾਬੀ ਕਹਾਣੀ ਵਿਚ ਪ੍ਰਵੇਸ਼ ਕਰਦਾ ਹੈ। ਪੰਜਾਬ ਦੇ ਇਤਿਹਾਸ, ਧਰਮ, ਸਿੱਖੀ, ਆਰਥਿਕਤਾ, ਸਭਿਆਚਾਰਕ ਤਾਣੇ ਬਾਣੇ, ਏਥੋਂ ਦੇ ਵਿਦਿਅਕ ਮਾਹੌਲ, ਦਰਜੇਬੰਦੀ ਵਾਲੇ ਜਾਤ-ਪਾਤੀ ਸਮਾਜ ਵਿਚ ਧੁਰ ਹੇਠਲੀਆਂ ਧਿਰਾਂ ਦੇ ਦਰਦ ਦੀ ਪੇਸ਼ਕਾਰੀ ਆਦਿ ਕਈ ਅਜਿਹੇ ਹੋਰ ਪਾਸਾਰ ਹਨ ਜਿਨ੍ਹਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ।

*ਹੁਣ-ਪੰਜਾਬ ਦੀ ਨਿੱਕੀ ਕਿਰਸਾਣੀ ਵਿਚ ਏਨੀ ਸ਼ਕਤੀਸ਼ਾਲੀ 'ਚੜ੍ਹਦੀਆਂ ਕਲਾਂ' ਵਾਲੀ ਵਿਰਾਸਤ ਦੇ ਬਾਵਜੂਦ ਜ਼ਹਿਰੀ ਦਵਾਈਆਂ ਖਾ ਕੇ ਖ਼ੁਦਕਸ਼ੀ ਕਰਨ ਦੇ ਕਿੰਨੇ ਹੀ ਕੇਸ ਸਾਹਮਣੇ ਆ ਰਹੇ ਹਨ। ਤੁਹਾਡੀ ਕਹਾਣੀ ਇਸ ਮਸਲੇ ਨੂੰ ਕਿਵੇਂ ਸੰਬੋਧਿਤ ਹੈ?*
ਸੰਧੂ -ਦੇਖੋ, ਮੈਂ ਕਿਰਸਾਣੀ ਦੇ ਖ਼ੁਦਕੁਸ਼ੀ ਕਰਨ ਦੇ ਰੁਝਾਨ ਨੂੰ ਬਦਕਿਸਮਤੀ ਵਾਲਾ ਰੁਝਾਨ ਮੰਨਦਾਂ ਪਰ ਇਸਦੇ ਹੱਕ ਵਿਚ ਵੋਟ ਨਹੀਂ ਪਾ ਸਕਦਾ। ਮੇਰੇ ਕਿਰਸਾਣ ਪਾਤਰ ਅਤਿ ਦੇ ਪ੍ਰਤੀਕੂਲ ਹਾਲਾਤ ਤੇ ਅਣਸੁਖਾਵੀਆਂ ਸਥਿਤੀਆਂ ਵਿਚ ਵੀ ਹਾਲਾਤ ਨਾਲ ਲੜਦੇ ਹਨ। 'ਡੁੰਮ੍ਹ' ਦੇ ਤੇਜੂ ਵਾਂਗ 'ਹਾਲਾਤ ਦਾ ਫੱਤੂ' ਵਾਰ ਵਾਰ ਉਹਨਾਂ ਨੂੰ ਪਟੋਕੀਆਂ ਮਾਰ ਕੇ ਪਾਣੀ ਵਿਚ ਡੋਬਦਾ ਹੈ ਪਰ ਉਹ ਗੋਤੇ ਖਾਂਦਿਆਂ ਵੀ ਪਾਣੀ ਵਿਚੋਂ ਸਿਰ ਬਾਹਰ ਕੱਢ ਕੇ ਹਾਲਾਤ ਨੂੰ ਇਹ ਕਹਿ ਕੇ ਲੜਨ ਲਈ ਵੰਗਾਰਦੇ ਤੇ ਲਲਕਾਰਦੇ ਹਨ, ''ਆ ਫਿਰ''। 'ਸੁਨਹਿਰੀ ਕਿਣਕਾ' ਦੇ ਫੌਜੂ ਵਰਗੇ ਮੇਰੇ ਪਾਤਰ ਮਰਨ-ਹਾਰ ਹਾਲਾਤ ਵਿਚ ਵੀ ਜਿਊਣ ਦਾ ਕੋਈ ਨਾ ਕੋਈ ਬਹਾਨਾ ਢੂੰਡ ਲੈਂਦੇ ਹਨ। ਇਹ ਵੀ ਠੀਕ ਹੈ ਕਿ ਕਿਰਸਾਣੀ ਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ ਪਰ ਮਰਨਾ ਤਾਂ ਕਿਸੇ ਮੁਸ਼ਕਲ ਦਾ ਹੱਲ ਨਹੀਂ। ਉਂਜ ਵੀ ਗ਼ਰੀਬੀ ਤੇ ਕੰਗਾਲੀ ਦਾ ਜੀਵਨ ਇਕੱਲੇ ਜੱਟ ਕਿਰਸਾਣ ਹੀ ਤਾਂ ਨਹੀਂ ਭੋਗ ਰਹੇ। ਕਿਰਤੀ-ਕਾਮਿਆਂ ਦਾ ਬਹੁਤ ਵੱਡਾ ਵਰਗ ਅਜਿਹਾ ਹੈ ਜੋ ਦੋ ਡੰਗ ਦੀ ਰੋਟੀ ਲਈ ਮੁਥਾਜ ਹੈ। ਨਰਕ ਵਰਗਾ ਜੀਵਨ ਭੋਗ ਰਹੇ ਵੀ ਉਹ ਲੋਕ ਤਾਂ ਖ਼ੁਦਕੁਸ਼ੀਆਂ ਨਹੀਂ ਕਰਦੇ। ਰੋਜ਼ਾਨਾ ਜੀਵਨ ਦੀਆਂ ਲੋੜਾਂ ਦੀ ਪੂਰਤੀ ਦੀ ਮਜਬੂਰੀ, ਕਿਰਸਾਣ ਦੀ ਔਲਾਦ ਦੇ ਕੰਮ ਤੋਂ ਵਿਜੋਗੇ ਜਾਣ ਤੇ ਫ਼ੈਲਸੂਫ਼ ਬਣ ਜਾਣ ਕਾਰਨ ਅਤੇ ਜੱਟ ਕਿਰਸਾਣੀ ਦੀ ਫੋਕੀ ਜਟਕੀ ਹਉਂ ਦੀ ਤ੍ਰਿਪਤੀ ਲਈ ਕਰਜ਼ੇ ਚੁੱਕਣ ਦਾ ਰੁਝਾਨ ਏਨਾ ਜ਼ਿਆਦਾ ਵਧ ਗਿਆ ਹੈ ਕਿ ਮੁੜ ਕੇ ਇਸ ਵਿਚੋਂ ਨਿਕਲਣਾ ਉਸ ਲਈ ਅਸੰਭਵ ਹੁੰਦਾ ਜਾਂਦਾ ਹੈ। ਮਰਨ-ਹਾਰ ਹਾਲਾਤ ਨਾਲ ਲੜਨਾ ਸੌਖਾ ਤਾਂ ਨਹੀਂ ਪਰ ਮਰ ਜਾਣ ਨਾਲੋਂ ਤਾਂ ਸੌਖਾ ਹੈ।

*ਹੁਣ-ਸੁਚੇਤ ਪਾਠਕਾਂ ਦਾ ਪ੍ਰਤੀਕਰਮ ਹੈ ਕਿ ਤੁਸੀਂ 'ਚੌਥੀ ਕੂਟ' ਕਹਾਣੀ ਵਿਚ ਵੀ ਇਕ ਫਿਰਕੇ ਦੇ ਲੋਕਾਂ ਦਾ ਕਤਲੇਆਮ ਕਰਨ ਵਾਲਿਆਂ ਨੂੰ ਅਣਪਛਾਤੇ ਕਹਿ ਕੇ ਹੀ ਸਾਰ ਦਿੱਤਾ ਸੀ, ਸ਼ਾਇਦ ਇਹ ਵੀ ਤੁਹਾਡੀ ਤਿਲਕਣਬਾਜ਼ੀ ਹੀ ਸੀ?*
ਸੰਧੂ -ਤੁਸੀਂ ਸ਼ਇਦ 'ਚੌਥੀ ਕੂਟ' ਨਹੀਂ 'ਪ੍ਰਛਾਵੇਂ' ਕਹਾਣੀ ਦਾ ਹਵਾਲਾ ਦੇਣਾ ਚਾਹ ਰਹੇ ਹੋ। ਇਸ ਬਾਰੇ ਮੈਂ ਅੱਗੇ ਵੀ ਇਕ ਦੋ ਥਾਈਂ ਸਪਸ਼ਟੀਕਰਨ ਦੇ ਚੁੱਕਾਂ। ਉਹੋ ਸਪਸ਼ਟੀਕਨ ਏਥੇ ਦੁਹਰਾ ਰਿਹਾਂ। 'ਪ੍ਰਛਾਵੇਂ' ਕਹਾਣੀ ਵਿੱਚ ਪੰਜਾਬ ਦੇ ਤਤਕਾਲੀਨ ਦੁਖਾਂਤ ਨੂੰ ਸੰਤਾਲੀ ਦੇ ਦੁਖਾਂਤ ਨਾਲ ਜੋੜ ਕੇ ਪੇਸ਼ ਕੀਤਾ ਗਿਆ। ਲੁਕਵਾਂ ਸੁਨੇਹਾ ਇਹ ਵੀ ਸੀ ਕਿ ਜਿਵੇਂ ਅਸੀਂ ਹੁਣ ਸੰਤਾਲੀ ਦੇ ਕਤਲੇ-ਆਮ ਲਈ ਸ਼ਰਮਿੰਦੇ ਹਾਂ; ਕੱਲ੍ਹ ਨੂੰ ਹੁਣ ਵਾਲੇ ਕਤਲੇ-ਆਮ ਲਈ ਸ਼ਰਮਿੰਦਾ ਹੋਵਾਂਗੇ। ਸਾਨੂੰ ਵਾਰ ਵਾਰ ਅਜਿਹੀਆਂ ਸ਼ਰਮਸਾਰੀਆਂ ਦਾ ਸਾਹਮਣਾ ਕਿਉਂ ਕਰਨਾ ਪਵੇ!

ਗੁਰਦਿਆਲ ਸਿੰਘ ਨਾਵਲਕਾਰ ਤੇ ਟੀ ਆਰ ਵਿਨੋਦ ਉਦੋਂ ਰਿਜਨਲ ਸੈਂਟਰ ਬਠਿੰਡਾ ਵਿੱਚ ਪੜ੍ਹਾਉਂਦੇ ਸਨ। ਉਹਨਾਂ ਨੇ ਮੈਨੂੰ ਅਪਣੇ ਵਿਦਿਆਰਥੀਆਂ ਨਾਲ ਗੱਲ-ਬਾਤ ਕਰਨ ਲਈ ਸੱਦਿਆ। ਮੇਰੇ ਬੋਲਣ ਤੋਂ ਬਾਅਦ ਕਿਸੇ ਪ੍ਰੋਫ਼ੈਸਰ ਨੇ ਸਵਾਲ ਕੀਤਾ ਕਿ ਕਹਾਣੀ ਵਿੱਚ ਇੱਕ ਦ੍ਰਿਸ਼ ਵਿੱਚ ਮੈਂ ਹਿੰਦੂਆਂ ਨੂੰ ਭਰਾ ਕਹਿ ਕੇ ਉਹਨਾਂ ਨੂੰ ਹੌਂਸਲਾ ਦੇਣ ਵਾਲੇ ਖਾੜਕੂਆਂ ਨੂੰ 'ਚੰਗੇ' ਵਿਖਾ ਕੇ ਕੀ ਕਾਤਲ-ਧਿਰ ਦੀ ਹਮਾਇਤ ਤਾਂ ਨਹੀਂ ਕੀਤੀ? ਅਜਿਹਾ ਹੀ ਸਵਾਲ ਮੈਨੂੰ ਹਰਭਜਨ ਹੁੰਦਲ ਨੇ ਵੀ ਪੱਤਰ ਲਿਖ ਕੇ ਕੀਤਾ ਸੀ। ਏਸੇ ਨੂੰ ਤੁਸੀ ਅੱਜ ਮੇਰੀ 'ਤਿਲਕਣਬਾਜ਼ੀ' ਕਹਿ ਰਹੇ ਹੋ। ਮੈਂ ਅਪਣਾ ਦ੍ਰਿਸ਼ਟੀਕੋਣ ਇਸਤਰ੍ਹਾਂ ਪੇਸ਼ ਕੀਤਾ:

'ਪਰਛਾਵੇਂ' ਕਹਾਣੀ ਵਿੱਚ ਹਿੰਦੂਆਂ ਨੂੰ ਭਰਾ ਕਹਿ ਕੇ ਉਹਨਾਂ ਨੂੰ ਹੌਂਸਲਾ ਦੇਣ ਵਾਲੇ ਤਥਾ-ਕਥਿਤ ਲੋਕਾਂ ਦੇ ਇੱਕ ਦ੍ਰਿਸ਼ ਨੂੰ ਤੁਸੀਂ ਜਾਂ ਕੁੱਝ ਪਾਠਕ/ਆਲੋਚਕਾਂ ਵੱਲੋਂ ਵਿਸਥਾਰ ਨਾਲ ਚਿਤ੍ਰਣ ਕਰ ਕੇ ਮੈਨੂੰ ਕਾਤਲ-ਧਿਰ ਦਾ ਹਮਾਇਤੀ ਸਮਝਣਾ ਬੜੀ ਵੱਡੀ ਭੁੱਲ ਹੈ। ਇਹ ਮੇਰੀ ਰਚਨਾ-ਜੁਗਤ ਅਤੇ ਰਚਨਾ-ਦ੍ਰਿਸ਼ਟੀ ਨੂੰ ਡੂੰਘੇ ਜਾ ਕੇ ਨਾ ਸਮਝਣ ਵਿੱਚੋਂ ਪੈਦਾ ਹੋਇਆ ਭੁਲੇਖਾ ਹੈ। ਕੋਈ ਪਾਤਰ ਕਿਸੇ ਕਹਾਣੀ ਵਿੱਚ ਜ਼ਿਆਦਾ ਬੋਲਦਾ ਹੈ ਜਾਂ ਜ਼ਿਆਦਾ ਸਮਾਂ 'ਮੰਚ' ਉੱਤੇ ਰਹਿੰਦਾ ਹੈ ਤਾਂ ਇਸਦਾ ਭਾਵ ਇਹ ਨਹੀਂ ਕਿ ਉਹ ਲੇਖਕ ਦਾ ਪ੍ਰਤੀਨਿਧ ਪਾਤਰ ਹੋ ਗਿਆ। ਇਸ ਪ੍ਰਸੰਗ ਵਿੱਚ ਮੈਂ ਸਿੱਖ ਇਤਿਹਾਸ ਨਾਲ ਜੁੜੇ ਨਾਟਕਾਂ ਦਾ ਹਵਾਲਾ ਦੇਣਾ ਚਾਹੁੰਦਾ ਹਾਂ। ਸਾਡੀ ਵਿਸ਼ੇਸ਼ ਮਰਿਯਾਦਾ ਅਨੁਸਾਰ ਗੁਰੂ ਸਾਹਿਬਾਨ ਸਟੇਜ 'ਤੇ ਨਹੀਂ ਦਿਖਾਏ ਜਾਂਦੇ, ਕੇਵਲ ਉਹਨਾਂ ਦਾ ਜ਼ਿਕਰ ਹੋਰਨਾਂ ਪਾਤਰਾਂ ਰਾਹੀਂ ਆਉਂਦਾ ਹੈ। ਪਰ ਉਹਨਾਂ ਦੀ ਵਿਚਾਰਧਾਰਾ ਉਹਨਾਂ ਵੱਲੋਂ ਖ਼ੁਦ ਮੰਚ 'ਤੇ ਗ਼ੈਰ-ਹਾਜ਼ਰ ਰਹਿ ਕੇ ਵੀ ਸਮੁੱਚੀ ਰਚਨਾ ਦੀ ਰੂਹ ਵਿੱਚ ਸਮਾਈ ਹੁੰਦੀ ਹੈ। ਨਾਂਹ-ਵਾਚਕ ਕਿਰਦਾਰ ਸਗੋਂ ਬਹੁਤਾ ਸਮਾਂ ਦ੍ਰਿਸ਼ ਉੱਤੇ ਰਹਿੰਦੇ ਹਨ ਪਰ ਇਸ ਨਾਲ ਇਹ ਰਚਨਾ ਦੀ ਹਾਂ-ਮੁਖੀ ਆਤਮਾ ਨਹੀਂ ਬਣ ਜਾਂਦੇ। ਸੋ ਮਸਲਾ ਕਹਾਣੀ ਵਿੱਚ ਜ਼ਿਆਦਾ ਜਾਂ ਘੱਟ ਸਮਾਂ ਸੀਨ ਉੱਤੇ ਰਹਿਣ ਦਾ ਨਹੀਂ। ਮਸਲਾ ਹੈ ਲੇਖਕ ਦੀ ਰਚਨਾ-ਦ੍ਰਿਸ਼ਟੀ ਨੂੰ

ਸਮਝਣ ਦਾ। ਇਸ ਅਨੁਸਾਰ ਜੇ ਮੇਰੀ ਕਹਾਣੀ ਨੂੰ ਵੇਖੋ ਤਾਂ ਇਸ ਵਿੱਚ ਨਾਂਹ-ਵਾਚਕ ਧਿਰ ਪਹਿਲੇ ਭਾਗ ਵਿੱਚ ਬਲਬੀਰ ਸਿੰਘ ਦੇ ਰੂਪ ਵਿੱਚ ਮੰਚ 'ਤੇ ਰਹਿੰਦੀ ਹੈ। ਪਰ ਬਾਅਦ ਦੇ ਸਮਿਆਂ ਵਾਲੀ ਨਾਂਹ-ਵਾਚਕ ਧਿਰ ਗ਼ੈਰ-ਹਾਜ਼ਰ ਹੋ ਕੇ ਵੀ ਅਪਣੇ ਕੁਕਰਮਾਂ ਸਦਕਾ ਸਦਾ ਹਾਜ਼ਰ ਰਹਿੰਦੀ ਹੈ।

ਕਹਾਣੀ ਦਾ ਪ੍ਰਤੀਨਿਧ ਸੱਚ 1947 ਤੋਂ 1984 ਤੱਕ ਫ਼ੈਲੀ ਫ਼ਿਰਕੂ ਨਫ਼ਰਤ ਦੇ ਵਿਰੁੱਧ ਮਾਨਵੀ ਭਾਈਚਾਰੇ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਵਾਲਾ ਹੈ। ਸਾਰੀ ਕਹਾਣੀ ਅਜੇਹੀ ਅਮਾਨਵੀ ਹਿੰਸਾ ਦੇ ਵਿਰੁੱਧ ਨਫ਼ਰਤ ਨਾਲ ਭਰੀ ਪਈ ਹੈ। ਪਾਠਕ ਜੇ ਗਹਿਰਾ ਉੱਤਰ ਕੇ ਪੜ੍ਹੇ ਤਾਂ ਇਸ ਸਵਾਲ ਦਾ ਜਵਾਬ ਲੱਭਣ ਲਈ ਵੀ ਅਹੁਲਦਾ ਹੈ ਕਿ ਸੰਤਾਲੀ ਵਾਲਾ ਬਲਬੀਰ ਸਿੰਘ ਅਜੇ ਵੀ ਕਿਉਂ 'ਜਿਉਂਦਾ' ਹੈ! ਇਸ 'ਬਲਬੀਰ ਸਿੰਘ' ਦੀ ਫ਼ਿਰਕੂ ਨਫ਼ਰਤ ਤੇ ਅੰਨ੍ਹੀ ਹਿੰਸਾ ਦਾ ਵਿਰੋਧ ਤਾਂ ਕਹਾਣੀ ਦੇ ਆਰ-ਪਾਰ ਫ਼ੈਲਿਆ ਹੋਇਆ ਹੈ। ਹਿੰਦੂਆਂ ਨੂੰ 'ਭਰਾ' ਕਹਿ ਕੇ ਹੌਂਸਲਾ ਦੇਣ ਵਾਲੇ ਭਾਵੇਂ ਕਹਾਣੀ ਦੇ ਮੰਚ 'ਤੇ ਆਉਂਦੇ ਵੀ ਹਨ, ਪਰ ਉਹ ਪ੍ਰਤੀਨਿਧ ਧਿਰ ਬਣ ਕੇ ਨਹੀਂ ਉੱਭਰਦੇ; ਉਹ ਤਾਂ ਕਿਸੇ 'ਅੰਸ਼ਿਕ ਸੱਚ' ਨੂੰ ਮੂਰਤੀਮਾਨ ਕਰਦੇ ਹੋ ਸਕਦੇ ਹਨ। ਪ੍ਰਤੀਨਿਧ ਸੱਚ ਤਾਂ ਅੰਨ੍ਹੀ ਦਹਿਸ਼ਤਗਰਦੀ ਅਤੇ ਫ਼ਿਰਕੂ ਨਫ਼ਰਤ ਦਾ ਪਿਛਲੇ ਪੰਜਾਹ ਸਾਲਾਂ ਤੋਂ ਕਹਾਣੀ ਵਿੱਚ ਫ਼ੈਲਿਆ ਪਸਾਰਾ ਹੈ। ਇਸ ਲਈ ਪਾਠਕਾਂ/ਆਲੋਚਕਾਂ ਨੂੰ ਇਸ ਪ੍ਰਤੀਨਿਧ ਸੱਚ ਵੱਲ ਵੇਖਣਾ ਚਾਹੀਦਾ ਹੈ। ਜਿਨ੍ਹਾਂ ਨੂੰ ਕੁੱਝ ਪਲਾਂ ਲਈ ਮੰਚ 'ਤੇ ਆਏ 'ਚੰਗੇ ਜਾਪਦੇ' ਖਾੜਕੂਆਂ 'ਤੇ ਇਤਰਾਜ਼ ਹੈ ਉਹਨਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਹ ਵੀ ਸਮੁੱਚੀ ਹਕੀਕਤ ਦਾ 'ਅੰਸ਼ਿਕ ਸੱਚ ਹੈ'।

ਲੇਖਕ ਨੇ ਕੇਵਲ ਪ੍ਰਤੀਨਿਧ ਸੱਚ ਨੂੰ ਹੀ ਨਹੀਂ, ਅੰਸ਼ਿਕ ਸੱਚ ਨੂੰ ਵੀ ਚਿਤ੍ਰਣਾ ਹੁੰਦਾ ਹੈ। ਇਸ ਅੰਸ਼ਿਕ ਸੱਚ ਵਾਲੇ ਲੋਕ ਵੀ ਮੇਰੇ ਨਿੱਜੀ ਮੁਸ਼ਾਹਦੇ ਦਾ ਹਿੱਸਾ ਨੇ। ਉਹਨਾਂ ਵਿੱਚੋਂ ਕਿਧਰੇ ਕੋਈ ਵਿਰਲੇ ਜਾਂ ਬਹੁਤ ਵਿਰਲੇ ਕੁੱਝ ਚੰਗੇ ਵੀ ਜਾਪਦੇ ਸਨ ਤਾਂ ਉਹਨਾਂ ਨੂੰ ਵੀ ਕਿਓਂ ਨਾ ਚਿਤਰਿਆ ਜਾਵੇ? ਮੈਂ ਉਹਨਾਂ ਰਾਹੀ ਫ਼ਿਰਕੂ ਜ਼ਹਿਰੀਆਂ 'ਤੇ ਸਿੱਖੀ ਦੇ ਪ੍ਰਤੀਨਿਧਾਂ ਵਿੱਚ ਵੀ ਸੂਖ਼ਮ ਜਿਹਾ ਨਿਖੇੜਾ ਕਰਨਾ ਚਾਹਿਆ ਹੈ। ਅੰਸ਼ਿਕ ਤੌਰ 'ਤੇ ਉਹਨਾਂ ਵਿੱਚ ਵੀ ਚੰਗੇ ਬੰਦੇ ਸਨ। ਜੇ ਉਹਨਾਂ ਦਾ ਜ਼ਿਕਰ ਵੀ ਆ ਗਿਆ ਤਾਂ ਇਸ ਨਾਲ ਤਸਵੀਰ ਮੁਕੰਮਲ ਹੀ ਹੁੰਦੀ ਹੈ। ਪਰ ਕੁੱਝ ਪਲਾਂ ਲਈ ਮੰਚ 'ਤੇ ਆਏ ਇਹ ਲੋਕ ਛੋਟੇ ਹਿੱਸੇ ਦਾ ਸੱਚ ਬਣਨ ਦੇ ਬਾਵਜੂਦ ਸਮੁੱਚੀ ਦਹਿਸ਼ਤਗਰਦ ਲਹਿਰ ਦੇ ਪ੍ਰਤੀਨਿਧ ਨਹੀਂ ਬਣ ਜਾਂਦੇ। ਉਹਨਾਂ ਨੂੰ 'ਵਿਸਥਾਰ ਨਾਲ' ਚਿਤ੍ਰਣ ਦਾ ਭਾਵ ਇਹ ਹਰਗਿਜ਼ ਨਹੀਂ ਬਣ ਜਾਂਦਾ ਕਿ ਕਹਾਣੀਕਾਰ ਦਹਿਸ਼ਗਰਦ ਜਾਂ ਫ਼ਿਰਕੂ ਲਹਿਰ ਦਾ ਪ੍ਰਸ਼ੰਸਕ ਬਣ ਗਿਆ। ਇਸ ਦਾ ਵਿਰੋਧ ਤਾਂ ਸਮੁੱਚੀ ਕਹਾਣੀ ਦੇ ਗਠਨ ਵਿੱਚ ਫ਼ੈਲਿਆ ਹੋਇਆ ਹੈ। ਨਫ਼ਰਤ ਤੇ ਹਿੰਸਾ ਦੇ ਇਹਨਾਂ 'ਪ੍ਰਛਾਵਿਆਂ' ਤੋਂ ਅਸੀਂ ਅੱਧੀ ਸਦੀ ਤੱਕ ਮੁਕਤ ਨਹੀਂ ਹੋ ਸਕੇ! ਕਈ ਤਾਂ ਇਹ ਵੀ ਕਹਿੰਦੇ ਹਨ ਕਿ ਮੈਂ ਕਹਾਣੀ ਦੇ ਅੰਤ ਉੱਤੇ 'ਉਹ ਕੌਣ ਸਨ?" ਕਹਿ ਕੇ ਬਾਤ ਮੁਕਾ ਦਿੱਤੀ ਹੈ।

'ਉਹ ਕੌਣ ਹਨ' ਇਹਨਾਂ ਦੀ ਹੀ ਤਾਂ ਸਾਰੀ ਕਹਾਣੀ ਵਿੱਚ ਬਾਤ ਪਾਈ ਹੈ। 1947 ਤੋਂ 1984 ਤੱਕ 'ਜਿਉਂਦੇ' 'ਬਲਬੀਰ ਸਿੰਘ' ਦੀ ਹੀ ਤਾਂ ਬਾਤ ਹੈ ਇਹ ਕਹਾਣੀ। ਜਦੋਂ ਛੋਟੀ ਬੱਚੀ ਇਹ ਸੁਆਲ ਕਰਦੀ ਹੈ ਕਿ ਗੋਲੀ ਚਲਾਉਣ ਵਾਲਿਆਂ ਵਿੱਚ 'ਬਲਬੀਰ ਸਿੰਘ' ਵੀ ਸੀ? ਤਾਂ ਇਹ ਗੱਲ ਮੁਕਾਉਣਾ ਹੀ ਨਹੀਂ, ਗੱਲ ਦੱਸਣਾ ਵੀ ਹੈ ਕਿ ਅਸੀਂ 'ਸਿਆਣੇ' ਤਾਂ ਏਨੇ ਸਹਿਮ ਗਏ ਸਾਂ ਕਿ ਡਰਦੇ ਕਾਤਲ ਜਾਂ ਜ਼ਾਲਮ ਨੂੰ ਕਾਤਲ ਜਾਂ ਜ਼ਾਲਮ ਕਹਿ ਵੀ ਨਹੀਂ ਸਾਂ ਸਕਦੇ! ਪਰ ਕਹਾਣੀ ਤਾਂ ਕਾਤਲਾਂ ਨੂੰ ਕਾਤਲ ਅਤੇ ਜ਼ਾਲਮਾਂ ਨੂੰ ਜ਼ਾਲਮ ਕਹਿੰਦੀ ਹੈ।

ਹਿੰਦੂਆਂ ਨੂੰ 'ਭਰਾ' ਕਹਿ ਕੇ ਟਿਕੇ ਰਹਿਣ ਅਤੇ ਦੁਕਾਨਾਂ ਖੋਲ੍ਹ ਕੇ ਰੱਖਣ ਲਈ ਕਹਿਣ ਵਾਲੇ ਖਾੜਕੂਆਂ ਨੂੰ ਮੈਂ ਆਪ ਅਪਣੇ ਪਿੰਡ ਦੇ ਬਾਜ਼ਾਰ ਵਿੱਚ ਵੇਖਿਆ। ਜਿਵੇਂ ਕਹਾਣੀ ਵਿੱਚ ਹੈ, ਇਵੇਂ ਹੀ ਵਾਪਰਿਆ। ਰੋਜ਼ ਹੀ ਮਾਸੂਮਾਂ ਦਾ ਕਤਲ ਕਰਨ ਵਾਲੀ ਤੇ ਸਟੇਨਾਂ ਦੇ ਜ਼ੋਰ ਨਾਲ ਪੈਸੇ ਖੋਹਣ ਵਾਲੀ ਧਿਰ ਵਿੱਚ 'ਇਹੋ ਜਿਹੇ ਬੰਦੇ ਵੀ ਸਨ!' ਭਾਵੇਂ ਉਹ ਇਲਾਕੇ ਦੇ ਮੁੰਡੇ ਸਨ ਅਤੇ ਇਲਾਕੇ ਦੀ ਉਸ ਸਾਂਝ ਵਿੱਚੋਂ ਹੀ ਸ਼ਾਇਦ ਉਹ ਇਸ ਤਰ੍ਹਾਂ ਦੀ 'ਛੋਟ' ਦੇ ਰਹੇ ਹੋਣ। ਹੋ ਸਕਦਾ ਹੈ ਕਿਸੇ ਦੂਜੇ ਇਲਾਕੇ ਵਿੱਚ ਉਹ ਵੀ ਦੂਜਿਆਂ ਵਾਂਗ ਹੀ ਮਾਰ-ਧਾੜ ਕਰਦੇ ਹੋਣ। ਕਰਦੇ ਹੀ ਹੋਣਗੇ, ਨਹੀਂ ਤਾਂ ਕੱਪੜਿਆਂ ਲਈ ਅਤੇ ਚਾਹ-ਜਲੇਬੀਆਂ ਲਈ ਦਿੱਤੇ ਪੈਸੇ ਕਿਹੜੇ ਬੈਂਕ 'ਚੋਂ ਕਢਵਾਏ ਸਨ ਉਹਨਾਂ ਨੇ! ਪਰ ਉਹਨਾਂ ਦੇ ਵਿਹਾਰ ਵਿੱਚੋਂ ਮੈਨੂੰ ਅੰਸ਼ਿਕ ਤੌਰ 'ਤੇ ਪ੍ਰੰਪਰਿਕ ਸਿੱਖੀ ਦੀ ਝਲਕ ਮਿਲੀ। ਮੈਂ ਕਹਾਣੀ ਲਿਖਦਿਆਂ ਸੋਚਿਆ ਇਹਨਾਂ ਲੋਕਾਂ ਨੂੰ ਵੀ ਕਿਓਂ ਨਾ ਪੇਸ਼ ਕਰਾਂ? ਉਹਨਾਂ ਨੂੰ ਪੇਸ਼ ਕਰਨਾ ਉਹਨਾਂ ਦੀ ਹੀ ਬਹੁਤ ਵੱਡੀ ਬੇਕਿਰਕ, ਅਨਪੜ੍ਹ ਅਤੇ ਜ਼ਾਲਮ ਧਿਰ ਦੇ ਮੂੰਹ 'ਤੇ ਚਪੇੜ ਮਾਰਨਾ ਸੀ ਅਤੇ ਕਲਾਮਤਕ ਅੰਦਾਜ਼ ਵਿੱਚ ਦੱਸਣਾ ਸੀ ਕਿ ਕਹਾਣੀ ਦੇ ਆਰ-ਪਾਰ ਫ਼ੈਲੇ ਉਹ ਫ਼ਿਰਕੂ ਅਤੇ ਹਿੰਸਕ ਲੋਕ ਸਿੱਖੀ ਦੇ ਪ੍ਰਤੀਨਿਧ ਕਿਵੇਂ ਹੋ ਸਕਦੇ ਹਨ ਜਿਨ੍ਹਾਂ ਦਾ ਨਾਮ ਸੁਣਦਿਆਂ ਹੀ ਲੋਕਾਂ ਦੇ ਸਾਹ ਸੂਤੇ ਜਾਂਦੇ ਹਨ!

ਜਦੋਂ ਇਹ ਕਹਾਣੀ ਲਿਖ ਲਈ ਤਾਂ ਪੜ੍ਹ ਕੇ ਮੈਨੂੰ ਵੀ ਖ਼ਿਆਲ ਆਇਆ ਕਿ ਮੇਰੀ ਰਚਨਾ-ਦ੍ਰਿਸ਼ਟੀ ਅਤੇ ਰਚਨਾ-ਜੁਗਤ ਨੂੰ ਡੂੰਘਾਈ ਨਾਲ ਨਾ ਸਮਝਣ ਵਾਲੇ ਲੋਕ ਇਹ ਸਮਝ ਲੈਣਗੇ ਕਿ ਮੈਂ ਇੰਜ ਖਾੜਕੂਆਂ ਦੀ ਵਕਾਲਤ ਕਰਨ ਲੱਗ ਪਿਆਂ। ਇਸੇ ਆਲੋਚਨਾਤਮਕ ਭੈਅ ਵਿੱਚੋਂ ਮੈਂ ਕਹਾਣੀ ਦੇ ਇਸ ਭਾਗ ਨੂੰ ਕੱਟ ਦੇਣ ਦਾ ਨਿਰਣਾ ਕਰ ਲਿਆ ਤਾਂ ਮੇਰੀ ਪਤਨੀ ਨੇ ਕਿਹਾ ਕਿ ਮੈਨੂੰ ਅਜੇਹਾ ਨਹੀਂ ਕਰਨਾ ਚਾਹੀਦਾ। ਇਸ ਨੂੰ ਕੱਟਣਾ ਹਕੀਕਤ ਬਿਆਨੀ ਤੋਂ ਮੂੰਹ ਮੋੜਨਾ ਹੈ। ਸੱਚ ਨੂੰ ਵੇਖ ਕੇ ਤੇ ਜਾਣ ਬੁੱਝ ਕੇ ਉਸ ਤੋਂ ਅੱਖ ਮੀਟਣੀ ਲੇਖਕ ਦੀ ਸੁਹਰਿਦਤਾ ਨਹੀਂ। ਉਸਦੇ ਕਹਿਣ 'ਤੇ ਇਹ ਭਾਗ ਕਹਾਣੀ ਵਿੱਚ ਜਿਓਂ ਦਾ ਤਿਓਂ ਰਹਿਣ ਦਿੱਤਾ। ਮੇਰੇ ਅੰਦਰਲੇ ਅਤੇ ਬਾਹਰਲੇ ਦਬਾਓ ਨੇ ਮੈਨੂੰ ਲਗਭਗ ਗ਼ਲਤ ਫ਼ੈਸਲਾ ਲੈਣ ਲਈ ਮਜਬੂਰ ਕਰ ਹੀ ਦਿੱਤਾ ਸੀ। ਪਰ ਮੇਰੀ ਪਤਨੀ ਨੇ ਮੈਨੂੰ ਵਰਜ ਦਿੱਤਾ। ਹੁਣ ਮੈਂ ਸਮਝਦਾਂ ਕਿ ਉਸਦੀ ਗੱਲ ਮੰਨ ਕੇ ਮੈਂ ਠੀਕ ਹੀ ਕੀਤਾ। ਮੈਂ ਸੰਤੁਲਨ ਬਣਾ ਲਿਆ। ਜੇ ਉਹ ਭਾਗ ਕੱਟ ਦੇਂਦਾ ਤਾਂ ਮੈਂ ਵੀ ਵਕਤੀ ਦਬਾਓ ਅਧੀਨ ਅਸੰਤੁਲਿਤ ਤੇ ਉਲਾਰ ਹੋ ਜਾਂਦਾ।

ਸ਼ਾਇਦ ਮੇਰੇ ਏਸੇ ਸਪਸ਼ਟੀਕਰਨ ਨੂੰ ਧਿਆਨ ਵਿੱਚ ਰੱਖਦਿਆਂ ਹੀ ਜਦੋਂ ਗੁਰਦਿਆਲ ਸਿੰਘ ਨੇ ਪੰਜਾਬ ਯੂਨੀਵਰਸਿਟੀ ਦੇ ਬੀ ਏ ਦੇ ਕੋਰਸ ਲਈ ਪੰਜਾਬੀ ਕਹਾਣੀਆਂ ਦਾ ਸੰਗ੍ਰਹਿ ਤਿਆਰ ਕੀਤਾ ਤਾਂ ਉਸਨੇ ਉਸ ਵਿੱਚ ਸ਼ਾਮਲ ਕਰਨ ਲਈ 'ਪ੍ਰਛਾਵੇਂ' ਕਹਾਣੀ ਨੂੰ ਹੀ ਚੁਣਿਆਂ। ਅੱਜ ਤੱਕ ਕਿਸੇ ਵਿਦਿਆਰਥੀ, ਅਧਿਆਪਕ ਜਾਂ ਆਲੋਚਕ ਨੂੰ ਵੀ ਇਸ ਵਿਚੋਂ ਮੇਰੀ ਕਿਸੇ 'ਤਿਲਕਣਬਾਜ਼ੀ' ਦੇ ਦਰਸ਼ਨ ਨਹੀਂ ਹੋਏ ਜਦ ਕਿ ਇਸ ਯੂਨੀਵਰਸਿਟੀ ਵਿਚ ਜਿਹੜੇ ਲੋਕਾਂ ਦਾ ਕਬਜ਼ਾ ਹੈ ਉਹਨਾਂ ਦਾ ਤਾਂ ਇਸ ਤਿਲਕਣਬਾਜ਼ੀ ਜਾਂ ਉਲਾਰ ਵੱਲ ਸਭ ਤੋਂ ਪਹਿਲਾਂ ਧਿਆਨ ਜਾਣਾ ਸੀ।

*ਹੁਣ-'ਲੋਹੇ ਦੇ ਹੱਥ' ਵਾਲੇ ਵਰਿਆਮ ਸੰਧੂ ਤੇ 'ਅੰਗ ਸੰਗ' ਵਾਲੇ ਵਰਿਆਮ ਸੰਧੂ ਦੀ ਸਾਹਿਤਕ ਤੇ ਵਿਚਾਰਧਾਰਕ ਪਹੁੰਚ ਵਿਚ ਇਕ ਸਪੱਸ਼ਟ ਵਿੱਥ ਹੈ। ਇਹ ਵਿੱਥ ਕਿਵੇਂ ਪੈਦਾ ਹੋਈ?*

ਸੰਧੂ -'ਲੋਹੇ ਦੇ ਹੱਥ' ਵਿਚ ਵਿਸ਼ੇਸ਼ ਰਾਜਨੀਤਕ ਵਿਚਾਰਧਾਰਾ ਨੂੰ ਕਹਾਣੀ ਦੇ ਮਾਧਿਅਮ ਰਾਹੀਂ ਪੇਸ਼ ਕਰਨ ਦਾ ਕਲਾਤਮਕ ਯਤਨ ਕੀਤਾ ਗਿਆ ਸੀ ਪਰ ਕਈ ਥਾਈਂ ਵਿਚਾਰ ਨੂੰ ਅਗਰਭੂਮੀ ਵਿਚ ਸਥਾਨ ਦੇਣ ਕਰਕੇ ਕਲਾਤਮਕਤਾ ਪਿੱਛੇ ਵੀ ਚਲੀ ਜਾਦੀ ਸੀ। ਮੇਰੇ ਦੂਜੇ ਕਹਾਣੀ-ਸੰਗ੍ਰਹਿ 'ਅੰਗ-

ਸੰਗ' ਦੇ ਪ੍ਰਕਾਸ਼ਨ ਨਾਲ ਮੈਂ 'ਲੋਹੇ ਦੇ ਹੱਥ' ਵਾਲੇ ਕਹਾਣੀਕਾਰ ਨਾਲੋਂ ਅਸਲੋਂ ਹੀ ਵੱਖਰੇ ਰੰਗ ਵਾਲੇ ਕਹਾਣੀਕਾਰ ਵਜੋਂ ਸਥਾਪਤ ਹੋ ਗਿਆ ਕਿਉਂਕਿ ਮੈਂ ਹੁਣ ਤੱਕ ਜਾਣ ਲਿਆ ਸੀ ਕਿ ਲੇਖਕ ਦੀ 'ਪ੍ਰਤੀਬੱਧਤਾ' ਕਿਸੇ ਇਕੱਲੀ-ਕਾਰੀ ਪਾਰਟੀ ਜਾਂ ਗਰੁੱਪ ਤੱਕ 'ਸੀਮਿਤ' ਨਹੀਂ ਹੁੰਦੀ। ਮੈਨੂੰ ਜਿੱਥੇ ਇਹ ਚਾਨਣ ਮਿਲਿਆ ਕਿ ਮੈਂ ਕਿਸੇ ਇੱਕ ਧੜੇ, ਪਾਰਟੀ ਜਾਂ ਸਿੱਧਾਂਤ ਦਾ ਬੁਲਾਰਾ ਨਹੀਂ ਤਾਂ ਓਥੇ ਮੈਨੂੰ ਇਹ ਵੀ ਅਹਿਸਾਸ ਹੋਇਆ ਕਿ ਫ਼ੌਰੀ ਸਮਾਜਕ ਜਾਂ ਸਿਆਸੀ ਤਬਦੀਲੀ ਲਈ ਸਾਹਿਤ ਨੂੰ ਮੁੱਖ ਹਥਿਆਰ ਦੇ ਤੌਰ 'ਤੇ ਵਰਤਣਾ ਸ਼ਾਇਦ ਏਨਾ ਵਾਜਬ ਵੀ ਨਹੀਂ। ਸਾਹਿਤ ਵਿਚਲਾ ਪਰਚਾਰ ਏਨਾ ਸਪਸ਼ਟ ਅਤੇ ਸਟੇਜੀ ਨਹੀਂ ਹੁੰਦਾ। ਇਹ ਪਰਚਾਰ ਬਹੁਤ ਹੀ ਸਹਿਜ, ਸੰਕੇਤਕ ਅਤੇ ਅਛੋਪਲਾ ਹੁੰਦਾ ਹੈ।


**ਮਿੱਤਰ ਬੇਲੀ : ਅਮਰਜੀਤ ਚੰਦਨ, ਮੁਖਤਾਰ ਗਿੱਲ, ਵਰਿਆਮ ਸਿੰਘ ਸੰਧੂ ਅਤੇ ਪ੍ਰੇਮ ਗੋਰਖੀ।** (9 **ਦਸੰਬਰ** 1973 **ਨੂੰ ਵਰਿਆਮ ਸਿੰਘ ਸੰਧੂ ਦੇ ਵਿਆਹ ਵਾਲੇ ਦਿਨ**)

ਹੁਣ ਮੈਂ ਕਿਸੇ ਸਿੱਧਾਂਤ ਦਾ ਜ਼ਾਹਿਰਾ ਪਰਚਾਰ ਕਰਨ ਤੋਂ ਟੇਢ ਵੱਟ ਲਈ ਅਤੇ ਅਪਣੀਆਂ ਕਹਾਣੀਆਂ ਵਿੱਚ ਯਥਾਰਥ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਪੇਸ਼ ਕਰਨ ਦਾ ਪੈਂਤੜਾ ਅਖ਼ਤਿਆਰ ਕੀਤਾ। ਮੇਰੇ ਚੌਗਿਰਦੇ ਦਾ ਸਮਾਜੀ-ਸਿਆਸੀ ਅਤੇ ਸੱਭਿਆਚਾਰਕ ਜੀਵਨ ਅਜੇ ਵੀ ਮੇਰੀ ਰਚਨਾਤਮਕਤਾ ਦਾ ਪ੍ਰਮੁੱਖ ਸਰੋਕਾਰ ਸੀ ਪਰ ਮੈਂ ਇਸ ਜੀਵਨ ਨੂੰ ਪਾਤਰਾਂ ਸਥਿਤੀਆਂ ਅਤੇ ਘਟਨਾਵਾਂ ਦੇ ਆਪਸੀ ਟਕਰਾਓ-ਤਣਾਓ ਵਿੱਚੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਦਿਆਂ ਅਪਣੇ ਲੇਖਕੀ ਆਪੇ ਨੂੰ ਰਚਨਾ ਵਿੱਚੋਂ ਜ਼ਾਹਿਰਾ ਤੌਰ 'ਤੇ ਬੋਲਣੋਂ ਰੋਕ ਲਿਆ। ਹੁਣ ਮੇਰਾ ਦ੍ਰਿਸ਼ਟੀਕੋਣ ਰਚਨਾ ਦੇ ਸਮੁੱਚੇ ਸੰਗਠਨ ਦੀ ਵਿਓਂਤਬੰਦੀ ਵਿੱਚ ਲੁਪਤ ਸੀ। ਵਿਧਾ ਦੇ ਪੱਖ ਤੋਂ ਜਿੱਥੇ ਮੈਂ ਵਧੇਰੇ ਸੁਚੇਤ ਅਤੇ ਚੇਤੰਨ ਹੋਇਆ ਓਥੇ ਮੈਂ ਇਹ ਵੀ ਸੋਚਿਆ ਕਿ ਮੈਨੂੰ ਓਸੇ ਜੀਵਨ ਯਥਾਰਥ ਨੂੰ ਪੇਸ਼ ਕਰਨਾ ਚਾਹੀਦਾ ਹੈ ਜੋ ਮੈਂ ਅਤੇ ਮੇਰੇ ਪਰਿਵਾਰ ਜਾਂ ਨੇੜਲੇ ਸਮਾਜ ਦੇ ਲੋਕ ਭੋਗਦੇ ਪਏ ਸਨ। ਮੈਂ ਨਿਮਨ-ਕਿਰਸਾਣੀ ਸਮਾਜ ਨੂੰ ਬਚਪਨ ਤੋਂ ਬੜਾ ਨੇੜਿਓਂ ਜਾਣਿਆਂ ਅਤੇ ਜੀਵਿਆ ਸੀ ਇਸ ਲਈ ਮੈਂ ਇਸ ਜੀਵਨ ਦੇ ਸੰਕਟਾਂ, ਲੋੜਾਂ, ਥੁੜਾਂ ਦੀ ਕਹਾਣੀ ਕਹਿਣ ਦਾ ਮਨ ਬਣਾਇਆ। ਵਸਤੂ ਦੇ ਪੱਧਰ ਤੇ ਜਿੱਥੇ ਮੇਰੀ ਪਹਿਲੇ ਦੌਰ ਦੀ ਕਹਾਣੀ ਦੀ ਪਛਾਣ 'ਰਾਜਨੀਤਿਕ ਚੇਤਨਾ ਦੀ ਕਹਾਣੀ' ਵਾਲੀ ਬਣੀ-ਓਥੇ ਮੇਰੀ ਦੂਜੀ ਪਛਾਣ 'ਕਿਰਸਾਨੀ ਜੀਵਨ ਦੇ ਕਹਾਣੀਕਾਰ' ਵਜੋਂ ਬਣੀ। ਰਾਜਨੀਤਿਕ ਚੇਤਨਾ ਅਤੇ ਕਿਰਸਾਨੀ ਜੀਵਨ ਵਾਲੀਆਂ, ਮੇਰੀਆਂ ਕਹਾਣੀਆਂ ਵਿੱਚ ਮੇਰਾ ਨਿੱਜੀ ਅਤੇ ਪ੍ਰਮਾਣਿਕ ਅਨੁਭਵ ਬੋਲਦਾ ਸੀ। ਇਸਦੇ ਨਾਲ ਹੀ ਬਦਲ ਰਹੇ ਸਮਾਜਕ-ਸਭਿਆਚਾਰਕ ਅਤੇ ਰਾਜਨੀਤਕ ਜੀਵਨ ਦਾ ਅਕਸ ਵੀ ਮੇਰੀਆਂ ਕਹਾਣੀਆਂ ਵਿਚੋਂ ਦ੍ਰਿਸ਼ਟੀਗੋਚਰ ਹੋਣ ਲੱਗਾ। ਇੰਜ ਮੈਂ ਪਹਿਲਾਂ ਨਾਲੋਂ ਅਸਲੋਂ ਵੱਖਰੇ ਕਹਾਣੀਕਾਰ ਵਜੋਂ ਸਾਹਮਣੇ ਆਇਆ।

*ਹੁਣ- 'ਸਰਬੱਤ ਦੇ ਭਲੇ' ਦੀ ਗੱਲ ਕਰ ਲੈਣੀ ਇੱਕ ਬੜਾ ਹੀ ਆਦਰਸ਼ਵਾਦੀ ਸੰਕਲਪ ਹੈ। ਲੈਨਿਨ ਨੇ ਇਹ ਸੰਕਲਪ ਤੋੜਦਿਆਂ ਕਿਹਾ ਸੀ ਕਿ ਕਈਆਂ ਹਾਲਤਾਂ ਵਿਚ 'ਯੁੱਧ' ਜ਼ਰੂਰੀ ਹੁੰਦਾ ਹੈ। ਕੀ ਕੋਈ ਹੋਸ਼ਮੰਦ ਸਰਬੱਤ ਦੇ ਭਲੇ ਦੀ ਧਾਰਨਾ ਮੁਤਾਬਕ ਦੁਸ਼ਮਣ ਦਾ ਵੀ ਭਲਾ ਚਾਹ ਸਕਦਾ ਹੈ?*

ਸੰਧੂ -ਹਾਂ, ਚਾਹ ਸਕਦਾ ਹੈ। ਗੁਰੂ ਗੋਬਿੰਦ ਸਿੰਘ ਤੇ ਉਸਦਾ ਦਾ ਸਿੱਖ ਭਾਈ ਘਨੱਈਆ ਇਸਦੀ ਮਿਸਾਲ ਹੈ। ਸਿੱਖ ਘਨੱਈਆ ਜ਼ਖ਼ਮੀ ਦੁਸ਼ਮਣ ਨੂੰ ਵੀ ਪਾਣੀ ਪਿਆਉਂਦਾ ਹੈ ਤੇ ਉਸਦਾ ਗੁਰੂ ਨਰਾਜ਼ ਹੋਣ ਦੀ ਥਾਂ ਉਸਨੂੰ ਅਪਣੇ ਕੋਲੋਂ ਮਲ੍ਹਮ ਦੀ ਡੱਬੀ ਵੀ ਦਿੰਦਾ ਹੈ ਦੁਸ਼ਮਣ ਦੇ ਜ਼ਖ਼ਮਾਂ 'ਤੇ ਲਾਉਣ ਲਈ। ਸਰਬੱਤ ਦਾ ਭਲਾ ਵਧੇਰੇ ਹੋਸ਼ਮੰਦ ਤੇ ਵਧੇਰੇ ਸੰਵੇਦਨਸ਼ੀਲ ਬੰਦਾ ਹੀ ਚਾਹ ਅਤੇ ਕਰ ਸਕਦਾ ਹੈ। ਤਬਦੀਲੀ ਲਈ ਯੁਧ ਵੀ ਜ਼ਰੂਰੀ ਹੈ ਪਰ ਯੁਧ ਵਿਚ ਬੇਆਸਰਾ ਹੋਏ, ਡਿੱਗੇ ਪਏ, ਭੱਜੇ ਜਾਂਦੇ ਦੁਸ਼ਮਣ 'ਤੇ ਵਾਰ ਨਾ ਕਰਨ ਦੀ ਰਵਾਇਤ ਵੀ ਇਸੇ ਸੰਕਲਪ ਵਿਚ ਹੀ ਪਈ ਹੋਈ ਹੈ। ਜੰਗੀ ਕੈਦੀਆਂ ਨੂੰ ਫੜ ਕੇ ਨਾ ਮਾਰਨ ਦੇ ਮੌਜੂਦਾ ਅੰਤਰਰਾਸ਼ਟਰੀ ਸਮਝੌਤਿਆਂ ਵਿਚ ਵੀ ਇਹ ਸੰਕਲਪ ਲੁਪਤ ਹੈ। ਜਮਾਤੀ ਦੁਸ਼ਮਣ ਨਾਲ ਨਫ਼ਰਤ ਕਰਨ ਦਾ ਸਿਧਾਂਤ ਵੀ ਇਸ ਗੱਲ ਨੂੰ ਰੱਦ ਨਹੀਂ ਕਰ ਸਕਦਾ ਕਿ ਸਾਰੀ ਦੀ ਸਾਰੀ ਜਮਾਤ ਦੇ ਮਨੁੱਖ ਸਦਾ ਦੁਸ਼ਮਣ ਹੀ ਨਹੀਂ ਹੁੰਦੇ। ਲੜਾਈ ਸੱਤਾ 'ਤੇ ਕਾਬਜ਼ ਜਮਾਤੀ ਦੁਸ਼ਮਣ ਨਾਲ ਹੈ, ਆਮ ਜੀਵਨ ਜਿਊ ਰਹੇ ਸ਼ਹਿਰੀ ਨਾਲ ਨਹੀਂ, ਭਾਵੇਂ ਉਹ ਸ਼ਹਿਰੀ ਤਥਾ-ਕਥਿਤ ਦੁਸ਼ਮਣ ਜਮਾਤ ਦਾ ਅੰਗ ਹੀ ਕਿਉਂ ਨਾ ਹੋਵੇ। 'ਸਰਬੱਤ ਦੇ ਭਲੇ' ਦਾ ਸੰਕਲਪ ਕੇਵਲ ਜਮਾਤੀ ਦੁਸ਼ਮਣੀ ਦੇ ਨਜ਼ਰੀਏ ਤੋਂ ਹੀ ਨਹੀਂ ਸਮਝਿਆ ਜਾ ਸਕਦਾ, ਇਸਨੂੰ ਸਮਝਣ ਲਈ ਮਾਨਵੀ ਨਜ਼ਰੀਏ ਦੀ ਜ਼ਰੂਰਤ ਹੈ। ਲੈਨਿਨਾਂ-ਸਟਾਲਿਨਾਂ ਤੇ ਮਾਓਆਂ ਵੱਲੋਂ ਲੜੇ ਤੇ ਤੁਹਾਡੇ ਵੱਲੋਂ ਵਡਿਆਏ ਯੁਧਾਂ ਨੇ ਵੀ ਕਿੰਨੇ ਮਾਸੂਮਾਂ ਦੇ ਘਾਣ ਕੀਤੇ ਨੇ, ਇਸ ਤੋਂ ਵੀ ਅਸੀਂ-ਤੁਸੀਂ ਇਨਕਾਰੀ ਨਹੀਂ ਹੋ ਸਕਦੇ। ਮੈਂ ਕਿਤੇ ਹੋਰ ਪਹਿਲਾਂ ਆਖ ਚੁੱਕਾਂ ਕਿ ਸਾਹਿਤਕਾਰ 'ਬੇਕਿਰਕ' ਨਹੀਂ ਹੁੰਦਾ, 'ਬੇਕਿਰਕ' ਸਿਆਸੀ ਬੰਦੇ ਹੁੰਦੇ ਨੇ। ਸਾਹਿਤਕਾਰ ਤਾਂ ਹਰੇਕ ਦੇ ਨੇੜੇ ਹੋ ਕੇ ਉਸਦੇ ਦੁਖ ਨੂੰ ਸਮਝਣ ਵਾਲਾ, ਉਹਦੀਆਂ ਭੁੱਲਾਂ ਨੂੰ ਸਮਝਣ-ਸਮਝਾਉਣ ਤੇ ਬਖ਼ਸ਼ਣ ਵਾਲਾ ਤੇ ਉਸਦੀ ਪੀੜ ਚੂਸਣ ਵਾਲਾ ਹੁੰਦਾ ਹੈ। ਉਸਦਾ ਬੰਦੇ ਨੂੰ ਮਾਰਨ ਵਿਚ ਨਹੀਂ, ਬਚਾਉਣ ਵਿਚ ਵਿਸ਼ਵਾਸ ਹੁੰਦਾ ਹੈ। ਯੁਧ ਦੀ ਲੋੜ ਤੋਂ ਮੈਂ ਹਰਗਿਜ਼ ਇਨਕਾਰੀ ਨਹੀਂ ਤੇ ਇਹ ਵੀ ਜਾਣਦਾ ਹਾਂ ਕਿ ਜਿਨ੍ਹਾਂ ਗੁਰੂਆਂ ਨੇ ਇਹ ਸੰਕਲਪ ਦਿੱਤਾ ਸੀ, ਯੁੱਧ ਉਹਨਾਂ ਵੀ ਲੜੇ। ਯੁਧ ਲੜਦਿਆਂ ਵੀ ਜੇ ਉਹ 'ਸਰਬੱਤ ਦੇ ਭਲੇ' ਦਾ ਨਾਅਰ੍ਹਾ ਲਾਉਂਦੇ ਰਹੇ ਤਾਂ ਜ਼ਰੂਰ ਹੀ ਉਹਨਾਂ ਨੂੰ ਇਹ ਸੰਕਲਪ ਯਥਾਰਥਕ ਲੱਗਾ ਹੋਵੇਗਾ। ਮੈਨੂੰ ਵੀ ਇੰਜ ਹੀ ਲੱਗਦਾ ਹੈ।

# ਇਨਾਮਾਂ ਦੇ ਬੇਰ

*ਹੁਣ-ਤੁਹਾਡੇ ਕਹਿਣ ਮੁਤਾਬਿਕ ਲਗਦਾ ਹੈ ਕਿ ਸਾਰੇ ਵੱਡੇ ਇਨਾਮ ਤੁਹਾਡੇ ਕੋਲ ਆਪ 'ਰਿੜ੍ਹਕੇ' ਪਹੁੰਚਦੇ ਰਹੇ। ਪਰ ਅਜਿਹਾ ਗੁਰਬਖਸ਼ ਸਿੰਘ ਅਤੇ ਸਤਿਆਰਥੀ ਵਰਗੇ ਵੱਡੇ ਵੱਡੇ ਲੇਖਕਾਂ ਨਾਲ ਕਿਉਂ ਨਾ ਹੋ ਸਕਿਆ?*

ਸੰਧੂ -'ਰਿੜ੍ਹ ਕੇ' ਪਹੁੰਚਣ ਦੀ ਥਾਂ ਸ਼ਾਇਦ ਮੈਂ ਇਹ ਆਖਿਆ ਹੈ ਕਿ ਇਨਾਮ-ਸਨਮਾਨ ਉਹੋ ਹੀ ਚੰਗੇ ਜਿਹੜੇ ਪੱਕੇ ਬੇਰਾਂ ਵਾਂਗ ਝੜ ਕੇ ਅਪਣੇ ਆਪ ਤੁਹਾਡੀ ਝੋਲੀ ਵਿੱਚ ਡਿਗ ਪੈਣ। ਤੁਹਾਨੂੰ ਆਪ ਬੇਰੀ ਉੱਤੇ ਚੜ੍ਹ ਕੇ, ਕੰਡੇ ਮਰਵਾ ਕੇ, ਡੰਡੇ ਮਾਰ ਕੇ, ਲਹੂ-ਲੁਹਾਨ ਹੋ ਕੇ, ਕੱਪੜੇ ਪੜਵਾ ਕੇ, ਪੱਗ ਲੁਹਾ ਕੇ ਉਹਨਾਂ ਨੂੰ ਕੱਚਿਆਂ-ਪਿਲਿਆਂ ਨੂੰ ਤੋੜਨਾ-ਭਰੂਹਣਾ ਨਾ ਪਵੇ! ਮੇਰਾ ਮੰਨਣਾ ਹੈ ਕਿ ਮੈਨੂੰ ਜਿਹੜੇ ਵੀ ਇਨਾਮ-ਸਨਮਾਨ ਜਦੋਂ ਵੀ ਮਿਲੇ ਉਹੋ ਹੀ ਉਹਨਾਂ ਦੇ 'ਪੱਕਣ' ਦੀ ਸਹੀ ਰੁੱਤ ਸੀ। ਇਹ ਵੀ ਸੰਤੁਸ਼ਟੀ ਹੈ ਕਿ ਕਦੀ ਮੂੰਹ 'ਚ ਪਾਣੀ ਭਰ ਕੇ ਇਹਨਾਂ 'ਬੇਰਾਂ' ਵੱਲ ਵੇਖਿਆ ਤੱਕ ਨਹੀਂ। ਪੱਕ ਕੇ ਅਪਣੇ ਆਪ ਹੀ ਇਹ ਮੇਰੀ ਝੋਲੀ ਵਿੱਚ ਡਿੱਗਦੇ ਰਹੇ ਹਨ। ਇਹ ਵੱਖਰੀ ਗੱਲ ਹੈ ਮੇਰੇ ਹਿੱਸੇ ਦੇ ਬੇਰ ਵਾਹਵਾ ਦੇਰ ਨਾਲ ਹੀ ਪੱਕੇ ਤੇ ਡਿੱਗੇ। ਮਸਲਨ ਪੰਜਾਬੀ ਕਹਾਣੀ ਵਿਚ ਲਗਭਗ ਇਕੋ ਜਿਹਾ ਨਾਂ-ਥਾਂ ਤੇ ਜ਼ਿਕਰ-ਜ਼ਕਾਰ ਹੋਣ ਦੇ ਬਾਵਜੂਦ ਪ੍ਰੇਮ ਪ੍ਰਕਾਸ਼ ਨੂੰ ਸਾਹਿਤ ਅਕਾਦਮੀ ਦਾ ਇਨਾਮ ਮੇਰੇ ਤੋਂ ਸੱਤ ਅੱਠ ਸਾਲ ਪਹਿਲਾਂ ਮਿਲ ਗਿਆ ਸੀ। ਮੈਨੂੰ ਦੱਸਿਆ ਗਿਆ ਸੀ ਕਿ ਭਾਸ਼ਾ ਵਿਭਾਗ ਦਾ ਇਨਾਮ ਮੈਨੂੰ ਮਿਲਣ ਦਾ ਫ਼ੈਸਲਾ ਹੋ ਹੀ ਗਿਆ ਸੀ ਕਿ ਇਨਾਮ ਕਮੇਟੀ ਵਿਚ ਬੈਠੇ ਮੇਰੇ ਅਪਣੇ ਮਿੱਤਰ ਹਰਭਜਨ ਹਲਵਾਰਵੀ ਦੇ ਇਹ ਆਖਣ 'ਤੇ ਕਿ 'ਵਰਿਆਮ ਦੀ ਤਾਂ ਅਜੇ ਬਥੇਰੀ ਉਮਰ ਪਈ ਹੈ ਇਨਾਮ ਲੈਣ ਦੀ'; ਉਹ ਇਨਾਮ ਕਿਸੇ ਹੋਰ 'ਲੋੜਵੰਦ ਲੇਖਕ ਦਾ ਦਿਲ ਰੱਖਣ ਲਈ' ਉਸਨੂੰ ਦੇ ਦਿੱਤਾ ਗਿਆ ਤੇ ਮੇਰੀ ਵਾਰੀ ਫਿਰ ਕਈ ਸਾਲ ਬਾਅਦ ਆਈ। ਇੰਜ ਹੀ 1988 ਵਿਚ ਮੈਨੂੰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦਾ ਇਨਾਮ ਦਿੱਤੇ ਜਾਣ ਦਾ ਫ਼ੈਸਲਾ ਹੋ ਗਿਆ ਤੇ ਇਸਦੀ ਸੂਚਨਾ ਦੇਣ ਲਈ ਮੈਨੂੰ ਚਿੱਠੀ ਵੀ ਲਿਖ ਦਿੱਤੀ ਗਈ ਪਰ ਫਿਰ ਖੜੇ ਪੈਰ ਕਿਸੇ ਸੀਨੀਅਰ ਲੇਖਕ ਦੀ ਬੀਮਾਰੀ ਨੂੰ ਮੁੱਖ ਰੱਖ ਕੇ ਉਹਦੀ ਆਰਥਿਕ ਸਹਾਇਤਾ ਕਰਨ ਦੀ 'ਮਜਬੂਰੀ ਵੱਸ' ਇਨਾਮ ਉਸਨੂੰ ਦੇਣ ਦਾ ਫ਼ੈਸਲਾ ਹੋ ਗਿਆ। ਲਾਇਲਪੁਰ ਖ਼ਾਲਸਾ ਕਾਲਜ ਦੀ ਸਟੇਜ ਉੱਤੇ ਇਸਦਾ ਇਨਕਸ਼ਾਫ਼ ਅਕਾਦਮੀ ਦੇ ਜਨਰਲ ਸਕੱਤਰ ਪ੍ਰਮਿੰਦਰ ਸਿੰਘ ਨੇ ਵੱਡੇ ਲੇਖਕਾਂ, ਵਿਦਵਾਨਾਂ ਦੀ ਹਾਜ਼ਰੀ ਵਿਚ ਖ਼ੁਦ ਕੀਤਾ ਤੇ ਅਗਲੇ ਸਾਲ ਇਹ ਇਨਾਮ ਮੈਨੂੰ ਦਿੱਤੇ ਜਾਣ ਦਾ ਐਲਾਨ ਵੀ ਕਰ ਦਿੱਤਾ ਪਰ ਮਿਲਿਆ ਇਹ ਮੈਨੂੰ ਉਸਤੋਂ ਬਾਰਾਂ ਸਾਲ ਪਿੱਛੋਂ। ਸ਼ਾਇਦ ਮੇਰੇ ਇਨਾਮਾਂ ਦਾ ਖ਼ਮੀਰ ਹੀ ਅਜਿਹਾ ਸੀ ਕਿ ਛੇਤੀ ਪੱਕਣ ਵਿਚ ਨਹੀਂ ਸੀ ਆਉਂਦੇ। ਪਰ ਮੈਂ ਸੰਤੁਸ਼ਟ ਹਾਂ ਕਿ ਇਹ ਟਾਹਣੀ ਉੱਤੇ ਹੀ ਸੜ-ਸੁੱਕ ਜਾਂ ਗਲ਼ ਨਹੀਂ ਗਏ ਸਗੋਂ ਆਖ਼ਰਕਾਰ ਠੀਕ-ਠਾਕ ਪੱਕ ਵੀ ਗਏ ਤੇ ਮੈਨੂੰ ਮਿਲ ਵੀ ਗਏ, ਤੇ ਇਹਨਾਂ ਨੂੰ ਲੈਂਦਿਆਂ ਮੇਰੇ ਕੱਪੜੇ ਵੀ ਨਹੀਂ ਪਾਟੇ ਤੇ ਪੱਗ ਵੀ ਬਚੀ ਰਹੀ। ਮੈਂ ਕੀਹਦਾ ਪਾਣੀਹਾਰ ਹਾਂ; ਸਾਹਿਤ ਅਕਾਦਮੀ ਦੇ ਇਨਾਮ ਤਾਂ ਕੰਵਲ, ਸੁਜਾਨ ਸਿੰਘ, ਧੀਰ ਜਿਹੇ ਲੇਖਕਾਂ ਨੂੰ (ਜਿਨ੍ਹਾਂ ਨੂੰ ਪੜ੍ਹ ਕੇ ਅਸੀਂ ਲਿਖਣਾ ਸਿਖਿਆ ਸੀ) ਵੀ ਮੇਰੇ ਤੋਂ ਮਸਾਂ ਤਿੰਨ-ਚਾਰ ਸਾਲ ਪਹਿਲਾਂ ਹੀ ਮਿਲ ਸਕੇ। ਇਹਨਾਂ ਵੱਡੇ ਲੇਖਕਾਂ ਨੂੰ ਉਮਰ ਭਰ ਅਣਗੌਲੇ ਰੱਖੇ ਜਾਣਾ ਦੱਸਦਾ ਹੈ ਕਿ ਇਨਾਮ ਮਿਲਣ ਜਾਂ ਦੇਣ ਵਿਚ ਕੋਈ ਗੜਬੜ ਤਾਂ ਹੈ ਹੀ ਸੀ ਤੇ ਹੈ ਵੀ ਸੀ ਵਾਹਵਾ ਵੱਡੀ। ਗੁਰਬਖ਼ਸ਼ ਸਿੰਘ, ਸਤਿਆਰਥੀ ਜਾਂ ਸੁਰਿੰਦਰ ਸਿੰਘ ਨਰੂਲੇ ਨੂੰ ਸਾਹਿਤ ਅਕਾਦਮੀ ਦਾ ਇਨਾਮ ਨਾ ਮਿਲਣ ਕਰਕੇ ਅਕਾਦਮੀ ਦਾ ਕੱਦ ਹੀ ਛੋਟਾ ਹੋਇਆ। ਇਹਨਾਂ ਦੀਆਂ ਪਰਬਤੀ ਪਰਾਪਤੀਆਂ ਅੱਗੇ ਸਾਰਾ ਪੰਜਾਬੀ ਜਗਤ ਨਤਮਸਤਕ ਹੈ, ਸਾਹਿਤ ਅਕਾਦਮੀ ਬੌਣੀ ਤੇ ਸ਼ਰਮਿੰਦੀ ਹੈ। ਤੁਹਾਡੇ ਦੱਸੇ ਦੋ ਨਾਵਾਂ ਨਾਲ ਮੈਂ ਨਰੂਲੇ ਦਾ ਨਾਂ ਇਸ ਕਰਕੇ ਸ਼ਾਮਲ ਕੀਤਾ ਹੈ ਕਿ ਪੰਜਾਬੀ ਵਿਚ ਯਥਾਰਥਵਾਦੀ ਨਾਵਲ ਨੂੰ ਪੱਕੇ ਪੈਰੀਂ ਸਥਾਪਤ ਕਰਨ ਵਿਚ ਉਸਦਾ ਮੁਢਲਾ ਤੇ ਮਹੱਤਵਪੂਰਨ ਯੋਗਦਾਨ ਹੈ।

ਜਦੋਂ ਇਹਨਾਂ ਲੋਕਾਂ ਨੂੰ ਇਨਾਮ ਮਿਲਣਾ ਚਾਹੀਦਾ ਸੀ ਉਦੋਂ ਪੰਜਾਬੀ ਦੀ ਕਨਵੀਨਰ ਜਾਂ ਇੰਚਾਰਜ ਅੰਮ੍ਰਿਤਾ ਪ੍ਰੀਤਮ ਹੁੰਦੀ ਸੀ। ਮੈਨੂੰ ਬਹੁਤਾ ਇਲਮ ਤਾਂ ਨਹੀਂ ਪਰ ਮੇਰਾ ਖ਼ਿਆਲ ਹੈ ਕਿ ਉਦੋਂ ਇਨਾਮ ਦੇਣਾ ਕਨਵੀਨਰ ਦੇ ਹੱਥ-ਵੱਸ ਹੀ ਹੁੰਦਾ ਸੀ; ਅੱਜ ਵਾਂਗ ਹੇਠੋਂ ਲੈ ਕੇ ਉੱਪਰ ਤੱਕ ਇਨਾਮ ਲਈ ਨਾਮਜ਼ਦ ਪੁਸਤਕ ਵਾਲੇ ਲੇਖਕ ਬਣਨ ਲਈ ਚੁਣੇ ਜਾਣ ਦੀ ਲੰਮੀ ਪ੍ਰਕਿਰਿਆ ਦੇ ਛਾਨਣੇ ਵਿਚੋਂ ਨਹੀਂ ਸੀ ਲੰਘਣਾ ਪੈਂਦਾ। ਭਾਵੇਂ ਕਿ ਹੁਣ ਵੀ ਅੰਤਮ ਤਿੰਨਾਂ ਵਿਦਵਾਨਾਂ ਦੀ ਜਿਊਰੀ ਨੂੰ ਪ੍ਰਭਾਵਤ ਕਰਨ ਦੀ ਕਨਵੀਨਰ ਦੀ ਤਾਕਤ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਪਰ ਉਦੋਂ ਤਾਂ ਇਨਾਮ ਦੇਣਾ ਇਕ ਜਣੇ ਦੇ ਵੱਸ ਵਿਚ ਸੀ ਕਿਉਂਕ ਜਿਊਰੀ ਵੀ ਉਹਦੀ ਮਰਜ਼ੀ ਨਾਲ ਬਣਦੀ ਸੀ। ਇਹ ਕਿਹਾ ਜਾਂਦਾ ਹੈ ਕਿ ਇਹਨਾਂ ਤਿੰਨਾਂ ਵੱਡੇ ਲੇਖਕਾਂ ਨੇ ਕਿਸੇ ਨਾ ਕਿਸੇ ਕਾਰਨ ਲੇਖਿਕਾ ਨੂੰ ਨਾਰਾਜ਼ ਕੀਤਾ ਹੋਇਆ ਸੀ ਜਾਂ ਉਹ ਕਿਸੇ ਕਾਰਨ ਇਹਨਾਂ ਨਾਲ ਗੁੱਸੇ ਜਾਂ ਨਾਖ਼ੁਸ਼ ਸੀ ਤੇ ਉਸਨੇ ਹੀ ਇਹਨਾਂ ਨੂੰ ਇਨਾਮ ਨਹੀਂ ਸੀ ਮਿਲਣ ਦਿੱਤਾ। ਉਂਜ ਇਕ ਹੋਰ ਗੱਲ ਵੀ ਹੈ ਕਿ ਇਨਾਮ ਲੇਖਕ ਨੂੰ ਨਹੀਂ, ਪਿਛਲੇ ਤਿੰਨਾਂ ਸਾਲਾਂ ਵਿਚ ਛਪੀ ਕਿਤਾਬ ਨੂੰ ਦਿੱਤਾ ਜਾਂਦਾ ਹੈ। ਇਹ ਵੀ ਹੋ ਸਕਦਾ ਹੈ ਕਿ ਇਹਨਾਂ ਲੇਖਕਾਂ ਦੀ ਕੋਈ ਕਿਤਾਬ ਅਕਾਦਮੀ ਨੂੰ ਉਹਨਾਂ ਸਾਲਾਂ ਵਿਚ ਇਨਾਮ ਦੇਣ ਯੋਗ ਨਾ ਲੱਗੀ ਹੋਵੇ ਜਾਂ ਇਹਨਾਂ ਸਾਲਾਂ ਵਿਚ ਛਪੀ ਹੀ ਨਾ ਹੋਵੇ। ਪਰ ਗੁਰਬਖ਼ਸ਼ ਸਿੰਘ, ਕੰਵਲ ਆਦਿ ਦੀਆਂ ਕਿਤਾਬਾਂ ਤਾਂ ਛਪਦੀਆਂ ਹੀ ਰਹੀਆਂ। ਇਸ ਲਈ ਇਹ ਮੰਨਣ ਦੀ ਗੁੰਜਾਇਸ਼ ਵੀ ਨਹੀਂ ਲੱਗਦੀ ਕਿ ਇਹਨਾਂ ਲੇਖਕਾਂ ਦੀ ਲੋੜੀਂਦੀ ਕਿਤਾਬ ਉਹਨਾਂ ਸਾਲਾਂ ਵਿਚ ਨਾ ਆਈ ਹੋਵੇ।

ਇਹ ਵੀ ਗੱਲ ਠੀਕ ਹੈ ਕਿ ਜਦੋਂ 'ਅਕਾਦਮੀ' ਨੇ ਕਿਸੇ 'ਤੇ ਬਖ਼ਸ਼ਿਸ਼ ਕਰਨੀ ਹੋਵੇ ਤਾਂ ਬੜੇ ਸਹਿਜ ਨਾਲ ਕਰ ਸਕਦੀ ਹੈ। ਸਾਹਿਤ ਵਿਚ ਨਾ-ਗਿਣੌਨੀਆਂ ਪਰਾਪਤੀਆਂ ਵਾਲੇ ਕਈ ਲੇਖਿਕਾਂ ਨੂੰ ਅਕਾਦਮੀ ਨੇ ਅਜਿਹੀ ਬਖ਼ਸ਼ਿਸ਼ ਕੀਤੀ ਹੈ। ਉਹਨਾਂ ਵਿਚ ਕਵੀ, ਨਾਵਲਕਾਰ, ਕਹਾਣੀਕਾਰ ਆਦਿ ਸਾਰੇ ਹੀ ਸ਼ਾਮਲ ਹਨ। ਆਖ਼ਰੀ ਗੱਲ ਇਹ ਹੈ ਕਿ ਸਾਹਿਤ ਅਕਾਦਮੀ ਦਾ ਇਨਾਮ ਮਿਲਣ ਜਾਂ ਨਾ ਮਿਲਣ ਕਰਕੇ ਕੋਈ ਲੇਖਕ ਵੱਡਾ ਜਾਂ ਛੋਟਾ ਨਹੀਂ ਬਣ ਸਕਦਾ। ਲੇਖਕ ਪਹਿਲਾਂ ਹੀ ਵੱਡਾ ਹੁੰਦਾ ਹੈ ਤੇ ਅਕਾਦਮੀ ਕੇਵਲ ਉਸਦੀ ਵਡਿਆਈ ਨੂੰ ਤਸਲੀਮ ਕਰਕੇ 'ਨਮਸਕਾਰ' ਹੀ ਕਰਦੀ ਹੈ। ਜੇ ਕਿਸੇ ਵੱਡੇ ਲੇਖਕ ਨੂੰ ਉਹ 'ਨਮਸਕਾਰ' ਨਹੀਂ ਕਰਦੀ ਤਾਂ ਵੱਡੇ ਲੇਖਕ ਦੀ ਵਡਿਆਈ ਤਾਂ ਕਾਇਮ ਹੀ ਰਹਿੰਦੀ ਹੈ ਅਕਾਦਮੀ ਹੀ 'ਛੋਟੀ' ਹੁੰਦੀ ਹੈ। ਇਸ ਲਈ ਜਦੋਂ ਜਦੋਂ ਵੀ ਵੱਡੇ ਲੇਖਕਾਂ ਨੂੰ ਅਕਾਦਮੀ ਨੇ ਅਣਗੌਲਿਆਂ ਕਰਕੇ ਇਨਾਮ ਨਹੀਂ ਦਿੱਤਾ ਜਾਂ ਦੇਰ ਨਾਲ ਦਿੱਤਾ ਤੇ ਇਸਦੇ ਉਲਟ ਜਦੋਂ ਜਦੋਂ ਵੀ ਛੋਟੇ ਲੇਖਕਾਂ ਨੂੰ ਇਨਾਮ ਦੇ ਕੇ ਵੱਡਾ ਬਨਾਉਣ ਦੀ ਕੋਸ਼ਿਸ਼ ਕੀਤੀ ਤਾਂ ਹਮੇਸ਼ਾ ਅਕਾਦਮੀ ਹੀ ਛੋਟੀ ਹੋਈ ਹੈ। ਵੱਡੇ ਲੇਖਕ ਇਨਾਮ ਨਾ ਮਿਲਣ ਦੇ ਬਾਵਜੂਦ ਵੱਡੇ ਹੀ ਰਹੇ। ਛੋਟੇ ਲੇਖਕ ਇਨਾਮ ਮਿਲ ਜਾਣ ਦੇ ਬਾਵਜੂਦ ਛੋਟੇ ਹੀ ਰਹੇ, ਉਹਨਾਂ ਦੀ ਬਨਾਵਟੀ 'ਵਡਿਆਈ' ਕਿਸੇ ਨੇ ਕਦੀ ਤਸਲੀਮ ਨਹੀਂ ਕੀਤੀ। ਅਜਿਹੇ ਨਾਵਾਂ ਦਾ ਕੀ ਗਿਣਨਾ ਹੈ; ਸਾਰਾ ਪੰਜਾਬੀ ਜਗਤ ਜਾਣਦਾ ਹੈ।

## ਇਨਕਲਾਬ ਦਾ ਗੁਰਮੰਤਰ

*ਹੁਣ- ਇੱਕ ਸਮਾਂ ਸੀ ਜਦੋਂ ਤੁਸੀਂ ਅਪਣੇ ਸਾਥੀਆਂ ਨਾਲ ਮਿਲਕੇ ਪੰਜਾਬ ਵਿਚ ਇਨਕਲਾਬ ਆ ਜਾਣ ਦੇ ਸਾਲ ਗਿਣੇ ਸਨ। ਫੇਰ ਸਮੇਂ ਨੇ ਉਲਟ ਗੇੜ ਚਲਾ ਕੇ ਸਗੋਂ ਰੂਸ ਦੇ ਆਏ ਇਨਕਲਾਬ ਨੂੰ ਵੀ ਪੁੱਠਾ ਗੇੜਾ ਦੇ ਦਿੱਤਾ । ਕੀ ਸੋਚਿਆ ਹੈ ਇਹਦੇ ਬਾਰੇ?*

ਸੰਧੂ -ਹੁਣ ਤਾਂ 'ਸੋਚੈ ਸੋਚ ਨਾ ਹੋਵਈ' ਵਾਲੀ ਗੱਲ ਬਣੀ ਹੋਈ ਹੈ। ਕਦੀ ਕਦੀ ਵੱਡੇ ਇਨਕਲਾਬੀ ਆਗੂਆਂ ਨਾਲ ਵੀ ਪਰਦੇ ਦੀ ਗੱਲ ਕਰੀਏ ਤੇ ਪੁੱਛੀਏ ਕਿ ਜੇ ਪਹਿਲਾਂ ਰੂਸ ਦਾ ਤੇ ਹੁਣ ਚੀਨ ਦਾ ਸਮਾਜਵਾਦ ਵਾਲਾ ਮਾਡਲ ਕਾਮਯਾਬ ਨਹੀਂ ਰਿਹਾ ਤਾਂ ਅਪਣੇ ਕੋਲ ਹੁਣ ਸਮਾਜਵਾਦ ਦਾ ਕਿਹੜਾ ਨਵਾਂ ਮਾਡਲ ਹੋ ਸਕਦਾ ਹੈ ਤੇ ਉਸਦੀ ਸਥਾਪਨਾ ਕਿਵੇਂ ਸੰਭਵ ਹੈ; ਤਾਂ, ਉਹਨਾਂ ਕੋਲ ਵੀ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਹੁੰਦਾ ਸਿਵਾਇ ਇਹ ਕਹਿਣ ਤੋਂ ਕਿ ਰੂਸੀਆਂ-ਚੀਨੀਆਂ ਕੋਲੋਂ ਸਮਾਜਵਾਦ ਠੀਕ ਤੇ ਵਿਗਿਆਨਕ ਢੰਗ ਨਾਲ ਲਾਗੂ ਨਹੀਂ ਹੋ ਸਕਿਆ। 'ਪਰ ਪਹਿਲਾਂ ਨਾਲੋਂ ਬੜੀ ਹੀ ਤੇਜ਼ੀ ਨਾਲ ਬਦਲੇ ਹੋਏ ਸੰਸਾਰ-ਦ੍ਰਿਸ਼ ਦੇ ਰੂਬਰੂ ਅਸੀਂ ਇਹ ਸਭ ਕਿਵੇਂ ਕਰ ਸਕਾਂਗੇ, ਜਦ ਕਿ ਅਸੀਂ ਅਨੇਕ ਟੁਕੜਿਆਂ ਵਿਚ ਵੰਡੇ ਹੋਏ ਤੇ ਲੋਕਾਂ ਦੀ ਵਿਸ਼ਾਲ ਬਹੁਤ-ਗਿਣਤੀ ਨਾਲੋਂ ਵਿਜੋਗੇ ਹੋਏ ਵੀ ਹਾਂ?' ਉਹ ਵੀ ਮੈਨੂੰ ਠੀਕ ਜਵਾਬ ਨਹੀਂ ਦਿੰਦੇ ਤਾਂ ਮੈਂ ਤੁਹਾਨੂੰ ਕੀ ਦੱਸਾਂ? ਜੇ ਰੂਸੀਆਂ ਚੀਨੀਆਂ ਕੋਲੋਂ ਸਮਾਜਵਾਦ ਵਿਗਿਆਨਕ ਢੰਗ ਨਾਲ ਲਾਗੂ ਨਹੀਂ ਹੋ ਸਕਿਆ ਤਾਂ ਸਾਡਿਆਂ ਕੋਲ ਇਹਨੂੰ ਲਾਗੂ ਕਰਨ ਦਾ ਵੀ ਕੋਈ ਗੁਰ-ਮੰਤਰ ਮੈਨੂੰ ਦਿਖਾਈ ਨਹੀਂ ਦਿੰਦਾ।

## ਕੈਨੇਡਾ ਦਾ ਅਦਬੀ ਮਾਹੌਲ

*ਹੁਣ-ਬਦੇਸਾਂ ਵਿਚ ਵਸੇ ਪੰਜਾਬੀਆਂ ਬਾਰੇ ਤੁਹਾਡੀ ਕੋਈ ਲਿਖਤ ਅਜੇ ਸਾਹਮਣੇ ਨਹੀਂ ਆਈ ਹਾਲਾਂਕਿ ਹੁਣ ਕੁਝ ਵਰ੍ਹੇ ਤੁਹਾਨੂੰ ਕੈਨੇਡਾ ਜਾਂਦਿਆਂ ਆਉਂਦਿਆਂ ਹੋ ਗਏ ਹਨ। ਕੀ ਅਜੇ ਕੁਝ ਪਕੜ ਵਿਚ ਨਹੀਂ ਆਇਆ?*

ਸੰਧੂ -ਪਕੜ ਵਿਚ ਤਾਂ ਆ ਰਿਹੈ। ਪਰ ਏਥੇ ਵੀ ਇਹੋ ਸਮੱਸਿਆ ਹੈ ਕਿ ਜੋ ਕੁਝ ਪਹਿਲਾਂ ਹੀ ਲੋਕੀਂ ਪਰਵਾਸ ਬਾਰੇ ਲਿਖ ਚੁੱਕੇ ਹਨ ਜਾਂ ਤਾਂ ਉਸਤੋਂ ਵੱਖਰਾ ਜਾਂ ਨਵਾਂ ਕਰਾਂ ਜਾਂ ਹਾਲ ਦੀ ਘੜੀ ਚੁੱਪ ਰਹਾਂ। ਜਦੋਂ ਕੋਈ ਨਵੀਂ ਗੱਲ ਗੇੜ ਵਿਚ ਆਈ ਤੁਹਾਡਾ ਇਹ ਉਲ੍ਹਾਮਾ ਵੀ ਲਾਹ ਦਿਆਂਗਾ। ਹਾਲ ਦੀ ਘੜੀ ਤਾਂ ਅਪਣੀ ਕਹਾਣੀ 'ਜਮਰੌਦ' ਵੱਲ ਹੀ ਇਸ਼ਾਰਾ ਕਰਦਾ ਹਾਂ ਜਿਸ ਵਿਚ ਪਰਵਾਸ ਧਾਰਨ ਕਰਨ ਦੀ ਮਜਬੂਰੀ ਤੇ ਪੰਜਾਬੀ ਬੰਦੇ ਦੀ ਹੋਣੀ ਗੁੱਥ-ਮ-ਗੁੱਥਾ ਹੋਈਆਂ ਪਈਆਂ ਨੇ।

*ਹੁਣ-ਕੈਨੇਡਾ ਦੀ ਜੀਵਨ-ਸ਼ੈਲੀ ਤੇ ਅਦਬੀ ਮਾਹੌਲ ਬਾਰੇ ਤੁਹਾਡੇ ਪ੍ਰਭਾਵ ਕੀ ਹਨ?*

ਸੰਧੂ -ਕਨੇਡਾ ਦੇ ਸਿਹਤ ਤੇ ਸਿਖਿਆ ਦਾ ਪ੍ਰਬੰਧ; ਨਿਯਮਾਂ-ਕਾਨੂੰਨਾਂ ਦੀ ਪਾਲਣਾ; ਬੇਸਹਾਰਾ, ਬੀਮਾਰਾਂ ਤੇ ਬਜ਼ੁਰਗਾਂ ਦੀ ਸਾਂਭ-ਸੰਭਾਲ ਵੱਲ ਧਿਆਨ; ਕਸਰਾਂ ਤੇ ਖ਼ਾਮੀਆਂ ਦੇ ਬਾਵਜੂਦ ਬਹੁ-ਸਭਿਆਚਾਰਕ ਸਹਿਹੋਂਦ ਦੀ ਉਸਾਰੀ ਵੱਲ ਉਸ ਪ੍ਰਬੰਧ ਦੇ ਵਧਦੇ ਕਦਮ; ਸਾਫ਼-ਸਫ਼ਾਈ; ਰੋਜ਼ਾਨਾ ਜ਼ਿੰਦਗੀ ਦੀਆਂ ਸਹੂਲਤਾਂ ਦੀ ਕਠਨਾਈ ਰਹਿਤ ਪ੍ਰਾਪਤੀ; ਵੱਡੇ ਪੱਧਰ ਤੇ ਤਾਂ ਭਾਵੇਂ ਹੋਵੇ, ਤੇ ਹੈ ਵੀ, ਪਰ ਛੋਟੇ ਪੱਧਰ 'ਤੇ ਬਿਨਾਂ ਰਿਸ਼ਵਤ ਤੋਂ ਦਫ਼ਤਰਾਂ ਵਿਚ ਹੁੰਦੇ ਕੰਮ ਤੇ ਹੋਰ ਕਿੰਨਾ ਕੁਝ 'ਵੈਲਫ਼ੇਅਰ ਸਟੇਟ' ਵਾਲਾ ਪਰਸੰਸਾਯੋਗ ਹੈ। ਇਹ ਵੀ ਠੀਕ ਹੈ ਕਿ ਇਹਨਾਂ ਸਹੂਲਤਾਂ ਵਿਚ ਹੁਣ ਕੱਟ ਵੱਜਣੀ ਵੀ ਸ਼ੁਰੂ ਹੋ ਗਈ ਹੈ। ਜਿੱਥੋਂ ਤੱਕ ਅਪਣੇ ਪੰਜਾਬੀ ਭਾਈਚਾਰੇ ਦਾ ਸੰਬੰਧ ਹੈ, ਉਹ ਵੀ ਇਹਨਾਂ ਸਹੂਲਤਾਂ ਦਾ ਆਨੰਦ ਮਾਣਦੇ ਹਨ ਤੇ ਨਿਯਮ-ਕਾਨੂੰਨ ਦੀ ਪਾਲਣਾ ਕਰਨ ਲਈ ਮਜਬੂਰ ਹਨ। ਸਰਕਾਰ ਵੱਲੋਂ ਬਹੁ-ਸਭਿਆਚਾਰਕ ਹੋਂਦ ਨੂੰ ਹੁੰਗਾਰਾ ਭਰਨ ਸਦਕਾ ਇਹ ਵੀ ਹੋਇਆ ਹੈ ਕਿ ਅਸੀਂ ਓਥੇ ਵੀ ਵੱਡੇ ਜਲੂਸ ਕੱਢਦੇ ਹਾਂ, ਗੁਰਦੁਆਰੇ ਬਣਾਉਂਦੇ ਹਾਂ ਤੇ ਕਬਜ਼ੇ ਲਈ ਖ਼ੂਨੀ ਲੜਾਈਆਂ ਵੀ ਲੜਦੇ ਹਾਂ। ਦੂਜੇ ਪਾਸੇ ਤਰਕਸ਼ੀਲ ਤੇ ਖੱਬੇਪੱਖੀ ਵਿਚਾਰਧਾਰਾ ਨਾਲ ਜੁੜੇ ਹੋਰ ਲੋਕ ਵੀ ਨਾਟਕ-ਮੇਲੇ ਤੇ ਸਭਿਆਚਾਰਕ ਪ੍ਰੋਗਰਾਮ ਕਰਦੇ ਰਹਿੰਦੇ ਹਨ।

ਜਿੱਥੋਂ ਤੱਕ ਅਦਬੀ ਮਾਹੌਲ ਦਾ ਸੰਬੰਧ ਹੈ, ਹਰੇਕ ਵੱਡੇ ਸ਼ਹਿਰ ਵਿਚ ਇਕ ਤੋਂ ਵਧੇਰੇ ਸਾਹਿਤਕ ਜਥੇਬੰਦੀਆਂ ਕਾਰਜਸ਼ੀਲ ਹਨ। ਇਹਨਾਂ ਨਾਲ ਜੁੜੇ ਲੇਖਕ ਮਹੀਨੇਵਾਰ ਸਾਹਿਤਕ ਇਕੱਠ ਵੀ ਕਰਦੇ ਹਨ, ਅਪਣੇ ਲੇਖਕਾਂ ਦੀਆਂ ਕਿਤਾਬਾਂ ਰਿਲੀਜ਼ ਕਰਦੇ ਹਨ ਤੇ ਗੋਸ਼ਟੀਆਂ ਵੀ ਕਰਦੇ ਹਨ। ਚੰਗੇ ਲੇਖਕਾਂ ਦਾ ਸਨਮਾਨ ਵੀ ਕਰਦੇ ਹਨ। ਸਾਹਿਤਕ ਸਭਿਆਚਾਰ ਨੂੰ ਹੁਲਾਰਾ ਦੇਣ ਲਈ ਕੁਝ ਸ਼ਹਿਰਾਂ ਵਿਚ ਕੌਮੀ ਤੇ ਕੌਮਾਂਤਰੀ ਕਾਨਫ਼ਰੰਸਾਂ ਵੀ ਕੀਤੀਆਂ ਗਈਆਂ ਹਨ। ਇਹਨਾਂ ਕਾਨਫ਼ਰੰਸਾਂ ਵਿਚ ਭਾਰਤ ਤੇ ਦੂਜੇ ਮੁਲਕਾਂ ਤੋਂ ਵੀ ਵਿਦਵਾਨਾਂ ਤੇ ਲੇਖਕਾਂ ਨੂੰ ਬੁਲਾਇਆ ਜਾਂਦਾ ਹੈ। ਕਨੇਡਾ ਸਰਕਾਰ ਵੀ ਇਹਨਾਂ ਮਾਮਲਿਆਂ ਵਿਚ ਗਰਾਂਟਾਂ ਦੇ ਕੇ ਉਹਨਾਂ ਦੀ ਮਦਦ ਕਰਦੀ ਹੈ। ਇਸ ਵਿਚ ਵੀ ਸ਼ੱਕ ਨਹੀਂ ਕਿ ਗੁਰਦੁਆਰਿਆਂ ਵਿਚਲੀ ਧੜੇਬੰਦੀ ਵਾਂਗ ਲੇਖਕ ਅਦਾਰੇ ਵੀ ਧੜੇਬੰਦੀ ਤੋਂ ਮੁਕਤ ਨਹੀਂ। ਪਿਛਲੇ ਸਾਲ ਟਰਾਂਟੋ ਵਿਚ ਹੋਈ 'ਵਿਸ਼ਵ ਪੰਜਾਬੀ ਕਾਨਫ਼ਰੰਸ' ਕਰਵਾਉਣ ਵਾਲੇ ਧੜੇ ਵੱਲੋਂ ਟਰਾਂਟੋ ਵਿਚ ਵੱਸਦੇ ਨਾਮਵਰ ਲੇਖਕਾਂ ਨੂੰ ਹੀ ਸੱਦਾ ਨਹੀਂ ਸੀ ਦਿੱਤਾ ਗਿਆ। ਕੁਲ ਮਿਲਾ ਕੇ ਭਾਰਤ ਵਾਲੇ ਸਾਰੇ ਰੰਗ ਓਥੋਂ ਦੇ ਪੰਜਾਬੀਆਂ ਵਿਚ ਮਿਲ ਜਾਂਦੇ ਨੇ।

*ਹੁਣ- ਇੱਕ ਮੁਲਾਕਾਤ ਵਿਚ ਤੁਸੀਂ ਕਿਹਾ ਹੈ ਕਿ ਤੁਹਾਡੇ ਕੈਨੇਡਾ ਆਉਣ ਨਾਲ ਕਈ ਲੋਕਾਂ ਨੂੰ ਖੁਸ਼ੀ ਜਹੀ ਨਹੀਂ ਹੋਈ ਲਗਦੀ। ਇਹਦਾ ਕੀ ਕਾਰਨ ਸਮਝ ਆਉਂਦਾ ਹੈ?*

ਸੰਧੂ -ਇਹਦਾ ਜਵਾਬ ਦੇਣ ਲਈ ਗੁਰੂ ਨਾਨਕ ਦੇਵ ਜੀ ਦੇ ਮੁਲਤਾਨ ਜਾਣ ਵਾਲੀ ਸਾਖੀ ਯਾਦ ਆਉਂਦੀ ਹੈ। ਮੁਲਤਾਨ ਫ਼ਕੀਰਾਂ-ਦਰਵੇਸ਼ਾਂ ਦੇ ਸ਼ਹਿਰ ਦੇ ਤੌਰ 'ਤੇ ਪ੍ਰਸਿੱਧ ਸੀ। ਗੁਰੂ ਜੀ ਨੇ ਸ਼ਹਿਰ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਦਰਵੇਸ਼ਾਂ ਤੋਂ ਸ਼ਹਿਰ ਵਿਚ ਦਾਖ਼ਲ ਹੋਣ ਦੀ ਸੰਕੇਤਿਕ ਆਗਿਆ ਮੰਗੀ ਤਾਂ ਉਹਨਾਂ ਨੇ ਗੁਰੂ ਜੀ ਨੂੰ ਦੁੱਧ ਦਾ ਨੱਕੋ-ਨੱਕ ਭਰਿਆ ਛੰਨਾ ਪੇਸ਼ ਕੀਤਾ; ਜਿਸਦਾ ਭਾਵ ਸੀ ਕਿ ਸ਼ਹਿਰ ਪਹਿਲਾਂ ਹੀ ਦਰਵੇਸ਼ਾਂ ਨਾਲ ਦੁੱਧ ਦੇ ਛੰਨੇ ਵਾਂਗ ਭਰਿਆ ਹੋਇਆ ਹੈ; ਜਿਵੇਂ ਛੰਨੇ ਵਿਚ ਦੁੱਧ ਦੀ ਹੋਰ ਤਿੱਪ ਵੀ ਨਹੀਂ ਪੈ ਸਕਦੀ ਓਸੇ ਤਰ੍ਹਾਂ ਸ਼ਹਿਰ ਵਿਚ ਨਵੇਂ ਫ਼ਕੀਰ ਲਈ ਏਥੇ ਆਉਣ ਜਾਂ ਰਹਿਣ ਦੀ ਥਾਂ ਅਤੇ ਗੁੰਜਾਇਸ਼ ਕੋਈ ਨਹੀਂ। ਗੁਰੂ ਜੀ ਨੇ ਦੁੱਧ ਦੇ ਭਰੇ ਛੰਨੇ ਉੱਤੇ ਇਕ ਕਲੀ ਰੱਖ ਦਿੱਤੀ। ਕਲੀ ਦੁੱਧ ਉੱਤੇ ਤਰਨ ਲੱਗੀ ਪਰ ਦੁੱਧ ਡੁੱਲ੍ਹਾ ਵੀ ਨਾ। ਗੁਰੂ ਜੀ ਨੇ ਸੰਕੇਤ ਦਿੱਤਾ ਕਿ ਮੈਂ ਇਸ ਕਲੀ ਵਾਂਗ ਹੀ ਇਸ ਸ਼ਹਿਰ ਵਿਚ ਅਡੋਲ ਟਿਕ ਜਾਵਾਂਗਾ ਤੇ ਮੇਰੀ ਹੋਂਦ ਕਿਸੇ ਹੋਰ ਦਾ ਥਾਂ ਨਹੀਂ ਮੱਲੇਗੀ। ਸੋ ਹਜ਼ੂਰ! ਅਸੀਂ ਅਪਣੇ ਗੁਰੂ ਤੋਂ ਸਿਖਿਆ ਲੈ ਕੇ ਦੁੱਧ ਦੇ ਭਰੇ ਛੰਨੇ ਉੱਤੇ ਅਪਣੀ ਕਲੀ ਰੱਖ ਦਿੱਤੀ ਤੇ ਹੌਲੀ ਹੌਲੀ ਬਿਨਾ ਕਿਸੇ ਦਾ

ਥਾਂ ਮੱਲਿਆਂ, ਓਥੋਂ ਦੇ ਬਹੁਤ ਸਾਰੇ ਲੇਖਕਾਂ, ਸਾਹਿਤਕਾਰਾਂ ਦੇ ਦਿਲ ਵਿਚ ਆਪ੍ਰਕਾਰ ਅਪਣਾ ਥਾਂ ਬਣਾ ਹੀ ਲਿਆ ਹੈ। ਮੈਨੂੰ ਬਹੁਤ ਖ਼ੁਸ਼ੀ ਤੇ ਤਸੱਲੀ ਹੈ ਕਿ ਓਥੋਂ ਦੇ ਲੇਖਕਾਂ ਦਾ ਬਹੁਤ ਵੱਡਾ ਵਰਗ ਮੈਨੂੰ ਪਿਆਰ ਕਰਨ ਤੇ ਆਦਰ ਦੇਣ ਲੱਗਾ ਹੈ। ਇਸਦਾ ਇਕ ਕਾਰਨ ਸ਼ਾਇਦ ਇਹ ਵੀ ਹੈ ਕਿ ਮੈਂ ਓਥੇ ਵੱਸਦੇ ਲੇਖਕਾਂ ਦੇ ਬਣੇ ਕੱਦ ਨੂੰ ਨਾ ਤਾਂ ਛੋਟਾ ਕਰਨ ਤੇ ਨਾ ਆਪ ਵੱਡਾ ਦਿਸਣ ਦਾ ਯਤਨ ਕੀਤਾ ਹੈ। ਜਦੋਂ ਤੁਸੀਂ ਵੱਡੇ ਬਣਨ ਜਾਂ ਦਿਸਣ ਦੀ ਕੋਸ਼ਿਸ਼ ਨਹੀਂ ਕਰਦੇ ਤੇ ਅਗਲੇ ਦੀ ਬਣਦੀ ਹੋਂਦ ਨੂੰ ਮੁਹੱਬਤ ਨਾਲ ਤਸਲੀਮ ਕਰਦੇ ਹੋ ਤਾਂ ਅਗਲਿਆਂ ਦਾ ਖ਼ੌਫ਼ ਵੀ ਦੂਰ ਹੋ ਜਾਂਦਾ ਹੈ ਤੇ ਉਹ ਵੀ ਤੁਹਾਨੂੰ ਲੋੜੀਂਦਾ ਆਦਰ ਦੇਣ ਲਈ ਤਿਆਰ ਹੋ ਜਾਂਦੇ ਹਨ। ਮੇਰੇ ਨਾਲ ਵੀ ਇੰਜ ਹੀ ਹੋਇਆ ਹੈ। ਕਨੇਡਾ ਦੇ 'ਫ਼ਕੀਰਾਂ' ਦਾ ਖ਼ੌਫ਼ ਜਾਦਾ ਰਿਹਾ ਹੈ।

## ਆਲੋਚਕਾਂ ਦੀ ਮਿਹਰਬਾਨੀ

*ਹੁਣ-ਕੀ ਇਹ ਸੱਚ ਹੈ ਕਿ ਪੰਜਾਬੀ ਆਲੋਚਕਾਂ ਦੀ ਤੁਹਾਡੇ 'ਤੇ ਕਾਫੀ ਮਿਹਰਬਾਨੀ ਰਹੀ। ਬੜਾ ਰੌਲਾ ਸੁਣੀਦਾ ਹੈ ਕਈ ਲੇਖਕਾਂ ਦਾ ਕਿ ਉਹ ਗੌਲੇ ਹੀ ਨਹੀਂ ਜਾ ਰਹੇ।*

ਸੰਧੂ -ਇਹ ਜ਼ਰੂਰ ਹੈ ਕਿ ਮੇਰੇ ਬਾਰੇ ਪੰਜਾਬੀ ਦੇ ਹਰੇਕ ਕਹਿੰਦੇ ਕਹਾਉਂਦੇ ਆਲੋਚਕ ਨੇ ਲਿਖਿਆ ਹੈ। ਸਿਵਾਇ ਡਾ ਹਰਿਭਜਨ ਸਿੰਘ ਦੇ; ਪਰ ਉਸਨੇ ਵੀ ਸਾਹਿਤ ਅਕਾਦਮੀ ਦਾ ਇਨਾਮ ਮਿਲਣ ਵੇਲੇ ਮੇਰੇ ਬਾਰੇ ਬੜੀ ਵਧੀਆ ਟਿੱਪਣੀ ਲਿਖ ਕੇ ਪਿਛਲਾ ਉਲ੍ਹਾਮਾ ਵੀ ਲਾਹ ਦਿੱਤਾ ਤੇ ਉਦੋਂ ਤੱਕ ਮੇਰੇ ਬਾਰੇ ਕੁਝ ਨਾ ਲਿਖ ਸਕਣ ਬਾਰੇ ਅਪਣੇ ਆਪ ਨਾਲ ਗਿਲਾ ਵੀ ਕੀਤਾ। ਕਿਰਪਾ ਕਰਕੇ ਤੁਸੀਂ ਆਲੋਚਕਾਂ ਦਾ ਮੇਰੇ ਉੱਤੇ 'ਮਿਹਰਬਾਨ ਹੋਣਾ' ਨਾ ਆਖੋ। ਮਿਹਰਬਾਨੀ ਵਿਚ ਰਿਆਇਤ ਦਾ ਅੰਸ਼ ਸ਼ਾਮਲ ਹੈ। ਕਿਸੇ ਆਲੋਚਕ ਨੇ ਮੇਰੇ ਨਾਲ ਰਿਆਇਤ ਨਹੀਂ ਕੀਤੀ। ਰਿਆਇਤ ਜਾਂ ਮਿਹਰਬਾਨੀ ਕੋਈ ਕਿਉਂ ਕਰੇਗਾ? ਮੈਂ ਕਿਹੜਾ ਕਿਸੇ ਦੇ ਕੱਟੇ-ਵੱਛੇ ਚਾਰਦਾ ਰਿਹਾਂ। ਨਾ ਮੈਂ ਖਾਂਦਾ-ਪੀਂਦਾਂ ਤੇ ਨਾਂ ਕਦੀ ਕੋਈ ਰਿਆਇਤ ਲੈਣ ਲਈ ਕਿਸੇ ਨੂੰ ਕਦੀ ਪਾਰਟੀਆਂ-ਸ਼ਾਰਟੀਆਂ ਦਿੱਤੀਆਂ। ਨਾ ਕਿਸੇ ਆਲੋਚਕ ਨੂੰ ਅਪਣੇ ਬਾਰੇ ਲਿਖਣ-ਲਿਖਾਉਣ ਲਈ ਕਦੀ ਬੇਨਤੀਆਂ ਕੀਤੀਆਂ। ਜੇ ਕਿਸੇ ਨੂੰ ਬੇਨਤੀ ਕੀਤੀ ਹੈ ਤਾਂ ਕੋਈ ਦੱਸੇ। ਨਾ ਆਪ ਕਦੀ ਅਪਣੀ ਕਿਸੇ ਕਿਤਾਬ 'ਤੇ ਕਦੀ ਗੋਸ਼ਟੀ ਕਰਵਾਈ। ਮੇਰੇ ਪਾਠਕ, ਪ੍ਰਸੰਸਕ ਤੇ ਦੋਸਤ ਮਿੱਤਰ ਆਪ ਹੀ ਅਜਿਹਾ ਕਰਦੇ ਰਹੇ। ਸਭ ਤੋਂ ਵੱਡੀ ਗੱਲ ਇਹ ਕਿ ਨਾ ਮੈਂ ਕਿਸੇ ਅਜਿਹੇ ਅਹੁਦੇ ਜਾਂ ਪੁਜੀਸ਼ਨ 'ਤੇ ਰਿਹਾਂ ਕਿ ਕਿਸੇ ਦਾ ਕਦੀ ਕੁਝ ਸਵਾਰ ਸਕਦਾ ਹੋਵਾਂ ਜਿਸ ਕਰਕੇ ਅਗਲਾ ਕਿਸੇ ਲਾਲਚ ਵੱਸ ਮੇਰੀ ਤਾਰੀਫ਼ ਕਰਨ ਲਈ ਮਜਬੂਰ ਹੋਵੇ। ਮੇਰਾ ਤਾਂ ਇਹ ਮੰਨਣਾ ਹੈ ਕਿ ਪੰਜਾਬੀ ਪਾਠਕ ਤਾਂ ਬਹੁਤ ਹੀ ਦਿਆਲੂ ਹੈ। ਤੁਸੀਂ ਚੰਗੀ ਲਿਖਤ ਲਿਖੋ ਸਹੀ, ਉਹ ਉਸਦਾ ਕਈ ਗੁਣਾ ਵੱਧ ਮੁੱਲ ਮੋੜਨ ਲਈ ਸਦਾ ਤਿਆਰ ਰਹਿੰਦਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਮੇਰੇ 'ਤੇ ਆਲੋਚਕਾਂ ਨਾਲੋਂ ਵੀ ਵੱਧ, ਪੰਜਾਬੀ ਪਾਠਕਾਂ ਦੀ ਮਿਹਰਬਾਨੀ ਰਹੀ ਹੈ। ਮੇਰੀਆਂ ਕਹਾਣੀਆਂ ਬਾਰੇ ਕੁਝ ਇਕ ਧਿਰਾਂ ਵੱਲੋਂ ਸਮੇਂ ਸਮੇਂ ਉਠਾਏ ਗਏ ਸ਼ੰਕਿਆਂ ਤੇ ਸਵਾਲਾਂ ਦੇ ਜਵਾਬ ਆਲੋਚਕਾਂ ਤੋਂ ਵੀ ਪਹਿਲਾਂ ਪਾਠਕ ਦਿੰਦੇ ਰਹੇ ਤੇ ਮੇਰੀਆਂ ਕਹਾਣੀਆਂ ਦੇ ਅਸਲੀ ਅਰਥਾਂ ਨੂੰ ਰੌਸ਼ਨੀ ਵਿਚ ਲਿਆਉਣ ਦਾ ਪਹਿਲਾ ਉੱਦਮ ਕਰਦੇ ਰਹੇ। ਉਹਨਾਂ ਨੇ ਮੇਰੇ ਕੀਤੇ ਦਾ ਲੋੜੋਂ ਵੱਧ ਮੁੱਲ ਪਾ ਕੇ ਮੈਨੂੰ ਖੜਾ ਕੀਤਾ ਹੈ। ਨਹੀਂ ਤਾਂ ਦੂਰ ਬਾਰਡਰ 'ਤੇ ਬੈਠੇ; ਧਨ, ਰੁਤਬੇ, ਉੱਚੇ ਸੰਬੰਧਾਂ ਤੋਂ ਵਿਰਵੇ ਬੰਦੇ ਨੂੰ ਕੀਹਨੇ ਪੁੱਛਣਾ ਸੀ! ਜਿਹੜੇ ਕਹਿੰਦੇ ਹਨ ਕਿ ਉਹਨਾਂ ਨੂੰ ਕੋਈ ਪੁੱਛਦਾ ਨਹੀਂ, ਉਹ ਅਪਣੇ ਅੰਦਰ ਤੇ ਅਪਣੀ ਲਿਖਤ 'ਤੇ ਝਾਤੀ ਮਾਰਨ ਤਾਂ ਚੰਗਾ ਹੈ। ਇਹ ਠੀਕ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਸਵੈ-ਪ੍ਰਦਰਸ਼ਨ ਦਾ ਸਿਲਸਿਲਾ ਕੁਝ ਵਧੇਰੇ ਹੀ ਚੱਲ ਪਿਆ ਹੈ। ਖੋਟੇ ਸਿੱਕੇ ਅਪਣੇ ਆਪ ਨੂੰ ਚਲਾਉਣ ਦਾ ਕੁਝ ਵੱਧ ਯਤਨ ਕਰਨ ਲੱਗੇ ਹਨ। ਧੜੇ-ਬਾਜ਼ੀਆਂ ਵਿਚ ਪੈ ਕੇ ਵੀ ਅਪਣੇ ਬੰਦਿਆਂ ਦੀ ਲੋੜੋਂ ਵੱਧ ਪਰਸੰਸਾ ਤੇ ਗੁਣ-ਗਾਨ ਕਰਨ ਦਾ ਰੁਝਾਨ ਵਧ ਗਿਆ ਹੈ। ਜਿਹੜੇ ਇਹ ਕੁਝ ਕਰਨ ਦੀ ਸਮਰੱਥਾ ਨਹੀਂ ਰੱਖਦੇ ਉਹਨਾਂ ਨੂੰ ਲੱਗਦਾ ਹੈ ਕਿ ਅਪਣੀ ਚਰਚਾ ਆਪ ਕਰਵਾਉਣ ਵਾਲੇ ਉਹਨਾਂ ਤੋਂ ਅੱਗੇ ਲੰਘ ਜਾਣਗੇ। ਹੋ ਸਕਦਾ ਹੈ ਕੁਝ ਦੇਰ ਲਈ ਅਪਣਾ ਪਰਚਾਰ ਆਪ ਕਰਨ ਵਾਲਿਆਂ ਦਾ ਮੁਲੰਮਾਂ ਚਮਕਦਾ ਦਿਸਦਾ ਰਹੇ ਪਰ ਹਕੀਕਤ ਇਹ ਹੈ ਕਿ ਨਾ ਚੰਗਾ ਲੇਖਕ ਤੇ ਨਾ ਚੰਗੀ ਲਿਖਤ ਕਦੀ ਅਣਗੌਲੀ ਰਹਿੰਦੀ ਹੈ। ਦੇਰ ਸਵੇਰ ਉਹਦੀ ਤਾਕਤ ਨੇ ਲਿਸ਼ਕ ਉੱਠਣਾ ਹੁੰਦਾ ਹੈ।

## ਕਹਾਣੀਆਂ ਵਿਚ ਵਰਿਆਮ

*ਹੁਣ- ਕਈ ਕਾਮਰੇਡ ਤੁਹਾਨੂੰ ਪਾਰਟੀ ਵਿਰੋਧੀ ਕਹਿੰਦੇ ਰਹੇ ਤੇ ਕਈ ਦਲਿਤ-ਵਾਦੀਏ ਦਲਿਤ ਵਿਰੋਧੀ। ਅਸਲ ਵਿਚ ਵਰਿਆਮ ਹੈ ਕੀ ਜੋ ਕਹਾਣੀਆਂ ਵਿਚੋਂ ਦਿਸਦਾ ਏ?*

ਸੰਧੂ -ਪੰਜਾਬੀ ਸਾਹਿਤ ਵਿੱਚ ਇਹ ਪਹਿਲੀ ਵਾਰ ਸੀ ਕਿ ਮੈਂ ਅਪਣੀਆਂ ਕਹਾਣੀਆਂ ਵਿੱਚ ਖੱਬੇ-ਪੱਖੀਆਂ ਨੂੰ ਵਿਅੰਗ ਦਾ ਨਿਸ਼ਾਨਾ ਬਣਾਇਆ। ਇਹ ਵਿਅੰਗ ਕਿਸੇ ਦੁਸ਼ਮਣ ਧਿਰ ਵੱਲੋਂ ਕਿਸੇ ਦੂਜੀ ਦੁਸ਼ਮਣ ਧਿਰ ਨੂੰ ਢਾਹ ਲਾਉਣ ਲਈ ਨਹੀਂ ਸੀ ਕੀਤਾ ਗਿਆ, ਸਗੋਂ ਦੋਸਤ ਧਿਰ ਵੱਲੋਂ ਦੂਜੀ ਦੋਸਤ ਧਿਰ ਦੀਆਂ ਗ਼ਲਤੀਆਂ 'ਤੇ ਉਂਗਲ ਧਰਨ ਅਤੇ ਉਹਨਾਂ ਵਿੱਚ ਹੋਇਆ ਸੁਧਾਰ ਵੇਖਣ ਦਾ ਤਲਬਗਾਰ ਸੀ। ਜਦੋਂ ਮੈਂ ਇਹਨਾਂ ਗ਼ਲਤੀਆਂ ਜਾਂ ਕਮਜ਼ੋਰੀਆਂ ਨੂੰ ਵਿਅੰਗ ਦਾ ਨਿਸ਼ਾਨਾ ਬਣਾ ਰਿਹਾ ਸਾਂ ਤਾਂ ਮੇਰੀ ਰੀਝ ਇਹੋ ਹੀ ਸੀ ਕਿ ਕਾਸ਼! ਸਾਡੇ ਆਪਣਿਆਂ ਵਿੱਚ ਇਹ ਕਮਜ਼ੋਰੀਆਂ ਨਾ ਹੁੰਦੀਆਂ ਤਾਂ ਸ਼ਾਇਦ ਅਸੀਂ ਸਿਆਸਤ ਵਿੱਚ ਇੰਜ ਲੋਕ-ਸਾਥ ਤੋਂ ਵਿਰਵੇ ਨਾ ਹੁੰਦੇ। 'ਡੁੱਬਦਾ ਚੜ੍ਹਦਾ', 'ਨਾਇਕ', 'ਅਸਲੀ ਅਤੇ ਵੱਡੀ ਹੀਰ' ਅਤੇ ਪਿੱਛੋਂ ਜਾ ਕੇ 'ਭੱਜੀਆਂ ਬਾਹੀਂ", 'ਦਲਦਲ' ਅਤੇ 'ਕੁਰਾਹੀਆ' ਆਦਿ ਅਜਿਹੀਆਂ ਕਹਾਣੀਆਂ ਹਨ, ਜਿਨ੍ਹਾਂ ਵਿੱਚ ਕਮਿਊਨਿਸਟ ਲਹਿਰ ਦੀਆਂ ਕਮਜ਼ੋਰੀਆਂ ਨੂੰ ਵਿਅੰਗ ਦਾ ਨਿਸ਼ਾਨਾ ਬਣਾਇਆ ਗਿਆ। ਮੇਰੀ ਰਚਨਾ-ਦ੍ਰਿਸ਼ਟੀ ਨੂੰ ਗਹਿਰੇ ਉੱਤਰ ਕੇ ਨਾ ਸਮਝ


ਬਲਦੇਵ ਧਾਲੀਵਾਲ, ਡਾ. ਸੁਰਜੀਤ, ਬਲਜਿੰਦਰ ਨਸਰਾਲੀ ਅਤੇ ਬਲਵਿੰਦਰ ਗਰੇਵਾਲ ਨਾਲ।

ਸਕਣ ਕਾਰਨ ਹੀ ਅਜਿਹਾ ਵਾਪਰਿਆ। ਪਰ ਛੇਤੀ ਹੀ ਮੇਰੀ ਰਚਨਾ ਦੇ ਸਿਆਣੇ ਅਤੇ ਸੁਹਿਰਦ ਪਾਠਕਾਂ-ਆਲੋਚਕਾਂ ਵੱਲੋਂ ਮੇਰੀ ਰਚਨਾ ਦੀ ਮੂਲ ਸੁਰ ਨੂੰ ਸਮਝਣ/ਸਮਝਾਉਣ ਦੇ ਫ਼ਲਸਰੂਪ ਹੌਲੀ ਹੌਲੀ ਮੇਰੇ 'ਕਮਿਊਨਿਸਟ ਵਿਰੋਧ' ਦੀ ਸਚਾਈ ਮੇਰੀ ਆਲੋਚਨਾ ਕਰਨ ਵਾਲੇ ਤਿੱਖੇ 'ਪ੍ਰਗਤੀਵਾਦੀਆਂ' ਨੂੰ ਵੀ ਪਤਾ ਲੱਗਣੀ ਸ਼ੁਰੂ ਹੋ ਗਈ ਅਤੇ ਉਹਨਾਂ ਦਾ ਵਿਰੋਧ ਵੀ ਮੱਠਾ ਪੈ ਗਿਆ।

ਸੋ ਨਾ ਤਾਂ ਮੈਂ ਕਮਿਊਨਿਸਟ ਵਿਰੋਧੀ ਹਾਂ ਤੇ ਨਾ ਹੀ ਦਲਿਤ-ਵਿਰੋਧੀ। ਮੈਂ ਤਾਂ ਆਪ ਦਲਿਤ ਹਾਂ, ਦਲਿਤ-ਜੱਟ। ਦਲਿਤਾਂ ਦਾ ਯਾਰ ਹਾਂ। ਬਚਪਨ ਤੋਂ ਹੁਣ ਤੱਕ ਮੇਰੇ ਯਾਰਾਂ-ਦੋਸਤਾਂ ਦੀ ਸੂਚੀ ਵਿਚ ਤਥਾਕਥਿਤ ਦਲਿਤਾਂ ਤੇ ਪਛੜੇ ਆਖੀਆਂ ਜਾਣ ਵਾਲੀਆਂ ਸ਼੍ਰੇਣੀਆਂ ਵਿਚੋਂ ਆਏ ਲੋਕ ਸਭ ਤੋਂ ਵੱਧ ਗਿਣਤੀ ਵਿਚ ਹਨ। ਸੱਚੀ ਗੱਲ ਤਾਂ ਇਹ ਹੈ ਕਿ ਮੈਂ ਵਿਹਾਰ ਦੀ ਪੱਧਰ 'ਤੇ ਵੀ ਕਦੀ 'ਜੱਟ' ਦਿਸਣ ਦਿਖਾਉਣ ਦੀ ਕੋਸ਼ਿਸ਼ ਨਹੀਂ ਕੀਤੀ ਨਾ ਹੀ ਕਦੀ ਕੋਈ 'ਦਲਿਤਵਾਦੀਆ' ਇਹ ਕਹਿ ਸਕਦਾ ਹੈ ਕਿ ਮੈਂ ਕਦੀ ਕਿਸੇ ਦੀ ਜਾਤ ਨੂੰ ਲੈ ਕੇ ਉਹਨੂੰ ਕਿਸੇ ਕਿਸਮ ਦਾ ਮਿਹਣਾ ਮਾਰਿਆ ਹੋਵੇ। ਜਿਹੜੇ ਮੇਰੇ ਦਲਿਤ ਯਾਰ-ਬੇਲੀ ਮੇਰੇ ਬਚਪਨ ਤੋਂ ਜਾਣੂ ਤੇ ਸਨੇਹੀ ਹਨ, ਉਹ ਬੜੀ ਚੰਗੀ ਤਰ੍ਹਾਂ ਮੇਰੇ ਕਿਰਦਾਰ ਨੂੰ ਜਾਣਦੇ ਹਨ। ਜਿਨ੍ਹਾਂ ਵੱਲ ਤੁਹਾਡਾ ਇਸ਼ਾਰਾ ਹੈ, ਉਹਨਾਂ ਬਾਰੇ ਮੈਂ ਸੋਚਦਾਂ ਕਿ ਸਾਡੇ ਹੀ ਬੱਚੇ ਨੇ, ਇਹਨਾਂ ਨਾਲ ਕਾਹਦੀ ਲੜਾਈ! ਨਾਲੇ ਬੱਚਿਆਂ ਨੂੰ ਤਾਂ ਪਤਾ ਨਹੀਂ ਲੱਗਦਾ ਕਿ ਅਣਜਾਣਪੁਣੇ ਵਿਚ ਉਹ ਕੀ ਕਹਿ ਤੇ ਕਰ ਰਹੇ ਹਨ ਪਰ ਵੱਡੇ ਤਾਂ ਜਾਣਦੇ ਹੁੰਦੇ ਨੇ ਕਿ 'ਹਕੀਕਤ' ਕੀ ਹੈ। ਜੇ ਜਵਾਨੀ ਦੇ ਜੋਸ਼ ਵਿਚ ਸਿਰ ਚੜ੍ਹੇ ਤਾਜ਼ਾ ਉਲਾਰ ਕਾਰਨ ਉਹ ਕੁਝ ਆਖ ਵੀ ਜਾਣ ਤਾਂ ਕਾਹਦਾ ਗੁੱਸਾ ਕਰਨਾ ਹੋਇਆ। ਜਦੋਂ ਸਿਆਣੇ ਹੋ ਗਏ ਆਪੇ ਸਚਾਈ ਸਮਝ ਜਾਣਗੇ। ਦਲਿਤ ਸ਼੍ਰੇਣੀਆਂ ਨਾਲ ਸੰਬੰਧ ਰੱਖਣ ਵਾਲੇ ਜਾਂ ਦਲਿਤ ਜੀਵਨ ਦੇ ਚਿਤੇਰੇ ਕਈ ਵੱਡੇ ਲੇਖਕਾਂ ਨਾਲ ਮੇਰੇ ਕਈ ਦਹਾਕਿਆਂ ਤੋਂ ਮਧੁਰ ਸੰਬੰਧ ਹਨ। ਉਂਜ ਤੁਹਾਡੀ ਗੱਲ ਠੀਕ ਹੈ ਜੇ ਕਿਸੇ ਨੇ ਮੇਰੀ ਕਮਿਊਨਿਸਟਾਂ ਤੇ ਦਲਿਤਾਂ ਨਾਲ ਮੇਰੀ ਸਾਂਝ ਜਾਂ ਵਿਰੋਧ ਨੂੰ ਵੇਖਣਾ ਹੈ ਤਾਂ ਉਹ ਮੇਰੀ ਲਿਖਤ ਨੂੰ ਬਰੀਕੀ ਨਾਲ ਪੜ੍ਹੇ ਵਾਚੇ। 'ਅਸਲੀ ਵਰਿਆਮ ਕਹਾਣੀਆਂ ਵਿਚ ਹੀ ਹੈ।'

## ਪੁਸਤਕ ਮੇਲੇ 'ਤੇ ਧਮਕੀ

*ਹੁਣ-ਦੇਸ਼ ਭਗਤ ਹਾਲ ਵਿਚ ਪਿਛਲੇ ਦਿਨੀ ਹੋਏ ਪੁਸਤਕ ਮੇਲੇ ਉੱਤੇ ਕੀਤੇ ਤੁਹਾਡੇ ਭਾਸ਼ਨ ਬਾਰੇ ਤੁਹਾਨੂੰ, ਬੋਲੇ ਸ਼ਬਦਾਂ ਦਾ ਖ਼ਮਿਆਜ਼ਾ ਭੁਗਤਣ ਦੀ, ਕਿਸੇ ਨੇ ਧਮਕੀ ਦਿੱਤੀ ਸੁਣੀ ਹੈ; ਅਸਲ ਵਿਚ ਕੀ ਗੱਲ ਹੋਈ ਸੀ।*

ਸੰਧੂ -ਗੱਲ ਇਸਤਰ੍ਹਾਂ ਹੋਈ ਕਿ ਮੈਂ ਪੁਸਤਕ ਸਭਿਆਚਾਰ ਨੂੰ ਪੰਜਾਬ ਵਿਚ ਪ੍ਰਫੁੱਲਤ ਕਰਨ ਬਾਰੇ ਬੋਲ ਰਿਹਾ ਸਾਂ। ਗੱਲ ਕਰਦਿਆਂ ਮੈਂ ਕਿਹਾ ਕਿ 'ਅਸਲ ਵਿਚ ਅੱਜ ਕੱਲ੍ਹ ਕਿਤਾਬਾਂ ਬੜੀ ਵੱਧ ਗਿਣਤੀ ਵਿਚ ਛਪਣ ਲੱਗ ਪਈਆਂ ਹਨ, ਜਿਨ੍ਹਾਂ ਵਿਚ ਪੜ੍ਹਣਯੋਗ ਬਹੁਤ ਘੱਟ ਹੁੰਦੀਆਂ ਨੇ; ਇਸ ਲਈ ਪਾਠਕ ਨੂੰ ਪੁਸਤਕ ਖ਼ਰੀਦਣ ਲੱਗਿਆਂ 'ਠੀਕ' ਜਾਂ 'ਚੰਗੀ' ਪੁਸਤਕ ਦੀ ਚੋਣ ਕਰਨ ਵਿਚ ਬੜੀ ਮੁਸ਼ਕਲ ਆਉਂਦੀ ਹੈ। ਪਾਠਕ ਨੂੰ ਠੀਕ ਪੁਸਤਕ ਦੀ ਚੋਣ ਕਰਨ ਲਈ ਸਾਡੀਆਂ ਅਖ਼ਬਾਰਾਂ ਤੇ ਪਰਚੇ ਵੀ ਯੋਗਦਾਨ ਪਾ ਸਕਦੇ ਹਨ। ਜਿਹੜਾ ਪ੍ਰਬੁੱਧ ਪਾਠਕ ਕੋਈ ਚੰਗੀ ਕਿਤਾਬ ਪੜ੍ਹੇ, ਉਹ ਪੰਜ-ਸੱਤ ਸਤਰਾਂ ਵਿਚ ਉਸ ਕਿਤਾਬ ਦੀਆਂ ਵਿਸ਼ੇਸ਼ਤਾਵਾਂ ਜਾਂ ਚੰਗਿਆਈਆਂ ਬਾਰੇ ਅਖ਼ਬਾਰਾਂ ਜਾਂ ਪਰਚਿਆਂ ਵਿਚ ਲਿਖ ਕੇ ਆਪਣੀ ਰਾਇ ਦੇ ਕੇ ਦੱਸੇ ਕਿ ਇਹ ਪੁਸਤਕ ਕਿਉਂ ਪੜ੍ਹਨ-ਯੋਗ ਹੈ।'

ਇਸ ਪ੍ਰਸੰਗ ਵਿਚ ਮੈਂ ਹੋਰ ਵੀ ਕਈ ਨੁਕਤੇ ਸਾਂਝੇ ਕੀਤੇ ਸਨ ਪਰ ਤੁਹਾਡੇ 'ਧਮਕੀ' ਵਾਲੇ ਹਵਾਲੇ ਬਾਰੇ ਹੀ ਹੁਣ ਗੱਲ ਕਰਦਾ ਹਾਂ। ਮੈਂ ਕਿਹਾ ਕਿ 'ਜੇ ਜੈਨੂਅਨ ਸਰਵੇ ਕਰਵਾਏ ਜਾਣ ਤਾਂ ਉਹਨਾਂ ਰਾਹੀਂ ਵੀ ਕਿਤਾਬ ਦੀ ਚੋਣ ਕਰਨ ਵਿਚ ਸਹਾਇਤਾ ਹੋ ਸਕਦੀ ਹੈ।' ਅਚਨਚੇਤ ਮੈਨੂੰ ਇਕ ਪਰਚੇ ਦਾ ਸਾਹਿਤ-ਸੰਪਾਦਕ ਸਾਹਮਣੇ ਬੈਠਾ ਦਿਸ ਪਿਆ ਤੇ ਮੈਨੂੰ ਉਸ ਪਰਚੇ ਵੱਲੋਂ ਹਰ ਸਾਲ ਨਵੀਆਂ ਪੁਸਤਕਾਂ ਤੇ ਹੋਰ ਰਚਨਾਵਾਂ ਦੇ ਸਰਵੇ ਕਰਵਾਏ ਜਾਣ ਦਾ ਖ਼ਿਆਲ ਆਇਆ। ਮੈਂ ਕਿਹਾ, ''ਇਹਨਾਂ ਵਾਲੇ ਸਰਵੇ ਹੁਣ ਭਰੋਸੇ-ਯੋਗਤਾ ਤੇ ਸਾਰਥਕਤਾ ਗਵਾ ਚੁੱਕੇ ਹਨ ਕਿਉਂਕਿ ਉਹਨਾਂ ਵਿਚ ਲੇਖਕ ਇਕ ਦੂਜੇ ਨੂੰ ਆਖ ਕੇ ਵੱਟੋ-ਸੱਟੇ ਵਿਚ ਆਪੋ ਆਪਣੀਆਂ ਕਿਤਾਬਾਂ ਜਾਂ ਰਚਨਾਵਾਂ ਦਾ ਜ਼ਿਕਰ ਕਰਵਾਉਣ ਲੱਗੇ ਹਨ। ਇਸ ਬਾਰੇ ਬਹੁਤ ਸਾਰੇ ਵੇਰਵੇ ਮੇਰੇ ਕੋਲ ਦੱਸਣ ਲਈ ਹਨ ਕਿ ਕਿਹੜੇ ਕਿਹੜੇ ਲੇਖਕਾਂ ਨੇ ਆਪਸ ਵਿਚ ਇਕ ਦੂਜੇ ਦਾ ਨਾਂ ਲਿਖ-ਲਿਖਵਾ ਕੇ ਆਪੋ ਆਪਣੀਆਂ 'ਵੋਟਾਂ ਵਧਾਉਣ' ਦੀ ਕੋਸ਼ਿਸ਼ ਕੀਤੀ ਹੈ। ਇਸ ਗੰਧਲ-ਚੌਦੇਂ ਬਾਰੇ ਸਾਰਾ ਪੰਜਾਬੀ ਜਗਤ ਭਲੀ-ਭਾਂਤ ਜਾਨਣ ਲੱਗ ਪਿਆ ਹੈ ਤੇ ਅੱਗੇ-ਪਿੱਛੇ ਅਕਸਰ ਗੱਲਾਂ ਕਰਦਾ ਸੁਣਿਆਂ ਹੈ। ਇੰਜ ਦੇ ਸਰਵੇ ਸਹੀ ਕਿਤਾਬ ਜਾਂ ਰਚਨਾ ਦੀ ਚੋਣ ਕਰਨ ਲਈ ਪਾਠਕ ਵਾਸਤੇ ਹੋਰ ਵੀ ਦੁਬਿਧਾ ਖੜੀ ਕਰ ਦਿੰਦੇ ਹਨ।''

ਇਹ ਗੱਲਾਂ ਕਰਦਿਆਂ ਮੇਰੇ ਮਨ ਵਿਚ ਕਈ ਤਰਕਸੰਗਤ ਦਲੀਲਾਂ ਦੀ ਲੜੀ ਵੀ ਸੀ। ਮਸਲਨ: ਮੈਨੂੰ ਕਈ ਉਹਨਾਂ ਲੇਖਕਾਂ ਦਾ ਪਤਾ ਸੀ ਜਿਨ੍ਹਾਂ ਨੇ ਆਪਣੀ ਲਿਖਤ ਜਾਂ ਰਚਨਾ ਬਾਰੇ ਆਪ ਹੀ ਆਪਣੀ ਹੱਥ ਲਿਖਤ ਬਦਲ ਬਦਲ ਕੇ ਸਰਵੇ ਲਈ ਚਿੱਠੀਆਂ ਲਿਖੀਆਂ ਸਨ। ਮੈਨੂੰ ਉਸ ਲੇਖਕ ਦਾ ਵੀ ਪਤਾ ਸੀ ਜਿਸਨੇ ਪੰਜ ਪੋਸਟ ਕਾਰਡ ਆਪਣੇ ਮਿੱਤਰ ਲੇਖਕ ਨੂੰ ਫੜਾ ਕੇ ਕਿਹਾ ਸੀ ਕਿ ਉਹ ਲੇਖਕ ਆਪਣੇ ਮਿੱਤਰਾਂ ਕੋਲੋਂ ਉਸਦਾ ਨਾਂ ਲਿਖਵਾ ਕੇ ਸਰਵੇ ਲਈ ਭੇਜ ਦੇਵੇ। ਮੈਨੂੰ ਸਰਵੇ ਨਾਲ ਜੁੜੇ ਇਕ ਮਿੱਤਰ ਪ੍ਰਬੰਧਕ ਨੇ ਖ਼ੁਦ ਵੀ ਦੱਸਿਆ ਸੀ ਕਿ ਇਹੋ ਜਿਹੀਆਂ ਨਕਲੀ ਜਾਪਦੀਆਂ ਚਿੱਠੀਆਂ ਪੜ੍ਹ ਕੇ, ਅਜਿਹੇ ਕਈ ਘਪਲਿਆਂ ਦਾ ਜਦੋਂ ਉਹਨਾਂ ਨੂੰ ਅਹਿਸਾਸ ਹੋ ਜਾਂਦਾ ਹੈ ਤਾਂ ਉਹ ਖ਼ੁਦ ਵੀ ਅਜਿਹੀਆਂ ਚਿੱਠੀਆਂ ਨੂੰ ਸਰਵੇ ਵਿਚ ਸ਼ਾਮਲ ਕਰਨੋਂ ਰੋਕ ਲੈਂਦੇ ਨੇ। ਜ਼ਾਹਰ ਹੈ ਕਿ ਪ੍ਰਬੰਧਕ ਖ਼ੁਦ ਮੰਨਦੇ ਹਨ ਕਿ ਲੇਖਕ ਅਜਿਹੀ ਘਪਲੇਬਾਜ਼ੀ ਕਰਨ ਲੱਗੇ ਹਨ। ਮੇਰੇ ਕੋਲ ਅਜਿਹੇ ਸਬੂਤ ਵੀ ਹਨ ਕਿ ਇਕ ਲੇਖਕ ਦੂਜੇ ਨੂੰ ਐਸ ਐਮ ਐਸ ਕਰ ਕੇ ਆਖ ਰਿਹਾ ਹੈ ਕਿ 'ਤੂੰ ਇਸ ਵਾਰ ਮੇਰੀ ਕਹਾਣੀ ਦਾ ਨਾਂ ਲਿਖ ਤੇ ਮੈਂ ਤੇਰੀ ਦਾ ਨਾਂ ਲਿਖਦਾ ਹਾਂ।' ਉਹ ਐਸ ਐਮ ਐਸ ਗ਼ਲਤੀ ਨਾਲ ਕਿਸੇ ਮੇਰੇ ਸਨੇਹੀ ਨੂੰ ਪਹੁੰਚ ਗਿਆ ਜਿਹੜਾ ਕਹਾਣੀ ਲੇਖਕ ਨਹੀਂ ਸੀ। ਜਦੋਂ ਉਸਨੇ ਲੇਖਕ ਨੂੰ ਕਿਹਾ ਕਿ ਤੇਰਾ ਐਸ ਐਮ ਐਸ ਤਾਂ ਮੈਨੂੰ ਪਹੁੰਚ ਗਿਐ ਗ਼ਲਤੀ ਨਾਲ; ਤਾਂ ਉਸਨੇ ਅੱਗੋਂ ਉਸ ਦੂਜੇ ਲੇਖਕ ਮਿੱਤਰ ਦਾ ਨਾਂ ਦੱਸ ਕੇ ਕਿਹਾ, ''ਯਾਰ! ਮੈਂ ਤਾਂ ਫ਼ਲਾਣੇ ਨੂੰ ਕੀਤਾ ਸੀ।'' ਤੇ ਇਕ ਦੂਜੇ ਲੇਖਕ ਨੂੰ ਐਸ ਐਮ ਐਸ ਕਰਨ ਵਾਲੇ ਉਹ ਦੋਵੇਂ ਲੇਖਕ ਇਸਤੋਂ ਪਹਿਲਾਂ ਵਾਰੀ ਵਾਰੀ ਪਹਿਲਾ ਇਨਾਮ ਪ੍ਰਾਪਤ ਕਰ ਚੁੱਕੇ ਹਨ। ਕੀ ਇਸਤੋਂ ਇਹ ਜ਼ਾਹਰ ਨਹੀਂ ਹੁੰਦਾ ਕਿ ਜਦੋਂ ਜਦੋਂ ਉਹਨਾਂ ਦੋਵਾਂ ਨੂੰ ਪਹਿਲਾ ਇਨਾਮ ਮਿਲਿਆ ਸੀ ਤਾਂ ਉਹਨਾਂ ਨੇ ਉਦੋਂ ਵੀ ਅਜਿਹੀ ਤਿਗੜਮ ਹੀ ਵਰਤੀ ਹੋਵੇਗੀ।

ਅਜਿਹੀਆਂ ਕਈ ਉਦਾਹਰਣਾਂ ਹੋਰ ਲੇਖਕਾਂ ਕੋਲ ਵੀ ਦੱਸਣ ਲਈ ਹਨ। ਮੈਂ ਇਹ ਵੀ ਨਹੀਂ ਕਹਿੰਦਾ ਕਿ ਸਰਵੇ ਵਿਚ ਨਾਮਜ਼ਦ ਹੋਣ ਵਾਲੇ ਸਾਰੇ ਲੇਖਕ ਹੀ ਅਜਿਹੀਆਂ 'ਜੁਗਤਾਂ' ਵਰਤਦੇ ਹੋਣਗੇ ਤੇ ਮੈਂ ਇਸ ਪ੍ਰਸੰਗ ਵਿਚ ਪ੍ਰਬੰਧਕਾਂ ਨੂੰ ਵੀ ਸਿੱਧਾ ਦੋਸ਼ ਨਹੀਂ ਦਿੰਦਾ ਕਿ ਉਹ ਕਿਸੇ ਵਿਸ਼ੇਸ਼

ਲੇਖਕ ਦੀ ਆਪ ਧਿਰ ਬਣ ਕੇ ਉਹਨੂੰ ਪਹਿਲੇ ਨੰਬਰ 'ਤੇ ਲਿਆਉਣ ਦਾ ਯਤਨ ਕਰਦੇ ਹੋਣਗੇ। ਪਰ ਅੰਤਮ ਰੂਪ ਵਿਚ ਹੁਣ ਸਰਵਿਆਂ ਦੇ ਜਿਹੜੇ ਸਿੱਟੇ ਆਉਣ ਲੱਗੇ ਹਨ ਉਹ ਇਸੇ ਦਿਸ਼ਾ ਵੱਲ ਜ਼ਾਹਰਾ ਸੰਕੇਤ ਹਨ ਕਿ ਸਰਵਿਆਂ ਦੀ ਪਾਰਦਰਸ਼ਤਾ ਬਹੁਤ ਧੁੰਦਲਾ ਗਈ ਹੈ। ਇਸਦੇ ਸਬੂਤ ਵਜੋਂ ਮੈਂ ਇਸ ਸਾਲ ਪਹਿਲੇ ਨੰਬਰ 'ਤੇ ਆਈ ਕਿਤਾਬ ਦਾ ਹਵਾਲਾ ਦੇਣਾ ਚਾਹੁੰਦਾ ਹਾਂ। ਇਸੇ ਪਰਚੇ ਵਿਚ ਇਕ ਵੱਖਰੇ ਸਰਵੇ ਵਿਚ ਉਸ ਪੁਸਤਕ ਦੇ ਪਬਲਿਸ਼ਰ ਨੇ ਪਿਛਲੇ ਸਾਲ ਸਭ ਤੋਂ ਵੱਧ ਪਸੰਦ ਕੀਤੀਆਂ ਜਾਂ ਸਭ ਤੋਂ ਵੱਧ ਵਿਕਣ ਵਾਲੀਆਂ ਦਸ ਪੁਸਤਕਾਂ ਦਾ ਜ਼ਿਕਰ ਕੀਤਾ ਤਾਂ ਸੰਬੰਧਤ ਪੁਸਤਕ ਓਸੇ ਪਬਲਿਸ਼ਰ ਵੱਲੋਂ ਛਾਪੀ ਹੋਣ ਦੇ ਬਾਵਜੂਦ ਪਹਿਲੀਆਂ ਦਸਾਂ ਪੁਸਤਕਾਂ ਵਿਚ ਵੀ ਸ਼ਾਮਲ ਨਹੀਂ। ਦੂਜੀ ਉਦਾਹਰਣ ਉਸ ਪਹਿਲੇ ਨੰਬਰ 'ਤੇ ਆਉਣ ਵਾਲੀ ਕਹਾਣੀ ਦੀ ਹੈ, ਜਿਸ ਬਾਰੇ ਸੰਬੰਧਤ ਪਰਚੇ ਵੱਲੋਂ ਜਿਹੜਾ ਪਰਚਾ ਉਸ ਕਹਾਣੀ ਬਾਰੇ ਲਿਖਵਾਇਆ ਗਿਆ, ਉਸ ਆਲੋਚਕ ਨੇ ਉਸ ਕਹਾਣੀ ਦੇ ਬੇਹੱਦ ਕਮਜ਼ੋਰ ਰਚਨਾ ਹੋਣ ਦੀ ਗਵਾਹੀ ਭਰੀ। ਕਿਹਾ ਜਾਂਦਾ ਹੈ ਕਿ ਇਹ ਪਰਚਾ ਸੁਣ ਕੇ ਕਹਾਣੀਕਾਰ ਨੇ ਖ਼ੁਦ ਵੀ ਮੰਨ ਲਿਆ ਸੀ ਕਿ 'ਉਸਦੀ ਇਹ ਕਹਾਣੀ ਕਲਾ ਪੱਖੋਂ ਬਹੁਤ ਕਮਜ਼ੋਰ ਹੈ, ਪਤਾ ਨਹੀਂ 'ਫ਼ਸਟ ਕਿਵੇਂ ਆ ਗਈ!'

ਇਹ ਦੋਵੇਂ ਉਦਾਹਰਣਾਂ ਦੱਸਦੀਆਂ ਹਨ ਕਿ ਸਰਵਿਆਂ ਦੇ ਸਿੱਟੇ ਕਿਸ ਗ਼ਲਤ ਦਿਸ਼ਾ ਵੱਲ ਜਾ ਰਹੇ ਹਨ। ਪਰਚਾ ਪਬਲਿਸ਼ਰ ਦੀ ਰਾਇ ਛਾਪ ਕੇ ਤੇ ਕਹਾਣੀ ਨੂੰ ਕਮਜ਼ੋਰ ਕਹਾਣੀ ਆਖਣ ਵਾਲਾ ਪਰਚਾ ਲਿਖਵਾ-ਪੜ੍ਹਵਾ ਕੇ ਅਸਿੱਧੇ ਤਰੀਕੇ ਨਾਲ ਖ਼ੁਦ ਇਸ ਗੱਲ ਦੀ ਪੁਸ਼ਟੀ ਹੀ ਕਰ ਰਿਹਾ ਹੈ ਕਿ ਇਹ ਲਗਾਤਾਰ ਹੁੰਦੇ ਆ ਰਹੇ ਸਰਵੇ ਆਪਣੀ ਸਾਰਥਕਤਾ ਗਵਾ ਚੁਕੇ ਹਨ। ਜਦੋਂ ਮੈਂ ਸਟੇਜ ਤੋਂ ਇਹ ਗੱਲ ਕਰ ਰਿਹਾ ਸਾਂ ਤਾਂ ਨਾ ਮੇਰਾ ਪਰਚੇ, ਨਾ ਕਿਸੇ ਪ੍ਰਬੰਧਕ, ਨਾ ਲੇਖਕ ਨਾਲ ਕੋਈ ਰੰਜ ਜਾਂ ਦੁਸ਼ਮਣੀ ਸੀ। ਮੈਂ ਪੂਰੇ ਸੁਹਿਰਦ ਭਾਵ ਨਾਲ ਹੀ ਆਪਣੀ ਗੱਲ ਕੀਤੀ ਸੀ ਤੇ ਕਿਸੇ ਨੂੰ ਵੀ ਕਿਸੇ ਪ੍ਰਕਾਰ ਛੋਟਾ ਵਿਖਾਉਣ ਦਾ ਮੇਰਾ ਮਕਸਦ ਨਹੀਂ ਸੀ। ਮੇਰਾ ਮਕਸਦ ਤਾਂ ਇਹ ਸੀ ਕਿ ਇਕ ਚੰਗਾ ਪਰਚਾ ਸਰਵਿਆਂ ਦੀ ਗੰਧਲਾਈ ਤੇ ਧੁੰਦਲਾਈ ਜਾ ਰਹੀ ਸਿਆਸਤ ਦਾ ਹਿੱਸਾ ਕਿਉਂ ਬਣੇ? ਪਰ ਅਗਲੇ ਦਿਨ ਸਰਵੇ ਨਾਲ ਜੁੜੇ ਇਕ ਵਿਸ਼ੇਸ਼ ਪ੍ਰਬੰਧਕ ਨੇ ਪੁਸਤਕ-ਮੇਲੇ ਵਿਚ ਮੈਨੂੰ ਘੇਰ ਲਿਆ ਤੇ ਮੈਨੂੰ ਤਾੜਨਾ ਕੀਤੀ ਕਿ ਮੈਂ ਅਜਿਹੀ ਗੱਲ ਸਟੇਜ ਤੋਂ ਕਰਨ ਦੀ ਹਿੰਮਤ ਕਿਵੇਂ ਕੀਤੀ? ਮੈਂ ਸ਼ਾਂਤ ਰਹਿੰਦਿਆਂ ਉਸਨੂੰ ਕਿਹਾ, "ਤੁਹਾਡੇ ਸਰਵੇ ਭਰੋਸੇਯੋਗਤਾ ਗਵਾ ਚੁੱਕੇ ਹਨ। ਤੁਸੀਂ ਜੇ ਅਜਿਹੇ ਸਰਵੇ ਕਰਵਾਉਣ ਨਾਲੋਂ ਆਪ ਹੀ ਚਾਰ ਪੰਜ ਜਣੇ ਮਿਲ ਬੈਠ ਕੇ ਫ਼ੈਸਲਾ ਕਰ ਲਿਆ ਕਰੋ ਕਿ ਇਸ ਵਰ੍ਹੇ ਕਿਹੜੀ ਰਚਨਾ ਜਾਂ ਕਿਤਾਬ ਸਭ ਤੋਂ ਚੰਗੀ ਜਾਂ ਘੱਟ ਚੰਗੀ ਹੈ ਤਾਂ ਤੁਹਾਡੇ ਆਖੇ ਤੇ ਲੋਕ ਵਧੇਰੇ ਭਰੋਸਾ ਕਰ ਸਕਦੇ ਹਨ। ਰਹੀ ਗੱਲ ਮੈਂ ਸਰਵੇ ਬਾਰੇ ਟਿੱਪਣੀ ਕਰਕੇ ਕਿਸੇ ਵੀ ਤਰ੍ਹਾਂ ਪਰਚੇ ਜਾਂ ਉਸਦੇ ਸੰਪਾਦਕਾਂ ਨੂੰ ਮਾੜਾ ਜਾਂ ਸਾਜਸ਼ੀ ਨਹੀਂ ਕਹਿ ਰਿਹਾ, ਇਸ ਲਈ ਬਤੌਰ ਪ੍ਰਬੰਧਕ ਤੁਹਾਡੀ ਮੇਰੇ ਨਾਲ ਕਿਸੇ ਪਰਕਾਰ ਦੀ ਨਰਾਜ਼ਗੀ ਬਣਦੀ ਵੀ ਨਹੀਂ। ਮੈਂ ਤਾਂ ਕੇਵਲ ਉਹਨਾਂ ਲੇਖਕਾਂ ਵੱਲ ਇਸ਼ਾਰਾ ਕੀਤਾ ਹੈ ਜਿਨ੍ਹਾਂ ਨੇ ਇਕ ਠੀਕ ਵਿਧੀ ਨੂੰ ਆਪਣੇ ਨਿਹਿਤ ਸਵਾਰਥ ਲਈ ਵਰਤ ਕੇ ਗੰਧਲਾ ਦਿੱਤਾ ਹੈ ਤੇ ਇਸਦੀ ਪਹਿਲਾਂ ਵਾਲੀ ਪਾਰਦਰਸ਼ਤਾ ਨੂੰ ਦੂਸ਼ਤ ਕਰ ਦਿੱਤਾ ਹੈ।" ਉਹ ਸੱਜਣ ਮੇਰੀ ਗੱਲ ਨੂੰ ਸੁਣਨ ਸਮਝਣ ਅਤੇ ਸ਼ਾਂਤ ਹੋਣ ਦੀ ਥਾਂ ਅਜੇ ਵੀ ਰੋਹ ਵਿਚ ਫੁੰਕਾਰ ਰਿਹਾ ਸੀ।

ਮੈਂ ਫੇਰ ਉਸਨੂੰ ਸੰਤੁਸ਼ਟ ਕਰਨ ਲਈ ਉਹਦੇ ਸਵਾਲਾਂ ਦੇ ਜਵਾਬ ਵਿਚ ਕਿਹਾ ਕਿ ਮੈਂ ਸੰਬੰਧਤ ਪਰਚੇ ਦਾ ਪ੍ਰਸ਼ੰਸਕ ਹਾਂ ਅਤੇ ਇਸਦੇ ਪ੍ਰਬੰਧਕਾਂ ਦਾ ਤੇ ਸੰਪਾਦਕੀ ਮੰਡਲ ਵਿਚੋਂ ਹੋਰ ਕਈ ਸਨੇਹੀਆਂ ਦਾ ਨੇੜਲਾ ਦੋਸਤ ਵੀ ਹਾਂ। ਮੈਂ ਸੰਪਾਦਕਾਂ ਦਾ, ਪਰਚੇ ਦਾ ਜਾਂ ਪ੍ਰਬੰਧਕਾਂ ਦਾ ਵਿਰੋਧ ਨਹੀਂ ਕੀਤਾ, ਸਗੋਂ ਸਰਵੇ ਦੇ ਖੋਖਲੇਪਨ ਬਾਰੇ ਹੀ ਆਪਣੀ ਰਾਇ ਦਿੱਤੀ ਹੈ। ਮੈਂ ਇਹ ਵੀ ਕਿਹਾ ਕਿ ਇਹ ਤਾਂ 'ਸਾਡਾ ਆਪਣਾ' ਪਰਚਾ ਹੈ ਪਰ ਜੇ ਕਿਸੇ ਵਿਰੋਧੀ ਪਰਚੇ ਵਿਚ ਵੀ ਕੁਝ ਗ਼ਲਤ ਹੁੰਦਾ ਜਾਂ ਛਪਦਾ ਹੈ ਤਾਂ ਛਪਣ ਬਾਅਦ ਉਹ ਲਿਖਤ ਪਾਠਕ ਦੀ ਮਲਕੀਅਤ ਹੋ ਜਾਂਦੀ ਹੈ ਅਤੇ ਪਾਠਕ ਦਾ ਇਹ ਹੱਕ ਹੈ ਕਿ ਉਹ ਉਸ ਬਾਰੇ ਆਪਣੀ ਰਾਇ ਵਿਅਕਤ ਕਰ ਸਕੇ। ਉਹ ਆਪਣੀ ਰਾਇ ਭਾਵੇਂ ਲਿਖ ਕੇ ਦੇਵੇ ਜਾਂ ਬੋਲ ਕੇ, ਇਹ ਉਸਦਾ ਜਮਹੂਰੀ ਹੱਕ ਹੈ। ਉਸਨੂੰ ਕੋਈ ਪ੍ਰਬੰਧਕ ਜਾਂ ਸੰਪਾਦਕ ਹਦਾਇਤ, ਹੁਕਮ ਜਾਂ ਤਾੜਨਾ ਨਹੀਂ ਕਰ ਸਕਦਾ ਕਿ ਉਸਨੇ ਉਸ ਵਿਸ਼ੇਸ਼ ਪਰਚੇ ਵਿਚ ਛਪੀ ਕਿਸੇ ਲਿਖਤ ਬਾਰੇ ਆਪਣੀ ਅਸਹਿਮਤੀ ਵਾਲੀ ਰਾਇ ਕਿਉਂ ਦਿੱਤੀ ਹੈ!

ਮੇਰੀ ਗੱਲ ਸੁਣ ਕੇ ਪ੍ਰਬੰਧਕ ਸਾਹਿਬ ਅੱਗ-ਬਗ਼ੋਲਾ ਹੋ ਗਏ ਤੇ ਕਹਿਣ ਲੱਗੇ, "ਕੋਈ ਨਹੀਂ, ਹੁਣ ਤੇਰੇ ਨਾਲ ਦੂਜੀ ਤਰ੍ਹਾਂ ਨਜਿੱਠਾਂਗੇ।"

ਮੇਰੇ ਨਾਲ ਕਿਸੇ ਵੀ ਤਰ੍ਹਾਂ ਨਜਿੱਠੇ ਜਾਣ ਦੀ ਉਹਨਾਂ ਦੀ ਵੰਗਾਰ ਤਾਂ ਮੈਂ ਖ਼ੁਸ਼ੀ ਖ਼ੁਸ਼ੀ ਕਬੂਲ ਕਰ ਲਈ ਪਰ ਉਂਜ ਉਹਨਾਂ ਦੀ ਧਮਕੀ ਸੁਣ ਕੇ ਮੈਂ ਬੜਾ ਹੈਰਾਨ, ਪਰੇਸ਼ਾਨ ਤੇ ਦੁਖੀ ਵੀ ਹੋਇਆ ਕਿ ਪੰਜਾਬੀ ਦੇ ਸਾਹਿਤ-ਸਭਿਆਚਾਰ ਦੇ ਖ਼ੇਤਰ ਵਿਚ ਇਹ ਕਿਹੋ ਜਿਹੀ ਦਹਿਸ਼ਤ ਤੇ ਧੱਕੇਸ਼ਾਹੀ ਨੇ ਆਣ ਕਦਮ ਧਰਿਆ ਹੈ ਕਿ ਕੋਈ ਬੰਦਾ ਆਪਣੀ ਵੱਖਰੀ ਰਾਇ ਦੇਣ ਜਾਂ ਰੱਖਣ ਦਾ ਹੱਕ ਹੀ ਨਹੀਂ ਰੱਖ ਸਕਦਾ! ਤੇ ਇਹ ਧੱਕੇਸ਼ਾਹੀ ਕਰੇ ਵੀ ਉਸ ਪਰਚੇ ਦਾ 'ਇਕ' ਮੁੱਖ-ਪ੍ਰਬੰਧਕ, ਜਿਹੜਾ ਪਰਚਾ ਸਦਾ ਲੇਖਕ ਦੇ ਲਿਖਣ-ਬੋਲਣ ਦੀ ਆਜ਼ਾਦੀ ਦੇ ਹੱਕ ਦੀ ਲੜਾਈ ਲੜਦਾ ਆਇਆ ਹੈ ਤੇ ਸ਼ਾਇਦ ਅਜੇ ਵੀ ਲੜ ਰਿਹਾ ਹੈ।

'ਇਕ' ਮੈਂ ਇਸ ਕਰਕੇ ਲਿਖ ਰਿਹਾਂ ਕਿਉਂਕਿ ਉਸ ਪਰਚੇ ਦੇ ਸਾਰੇ ਪ੍ਰਬੰਧਕ ਨਾ ਤਾਂ ਉਸ ਨਾਲ ਇਸ ਮਸਲੇ 'ਤੇ ਸਹਿਮਤ ਹਨ ਤੇ ਨਾਂ ਹੀ ਇਸ ਪ੍ਰਕਾਰ ਦੇ ਸਰਵਿਆਂ ਨੂੰ ਹੀ ਕੋਈ ਮਾਨਤਾ ਦਿੰਦੇ ਨੇ। ਇਸ ਕਰਕੇ ਜਦੋਂ ਮੈਂ ਇਹ ਗੱਲ ਕਰ ਰਿਹਾਂ ਤਾਂ ਮੈਂ ਉਸ ਪਰਚੇ ਦਾ ਵਿਰੋਧ ਨਹੀਂ ਕਰ ਰਿਹਾ ਸਗੋਂ ਉਸ ਵਿਸ਼ੇਸ਼ ਵਿਅਕਤੀ ਦੀ ਔਰੰਗਜ਼ੇਬੀ ਹੈਂਕੜ ਦਾ ਵਖਾਨ ਹੀ ਕਰ ਰਿਹਾਂ। ਸਗੋਂ ਮੈਂ ਤਾਂ ਆਪਣੇ ਆਪ ਨੂੰ ਦਿੱਤੀ ਧਮਕੀ ਬਾਰੇ 'ਹੁਣ' ਦੇ ਮਾਧਿਅਮ ਰਾਹੀਂ ਅਦਾਰੇ ਦੇ ਸਭ ਪ੍ਰਬੰਧਕਾਂ ਨੂੰ ਇਹ ਸੂਚਨਾ ਦੇ ਕੇ ਉਹਨਾਂ ਦੀ ਸਹਾਇਤਾ ਵੀ ਲੋੜ ਰਿਹਾਂ ਕਿ ਮੈਨੂੰ ਇਸ ਦਹਿਸ਼ਤ ਤੋਂ ਬਚਾਉਣ ਵਿਚ ਉਹ ਆਪਣਾ ਬਣਦਾ ਰੋਲ ਅਦਾ ਕਰਨ ਤੇ 'ਇਕ' ਬੰਦੇ ਵੱਲੋਂ ਆਪਣੀ ਨਿੱਜੀ ਕਿੜ ਕੱਢਣ ਲਈ ਮੇਰੇ ਨਾਲ ਕੀਤੇ ਗ਼ਲਤ ਈਰਖ਼ਾਲੂ ਤੇ ਨਿੰਦਣਯੋਗ ਵਿਹਾਰ ਨੂੰ ਪਰਚੇ ਨਾਲ ਜੋੜੇ ਜਾਣ ਦੇ ਕੁਤਰਕ ਤੋਂ ਮੇਰੇ ਨਾਲ ਨਾਲ ਇਸ ਚੰਗੇ ਪਰਚੇ ਨੂੰ ਵੀ ਬਚਾਉਣ ਕਿਉਂਕਿ ਪਰਚਾ ਇਕ ਬੰਦੇ ਦਾ ਨਹੀਂ, ਸਗੋਂ ਪੂਰੇ ਅਦਾਰੇ ਨਾਲ ਜੁੜੇ ਸਾਰੇ ਪ੍ਰਬੰਧਕਾਂ ਤੋਂ ਇਲਾਵਾ ਉਸਦੇ ਸੁਹਿਰਦ ਪਾਠਕਾਂ ਦਾ ਵੀ ਹੈ। ਅਗਲੇ ਦਿਨ ਮੈਂ ਮੰਚ ਉੱਤੋਂ ਇਸ ਧੱਕੇਸ਼ਾਹੀ ਦਾ ਜ਼ਿਕਰ ਕੀਤਾ ਤਾਂ ਸਾਰੇ ਸਰੋਤਿਆਂ ਨੇ ਇਕ ਮੱਤ ਨਾਲ ਭਰਵੇਂ ਰੂਪ ਵਿਚ ਮੇਰੀ ਤਾਈਦ ਕੀਤੀ ਤੇ ਇਸ ਵਧੀਕੀ ਤੇ ਧੱਕੇਸ਼ਾਹੀ ਵਿਰੁਧ ਮੇਰਾ ਸਾਥ ਦੇਣ ਦਾ ਵਚਨ ਵੀ ਦਿੱਤਾ। ਇਹ ਵੇਰਵਾ ਮੈਂ 'ਹੁਣ' ਦੇ ਪਾਠਕਾਂ ਨਾਲ ਇਸ ਕਰਕੇ ਸਾਂਝਾ ਕਰ ਰਿਹਾਂ ਤਾਕਿ ਉਹਨਾਂ ਅੱਗੇ ਨਵੀਂ ਕਿਸਮ ਦੀ ਫ਼ੈਲਾਈ ਜਾ ਰਹੀ ਸਾਹਿਤਕ-ਸਭਿਆਚਾਰਕ ਦਹਿਸ਼ਤ ਦਾ ਕਰੂਪ ਚਿਹਰਾ ਨੰਗਾ ਹੋ ਸਕੇ ਤੇ ਉਹ ਲਿਖਣ ਤੇ ਬੋਲਣ ਦੀ ਆਜ਼ਾਦੀ ਦਾ ਗਲਾ ਘੁਟਣ ਵਾਲੇ ਅਜਿਹੇ ਹੱਥਾਂ ਨੂੰ ਰਾਹ ਵਿਚ ਹੀ ਪਕੜ ਸਕਣ।

## ਪਹਿਲਵਾਨੀ ਰੂਹ



ਦਾਰਾ ਸਿੰਘ ਅਤੇ ਕਰਤਾਰ ਸਿੰਘ ਪਹਿਲਵਾਨ ਨਾਲ।

*ਹੁਣ-ਪਹਿਲਵਾਨ ਕਰਤਾਰ ਸਿੰਘ ਦੀ ਆਤਮ-ਕਥਾ ਲਿਖਦਿਆਂ ਕੀ ਮਹਿਸੂਸ ਕਰਦਾ ਰਿਹਾ ਕਹਾਣੀਕਾਰ ਵਰਿਆਮ ਸਿੰਘ ਸੰਧੂ?*

ਸੰਧੂ -ਕਰਤਾਰ ਸਿੰਘ ਮੇਰਾ ਗਿਰਾਈਂ ਹੈ। ਪਿੰਡ ਵਿਚ ਤੇ ਜਲੰਧਰ ਵਿਚ ਵੀ ਸਾਡੇ ਘਰ ਨੇੜੇ ਨੇੜੇ ਹਨ। ਉਸਦਾ ਸਭ ਤੋਂ ਵੱਡਾ ਭਰਾ ਮੇਰਾ ਜਮਾਤੀ ਰਿਹਾ ਹੈ ਤੇ ਭਤੀਜੇ ਮੇਰੇ ਵਿਦਿਆਰਥੀ। ਜਦੋਂ ਕਰਤਾਰ ਦੂਜੀ ਵਾਰ ਏਸ਼ੀਅਨ ਜੇਤੂ ਬਣਿਆਂ ਤਾਂ ਉਹਦੀ ਬੜੀ ਬੱਲੇ ਬੱਲੇ ਹੋਈ। ਉਦੋਂ ਪੀ ਟੀ ਊਸ਼ਾ ਤੋਂ ਇਲਾਵਾ ਇਕੱਲੇ ਕਰਤਾਰ ਨੇ ਹੀ ਗੋਲਡ ਮੈਡਲ ਜਿੱਤਿਆ ਸੀ। ਇਕ ਦਿਨ ਪਹਿਲਾਂ ਵੇਲੇ ਦੇ ਪ੍ਰਧਾਨ ਮੰਤ੍ਰੀ ਨੇ ਵਿਅੰਗ ਕਰਦਿਆਂ ਕਿਹਾ ਸੀ , "ਏਸ਼ੀਅਨ ਗੇਮਜ਼ ਮੇਂ ਹਮਾਰੀ ਲੜਕੀਆਂ ਹੀ ਕੁਛ ਕਰ ਰਹੀ ਹੈਂ, ਮਰਦ ਤੋ ਹਮਾਰੇ ਮੇਲਾ ਦੇਖਨੇ ਹੀ ਗਏ ਹੈਂ।" ਇਹ ਕਰਤਾਰ ਹੀ ਸੀ ਜਿਸਨੇ ਗੋਲਡ ਮੈਡਲ ਜਿੱਤ ਕੇ ਪ੍ਰਧਾਨ ਮੰਤ੍ਰੀ ਵੱਲੋਂ ਸਾਰੇ ਭਾਰਤ ਦੇ ਮਰਦਾਂ ਨੂੰ ਵੱਜੇ ਮਿਹਣੇ ਨੂੰ ਧੋ ਦਿਤਾ ਸੀ। ਵਾਪਸ ਆਏ ਤਾਂ ਪ੍ਰਧਾਨ ਮੰਤ੍ਰੀ ਨੇ ਉਚੇਚਾ ਆਦਰ ਦਿੱਤਾ। ਕਰਤਾਰ ਮੁੱਖ ਮੰਤ੍ਰੀ ਬਰਨਾਲਾ ਨੂੰ ਮਿਲਣ ਗਿਆ ਤਾਂ ਕੈਬਨਿਟ ਦੀ ਮੀਟਿੰਗ ਚੱਲ ਰਹੀ ਸੀ। ਮੁੱਖ ਮੰਤ੍ਰੀ ਨੇ ਉਸਨੂੰ ਚੱਲਦੀ ਮੀਟਿੰਗ ਅੰਦਰ ਹੀ ਬੁਲਾ ਲਿਆ ਤੇ ਸਾਰੀ ਕੈਬਨਿਟ ਉਸਦੇ ਇਸਤਕਬਾਲ ਵਿਚ ਉੱਠ ਕੇ ਖੜੀ ਹੋ ਗਈ। ਕਰਤਾਰ ਦੇ ਇਹਨਾਂ ਜਲੌਅ ਵਾਲੇ ਦਿਨਾਂ ਵਿਚ ਹੀ ਉਸਦੇ ਭਰਾ ਗੁਰਚਰਨ ਨੇ ਮੇਰੇ ’ਤੇ ਜ਼ੋਰ ਪਾਇਆ ਕਿ ਮੈਂ ਉਹਦੀ ਜੀਵਨੀ ਲਿਖਾਂ। ਮੈਂ ਕਰਤਾਰ ਨੂੰ ਬਚਪਨ ਤੋਂ ਜਾਣਦਾ ਸਾਂ। ਉਹਦੇ ਪਰਿਵਾਰ 'ਤੇ ਪਿਛੋਕੜ ਨੂੰ ਵੀ। ਮੈਂ ਉਸ ਨੂੰ ਪੋਟਾ ਪੋਟਾ ਉਭਰਦਿਆਂ ਵੇਖਿਆ ਸੀ। ਉਸਦੇ ਜੀਵਨ ਦੇ ਮੁਢਲੇ ਸਾਲਾਂ ਦੀ ਮੈਨੂੰ ਪ੍ਰਮਾਣਿਕ ਜਾਣਕਾਰੀ ਸੀ। ਉਸਦੇ ਸੰਘਰਸ਼ ਦਾ ਗਵਾਹ ਸਾਂ ਕਿ ਕਿਵੇਂ ਡੰਗਰਾਂ ਨਾਲ ਇਕੋ ਕੋਠੇ ਵਿਚ ਸੌਣ ਵਾਲੇ ਸਾਧਾਰਨ ਜਿਹੇ ਕਿਰਸਾਣੀ ਪਰਿਵਾਰ ਦਾ ਇਹ ਮੁੰਡਾ ਅਪਣੀ ਜੱਦੋਜਹਿਦ ਨਾਲ ਸਿਖ਼ਰ ’ਤੇ ਪੁੱਜਾ ਸੀ। ਉਹ ਤੇ ਉਹਦੇ ਘਰ ਦੇ ਸੋਚਦੇ ਸਨ ਕਿ ਮੇਰੇ ਨਾਲੋਂ ਵੱਧ ਉਸਦਾ ਕਿਹੜਾ ਏਨਾ ਨੇੜਲਾ ਜਾਣਕਾਰ ਤੇ ਸਨੇਹੀ ਹੋ ਸਕਦਾ ਹੈ! ਸਰਵਣ ਸਿੰਘ ਵਰਗੇ ਖੇਡ ਲੇਖਕ ਤੇ ਹੋਰਨਾਂ ਨੇ ਉਹਨਾਂ ਨੂੰ ਇਹ ਵੀ ਯਕੀਨ ਕਰਵਾ ਦਿੱਤਾ ਸੀ ਕਿ ਮੈਂ ਵੀ ਉਸ ਵਾਂਗ 'ਲਿਖਣ ਦੇ ਖੇਤਰ ਦਾ ਰੁਸਤਮ ਹਾਂ।' ਤੇ ਰੁਸਤਮ ਦੀ ਜੀਵਨੀ ਲਿਖਣ ਲਈ 'ਰੁਸਤਮ' ਹੀ ਸਭ ਤੋਂ ਢੁਕਵਾਂ ਬੰਦਾ ਹੈ। ਪਰ ਫਿਰ ਵੀ ਮੈਂ ਇਹ ਜੀਵਨੀ ਲਿਖਣ ਲਈ ਅਪਣੇ ਮਨ ਨੂੰ ਤਿਆਰ ਨਾ ਕਰ ਸਕਿਆ। ਪਹਿਲਾ ਕਾਰਨ ਤਾਂ ਇਹ ਸੀ ਕਿ ਖੇਡਾਂ 'ਤੇ ਖਿਡਾਰੀਆਂ ਬਾਰੇ ਲਿਖਣਾ ਮੇਰਾ ਬੁਨਿਆਦੀ ਸ਼ੌਕ ਨਹੀਂ ਸੀ। ਦੂਜਾ ਮੇਰੇ ਮਨ ਵਿਚ ਅਚੇਤ ਹੀ ਇਹ ਅਹਿਸਾਸ ਵੀ ਹੁੰਦਾ ਕਿ ਜਿੰਨਾ ਸਮਾਂ ਮੈਂ ਜੀਵਨੀ ਲਿਖਣ ਲਈ ਲਾਉਣਾ ਹੈ, ਓਨੇ ਚਿਰ ਵਿਚ ਮੈਂ ਅਪਣੀ ਕੋਈ ਸਿਰਜਣਾਤਮਕ ਲਿਖਤ ਕਿਉਂ ਨਾਂ ਲਿਖਾਂ! ਮੈਂ ਪਹਿਲਾਂ ਤਾਂ ਨਾਂਹ ਕਰ ਦਿੱਤੀ ਪਰ ਉਹਨਾਂ ਵੱਲੋਂ ਵਾਰ ਵਾਰ ਵਿਖਾਏ ਪਿਆਰ ਅਤੇ ਮਾਣ ਸਾਹਮਣੇ ਢੈਲ਼ਾ ਪੈ ਕੇ ਮੈਂ ਮੰਨ ਵੀ ਗਿਆ ਪਰ ਕੀਤਾ ਕੁਝ ਨਾ। ਇਕ ਦਿਨ ਉਹਨਾਂ ਦੇ ਜਲੰਧਰ ਵਾਲੇ ਘਰ ਬੈਠੇ ਹੋਏ ਸਾਂ ਕਿ ਉਹ ਕਹਿੰਦੇ, "ਭਾ ਜੀ ਹੁਣ ਈ ਟਾਈਮ ਕੱਢ ਲਓ ਕਿਤਾਬ ਲਿਖਣ ਲਈ।"

ਮੈਂ ਅਜੇ ਹੱਸ ਕੇ ਪਹਿਲਾਂ ਵਾਂਗ ਹੀ ਹਾਸੇ ਵਿਚ ਗੱਲ ਗਵਾਉਣ ਲੱਗਾ ਸਾਂ ਕਿ ਕੋਲੋਂ ਮੇਰੀ ਪਤਨੀ ਰਜਵੰਤ ਕਹਿਣ ਲੱਗੀ, "ਭਾ ਜੀ! ਕੱਢਣਗੇ ਟੈਮ... ਟਾਈਮ ਹੁੰਦਾ ਕਿਥੇ ਆ! ਟੈਮ ਤਾਂ ਸਦਾ ਕੱਢਣਾ ਈ ਪੈਂਦੈ... ਲਿਖਣਗੇ.... ਲਿਖਣਗੇ ਕਿਉਂ ਨਹੀਂ? ਅਪਣੇ ਭੈਣ-ਭਰਾ ਲਈ ਨਹੀਂ ਲਿਖਣਾ ਤਾਂ ਕੀਹਦੇ ਲਈ ਲਿਖਣਾ.... ਜ਼ਰੂਰ ਲਿਖਣਗੇ।" ਉਧਰੋਂ ਹਟ ਕੇ ਉਹ ਮੇਰੇ ਵੱਲ ਹੋਈ, "ਤੁਸੀਂ ਵੀ ਕੀ ਕਰਦੇ ਓ... ਕਰੋ ਕੰਮ ਹੁਣ। ਤੁਸੀਂ ਫ਼ਿਕਰ ਨਾ ਕਰੋ ਭਾ ਜੀ... ਕੱਢਣਗੇ ਟੈਮ ਇਹ... ਕੱਢਣਗੇ ਕਿਉਂ ਨਹੀਂ?"

ਹੁਣ ਮੈਂ ਕੁਝ ਕਹਿਣ ਜੋਗਾ ਵੀ ਨਹੀਂ ਸਾਂ! ਮੈਂ ਹਥਿਆਰ ਸੁੱਟ ਦਿੱਤੇ। ਅਸਲ ਵਿਚ ਰਜਵੰਤ ਦੇ ਮਨ ਵਿਚ ਪਿੰਡ ਦੇ ਸ਼ਰੀਕੇ ਭਾਈਚਾਰੇ ਵਾਲਾ ਅਹਿਸਾਸ ਵੀ ਘਰ ਕਰ ਗਿਆ ਸੀ। ਦਸ ਸਾਲ ਪਹਿਲਾਂ ਦਿੱਤੇ ਕਰਤਾਰ ਬਾਰੇ ਛਪੇ ਲੇਖਾਂ, ਮੁਲਾਕਾਤਾਂ ਦੇ ਰਜਿਸਟਰ ਤਿੰਨ ਚਾਰ ਸਾਲ ਬਾਅਦ ਜਦੋਂ ਮੇਰੇ ਵੱਲੋਂ ਕੁਝ ਵੀ ਨਾ ਕਰਨ ਪਿੱਛੋਂ ਕਿਸੇ ਬਹਾਨੇ ਨਾਲ ਗੁਰਚਰਨ ਮੇਰੇ ਕੋਲੋਂ ਵਾਪਸ ਲੈ ਗਿਆ ਸੀ ਤਾਂ ਉਦੋਂ ਵੀ ਰਜਵੰਤ ਨੇ ਕਿਹਾ ਸੀ, "ਉਹ ਤੁਹਾਡਾ ਏਨਾ ਮਾਣ-ਤਾਣ ਕਰਦੇ ਨੇ।... ਇੱਜ਼ਤ ਕਰਦੇ ਨੇ... ਤੁਸੀਂ ਕੁਝ ਵੀ ਨਾ ਲਿਖ ਕੇ ਤੇ ਤਿੰਨ ਸਾਲਾਂ ਪਿੱਛੋਂ ਰਜਿਸਟਰ ਵਾਪਸ ਕਰਕੇ ਚੰਗਾ ਨਹੀਂ ਕੀਤਾ। ਅਕਸਰ ਅਪਣਾ ਪਿੰਡ ਦਾ ਭਾਈਚਾਰਾ ਵੀ ਤਾਂ ਹੈ... ਅਪਣੇ ਪਿੰਡ ਨੂੰ ਤੁਸੀਂ ਏਨਾ ਪਿਆਰ ਕਰਦੇ ਓ...ਅਪਣੇ ਆਪ ਨੂੰ ਅਪਣੇ ਪਿੰਡ ਦੀ ਸਿਰਜਣਾ ਆਖਦੇ ਹੋ। ...ਕਰਤਾਰ ਬਾਰੇ ਲਿਖਣਾ ਅਪਣੇ ਪਿਆਰੇ ਪਿੰਡ ਬਾਰੇ ਲਿਖਣਾ ਵੀ ਤਾਂ ਹੈ।" ਪਿੰਡੋਂ ਜਲੰਧਰ ਆ ਵੱਸਣ ਕਰਕੇ ਉਸ ਦੇ ਮਨ ਵਿੱਚ ਪਿੰਡ ਦਾ ਮੋਹ ਹੋਰ ਵੀ ਉਮਡ ਆਇਆ ਸੀ। ਇਹ ਗੱਲ ਕਾਟ ਕਰ ਗਈ ਤੇ ਮੈਂ ਕਰਤਾਰ ਦੀ ਜੀਵਨੀ ਲਿਖਣ ਦਾ ਕੰਮ ਸ਼ੁਰੂ ਕਰ ਲਿਆ। ਇਹ ਜੀਵਨੀ ਪੈਸੇ ਲੈ ਕੇ ਨਹੀਂ ਸੀ ਲਿਖੀ ਗਈ, ਜਿਵੇਂ ਅਵਤਾਰ ਜੀ! ਇਕ ਵਾਰ ਇੰਗਲੈਂਡ ਵਿਚ ਤੁਸੀਂ ਆਖਿਆ/ ਸਮਝਿਆ ਸੀ। ਇਹ ਤਾਂ ਮੈਂ ਅਪਣੇ ਪਿੰਡ ਦਾ ਕਰਜ਼ਾ ਲਾਹੁਣ ਲਈ ਲਿਖੀ, ਜਿਸ ਪਿੰਡ ਦੇ ਖ਼ਮੀਰ ਵਿਚ ਪਲ਼ ਕੇ ਮੈਂ ਵੱਡਾ ਹੋਇਆ ਸਾਂ ਤੇ ਜਿਹੜੇ ਪਿੰਡ ਨੇ ਮੇਰੇ ਇਕ ਹੋਰ ਭਰਾ ਨੂੰ ਜਨਮ ਦੇ ਕੇ ਅਪਣੇ ਖ਼ੇਤਰ ਵਿਚ ਸਿਖ਼ਰ ’ਤੇ ਪੁੱਜਦਾ ਵੇਖਿਆ ਸੀ। ਜੇ ਅਪਣੇ ਛੋਟੇ ਭਰਾ ਬਾਰੇ ਮੈਂ ਨਹੀਂ ਲਿਖਾਂਗਾ ਤਾਂ ਕੌਣ ਲਿਖੇਗਾ? ਸੋ ਇੰਜ ਇਹ ਕਿਤਾਬ ਲਿਖੀ ਗਈ। ਇਸਨੂੰ ਦੇਸ਼-ਵਿਦੇਸ਼ ਵਿਚ ਬਹੁਤ ਪੜ੍ਹਿਆ ਗਿਆ। ਇਸ ਨਾਲ ਮੇਰਾ ਵੀ ਬਹੁਤ ਮਾਣ-ਤਾਣ ਹੋਇਆ ਤੇ ਪਰਸੰਸਾ ਮਿਲੀ। ਹੁਣ ਤੱਕ ਛਪੇ ਦੋ ਐਡੀਸ਼ਨਾਂ (ਤਿੰਨ ਤੇ ਦੋ ਹਜ਼ਾਰ) ਦੀ ਇਸਦੀ ਪੰਜ ਹਜ਼ਾਰ ਕਾਪੀ ਵਰਤੀ ਜਾ ਚੁੱਕੀ ਹੈ। ਅਗਲਾ ਐਡੀਸ਼ਨ ਫੇਰ ਛਪਣ ਲਈ ਤਿਆਰ ਹੈ। ਜੀਵਨੀ ਸਾਹਿਤ ਵਿਚ ਇਸਦਾ ਵਿਸ਼ੇਸ਼ ਮੁਕਾਮ ਹੈ ਤੇ ਰਹੇਗਾ, ਇਸਦਾ ਮੈਨੂੰ ਭਰੋਸਾ ਹੈ।

## ਪੰਜਾਬੀ ਕਹਾਣੀ ਦਾ ਆਕਾਸ਼

*ਹੁਣ-ਬੜਾ ਮਸ਼ਹੂਰ ਟੋਟਕਾ ਹੈ 'ਖ਼ਰਚਾ ਰਘਬੀਰ ਦਾ, ਚਰਚਾ ਵਰਿਆਮ ਦਾ' ਇਸ ਟੋਟਕੇ ’ਚ ਕਿੰਨਾ ਕੁ ਸ਼ੁਗਲ ਤੇ ਕਿੰਨਾ ਕੁ ਸੱਚ ਹੈ?*

ਸੰਧੂ -ਦੇਖੋ ਜੀ, ਮੇਰੇ ਲਈ ਤਾਂ ਇਹ ਸ਼ੁਗਲ ਹੀ ਹੈ ਪਰ ਸੱਚ ਕਿੰਨਾ ਕੁ ਹੈ ਇਹ ਤਾਂ ਰਘਬੀਰ ਸਿੰਘ ਵਧੇਰੇ ਚੰਗੀ ਤਰ੍ਹਾਂ ਦੱਸ ਸਕਦਾ ਹੈ ਕਿਉਂਕਿ,

ਸੱਚੀ ਗੱਲ ਹੈ, ਖ਼ਰਚਾ ਤਾਂ ਓਸੇ ਦਾ ਹੁੰਦਾ ਰਿਹੈ। ਇਸਤੋਂ ਮੈਂ ਇਨਕਾਰੀ ਨਹੀਂ ਕਿ ਮੇਰੀਆਂ ਕਹਾਣੀਆਂ ਸਦਾ 'ਸਿਰਜਣਾ' ਵਿਚ ਹੀ ਛਪਦੀਆਂ ਰਹੀਆਂ ਤੇ ਇਸਤੋਂ ਵੀ ਮੁੱਕਰਦਾ ਨਹੀਂ ਕਿ 'ਸਿਰਜਣਾ' ਦੇ ਮਾਧਿਅਮ ਰਾਹੀਂ ਮੇਰੀ ਚਰਚਾ ਤੇ ਪਰਸੰਸਾ ਵੀ ਬੇਹੱਦ ਹੋਈ। ਉਦੋਂ ਹੀ ਭੂਸ਼ਨ ਨੇ ਇਹ ਟੋਟਕਾ ਘੜਿਆ ਸੀ। ਪਰ ਇਕ ਸਚਾਈ ਇਸ ਟੋਟਕੇ ਰਾਹੀਂ ਮੇਰੇ ਹੱਕ ਵਿਚ ਸਹਿਜੇ ਹੀ ਭੁਗਤ ਜਾਂਦੀ ਹੈ ਕਿ ਮੇਰੀ ਚਰਚਾ ਵੀ ਮੇਰੇ ਯਾਰ-ਬੇਲੀ ਆਪ ਹੀ ਕਰਦੇ/ਕਰਵਾਉਂਦੇ ਰਹੇ ਤੇ ਮੇਰੇ ਲਈ ਖ਼ਰਚਾ ਵੀ ਉਹੋ ਹੀ ਕਰਦੇ ਰਹੇ। ਮੈਂ ਅਪਣੀ ਚਰਚਾ ਕਰਵਾਉਣ ਲਈ ਨਾ ਕਦੀ ਉਚੇਚ ਕੀਤਾ ਤੇ ਨਾ ਖ਼ਰਚਾ ਕੀਤਾ, ਇਸਦੀ ਪੁਸ਼ਟੀ ਇਸ ਹਾਸਰਸੀ ਟੋਟਕੇ ਰਾਹੀਂ ਵੀ ਹੋ ਜਾਂਦੀ ਹੈ।

*ਹੁਣ-ਹਰਭਜਨ ਹਲਵਾਰਵੀ ਨਾਲ ਵੀ ਤੁਹਾਡਾ ਚੰਗਾ ਜੁੱਟ ਬਣਿਆ ਹੋਇਆ ਸੀ, ਉਸ ਦੀ ਗ਼ੈਰ ਮੌਜੂਦਗੀ (ਜੀਵਨ ਵਿਚ) ਤੁਹਾਨੂੰ ਕਿਸ ਤਰ੍ਹਾਂ ਦੀ ਲਗਦੀ ਹੈ?*

ਸੰਧੂ -ਹਲਵਾਰਵੀ ਮੇਰਾ ਜਿਗਰੀ ਯਾਰ ਸੀ। ਸਾਡੇ ਰਾਜ਼ ਤੇ ਦੁਖ-ਸੁਖ ਸਾਂਝੇ ਸਨ। ਉਹ ਤਾਂ ਮੇਰੇ ਮਾਂ-ਪਿਓ ਦਾ ਵੀ ਲਾਡਲਾ ਪੁੱਤਰ ਸੀ। ਅੰਡਰਗਰਾਊਂਡ ਹੋਣ ਸਮੇਂ ਉਹ ਕਈ ਕਈ ਦਿਨ ਸਾਡੇ ਘਰ ਰਹਿੰਦਾ। ਮੇਰੀ ਪਤਨੀ ਮੇਰੀਆਂ ਲਿਖਤਾਂ ਦੀ ਪਹਿਲੀ ਪਾਠਕ ਰਹੀ ਹੈ। ਉਸਤੋਂ ਬਾਅਦ ਹਲਵਾਰਵੀ ਹੀ ਸੀ, ਜਿਹੜਾ ਸਭ ਤੋਂ ਪਹਿਲਾਂ ਮੇਰੀ ਕਿਸੇ ਰਚਨਾ ਨੂੰ ਹੁੰਗਾਰਾ ਭਰਦਾ ਸੀ। ਮੈਨੂੰ ਇਹ ਵੀ ਮਾਣ ਹੈ ਕਿ ਜਦੋਂ ਉਸਦੀ ਪੰਜਾਬੀ ਟ੍ਰਿਬਿਊਨ ਵਾਲੀ ਨੌਕਰੀ ਖੁੱਸਣ ਦਾ ਖ਼ਤਰਾ ਸਿਰ ’ਤੇ ਮੰਡਲਾ ਰਿਹਾ ਸੀ ਤਾਂ ਉਸਦੀ ਪਤਨੀ ਨੇ ਪੁੱਛਿਆ, "ਹੁਣ ਤਾਂ ਅਖ਼ਬਾਰ ਦਾ ਐਡੀਟਰ ਹੋਣ ਕਰਕੇ ਤੁਹਾਡੇ ਬੜੇ ਵੱਡੇ ਵੱਡੇ ਲੋਕ ਯਾਰ ਨੇ। ਤੁਹਾਡੇ ਸਨੇਹੀ ਬਣ ਬਣ ਅਪਣੇ ਕੰਮਾਂ ਲਈ ਤੁਹਾਡੇ ਆਲੇ-ਦੁਆਲੇ ਫਿਰਦੇ ਨੇ। ਪਰ ਜੇ ਕੱਲ੍ਹ ਨੂੰ ਤੁਸੀਂ ਐਡੀਟਰ ਨਹੀਂ ਰਹਿੰਦੇ ਤਾਂ ਕੋਈ ਹੈ ਜਿਸਨੂੰ ਤੁਸੀਂ ਹਿੱਕ ਥਾਪੜ ਕੇ ਆਖ ਸਕੋ ਕਿ ਹਾਂ, ਇਸ ਮੁਸ਼ਕਲ ਦੇ ਸਮੇਂ ਵਿਚ ਵੀ ਆਹ ਮੇਰਾ ਫ਼ਲਾਣਾ ਯਾਰ ਮੇਰੇ ਨਾਲ ਖਲੋਵੇਗਾ।" ਤਾਂ ਹਲਵਾਰਵੀ ਨੇ ਕਿਹਾ ਸੀ, "ਹਾਂ, ਹੈ ਇਕ। ਵਰਿਆਮ।" ਉਹ ਮੇਰੇ ’ਤੇ ਏਡਾ ਮਾਣ ਕਰਦਾ ਸੀ। ਸਾਡੀ ਇਹ ਸਾਂਝ ਅਖ਼ੀਰ ਤੱਕ ਨਿਭੀ। ਸੋਹਣਿਆਂ ਯਾਰਾਂ ਦਾ ਅਗੇਤੇ ਤੁਰ ਜਾਣਾ ਦੁਖੀ ਤਾਂ ਕਰਦਾ ਹੈ। ਪਰ ਕੀ ਕਰੀਏ!

*ਹੁਣ-ਇਕ ਹੋਰ ਟੋਟਕਾ ਵੀ ਹੈ, ਭੂਸ਼ਨ ਦਾ ਘੜਿਆ ਹੋਇਆ, ''ਸਾਡਾ ਅੱਧਾ ਆਕਾਸ਼ ਵਰਿਆਮ ਸੰਧੂ, ਬਾਕੀ ਅੱਧਾ ਹੈ ਪ੍ਰੇਮ ਪ੍ਰਕਾਸ਼ ਸਾਡਾ'' ਪੰਜਾਬੀ ਕਹਾਣੀ ਦੇ ਇਕ ਦੌਰ ਨੂੰ ਸਿੱਧਾ ਤੁਹਾਡੇ ਨਾਲ ਜੋੜਨ ਵਾਲਾ ਇਹ ਟੋਟਕਾ ਪੜ੍ਹ-ਸੁਣ ਕੇ ਲੁਤਫ਼ ਤਾਂ ਜ਼ਰੂਰ ਆਉਂਦਾ ਹੋਵੇਗਾ?*

ਸੰਧੂ - ਹਾਂ, ਇਹ ਟੋਟਕਾ ਪੜ੍ਹ-ਸੁਣ ਕੇ 'ਲੁਤਫ਼' ਤਾਂ ਜ਼ਰੂਰ ਆਉਂਦਾ ਰਿਹੈ। ਭਾਵੇਂ ਸਮਰੱਥ ਕਥਾਕਾਰਾਂ ਨੇ ਕਦੀ ਇਸਦਾ ਬੁਰਾ ਨਹੀਂ ਸੀ ਮਨਾਇਆ; ਪਰ ਲੁਤਫ਼ ਤਾਂ ਇਸ ਗੱਲ ਨੂੰ ਪੜ੍ਹ-ਸੁਣ ਤੇ ਜਾਣ ਕੇ ਵੀ ਬੜਾ ਆਉਂਦਾ ਰਿਹਾ ਹੈ ਕਿ ਪਿਛਲੇ ਪੰਝੀ ਸਾਲਾਂ ਤੋਂ ਇਹ ਟੋਟਕਾ ਸਾਡੇ ਬਹੁਤ ਸਾਰੇ ਕਥਾਕਾਰਾਂ ਦੇ ਸੰਘ ਵਿਚ ਮੱਛੀ ਦੇ ਕੰਡੇ ਵਾਂਗ ਵਾਰ ਵਾਰ ਅੜਦਾ ਰਿਹੈ। ਮੇਰੇ ਖ਼ਿਆਲ ਅਨੁਸਾਰ ਟੀ ਵੀ, ਰੇਡੀਓ, ਅਖ਼ਬਾਰਾਂ-ਰਿਸਾਲਿਆਂ ਵਿਚ ਘੱਟੋ ਘੱਟ ਦੋ ਕੁ ਸੌ ਵਾਰ ਤਾਂ ਇਸ ਟੋਟਕੇ ਦਾ ਹਵਾਲਾ ਜ਼ਰੂਰ ਆਇਆ ਹੋਵੇਗਾ। ਹੈਰਾਨੀ ਹੈ ਨਾ; ਲੋਕਾਂ ਬਾਰੇ ਲਿਖੇ ਵੱਡੇ ਵੱਡੇ ਲੇਖਾਂ ਤੇ ਕਿਤਾਬਾਂ ਦਾ ਵੀ ਕਦੀ ਏਨਾ ਜ਼ਿਕਰ ਨਹੀਂ ਹੋਇਆ ਹੋਵੇਗਾ, ਜਿੰਨਾਂ ਇਹਨਾਂ ਦੋ ਸਤਰਾਂ ਦਾ ਹੋਇਆ। ਚਾਹੀਦਾ ਤਾਂ ਇਹ ਸੀ ਕਿ ਯਾਰ-ਦੋਸਤ ਇਸ ਟੋਟਕੇ ਨੂੰ ਫੂਕ ਮਾਰ ਕੇ ਉਡਾ ਛੱਡਦੇ ਤੇ ਗੰਭੀਰਤਾ ਨਾਲ ਨਾ ਲੈਂਦੇ। ਪਰ ਉਹਨਾਂ ਨੇ ਤਾਂ ਇਹ ਗੱਲ ਦਿਲ ਨੂੰ ਹੀ ਲਾ ਲਈ। ਜਦੋਂ ਵੇਖੋ, ਜਿੱਥੇ ਵੇਖੋ ਇਹ ਟੋਟਕਾ ਲੈ ਕੇ ਬਹਿ ਜਾਂਦੇ ਰਹੇ। ਬੰਦਾ ਪੁੱਛੇ ਭੂਸ਼ਨ ਦੇ ਕੋਲ ਅਸਮਾਨ ਦੀ ਕਿਹੜੀ ਮਾਲਕੀ ਸੀ ਜਿਹੜਾ ਉਸਨੇ ਸਾਡੇ ਦੋਵਾਂ ਦੇ ਨਾਂ ਅਸਮਾਨ ਦਾ ਇੰਤਕਾਲ ਚੜ੍ਹਾ ਦਿੱਤਾ ਹੋਵੇ ਤੇ ਜਿਸ ਨਾਲ ਹੋਰ ਸਾਰੇ ਕਥਾਕਾਰ ਜਾਇਦਾਦ ਵਿਹੂਣੇ ਹੋ ਗਏ ਹੋਣ! ਜਦੋਂ ਪ੍ਰੇਮ ਪ੍ਰਕਾਸ਼ ਗਾਹੇ ਬਗਾਹੇ ਮੇਰੇ ਬਾਰੇ ਨੈਗੇਟਿਵ ਟਿੱਪਣੀਆਂ ਕਰਦਾ ਰਹਿੰਦਾ ਸੀ ਤਾਂ ਲੁਤਫ਼ ਤਾਂ ਰਘਬੀਰ ਸਿੰਘ ਦੀ ਇਹ ਗੱਲ ਸੁਣ ਕੇ ਵੀ ਆਉਂਦਾ ਰਿਹਾ, "ਅਸਲ ਵਿਚ ਪ੍ਰੇਮ ਪ੍ਰਕਾਸ਼ ਭੂਸ਼ਨ ਵੱਲੋਂ ਤੈਨੂੰ ਦਿੱਤੇ ਅੱਧੇ ਆਕਾਸ਼ ਦਾ ਵੀ ਅਪਣੇ ਆਪ ਨੂੰ ਹੱਕਦਾਰ ਸਮਝਦਾ ਹੈ ਤੇ ਉਸਤੇ ਕਬਜ਼ਾ ਕਰਨਾ ਚਾਹੁੰਦਾ ਹੈ!"

ਮੇਰੇ ਖ਼ਿਆਲ ਵਿਚ ਸੀ ਕਿ ਹੁਣ ਤਾਂ ਇਹ 'ਅਸਮਾਨ' ਪੰਜਾਬੀ ਕਹਾਣੀ ਦੀ ਨਵੀਂ ਔਲਾਦ ਦੇ ਨਾਂ ਮੁੰਤਕਿਲ ਹੋ ਗਿਆ ਹੋਵੇਗਾ ਤੇ ਸਭ ਨੂੰ ਬਰਾਬਰ ਦਾ ਹਿੱਸਾ ਮਿਲ ਗਿਆ ਹੋਵੇਗਾ ਪਰ ਪਿਛਲੇ ਸਾਲ ਜੋਗਿੰਦਰ ਸਿੰਘ ਨਿਰਾਲਾ ਨੇ ਇਹੋ ਸਵਾਲ ਪੁੱਛ ਕੇ ਮੈਨੂੰ ਹੈਰਾਨ ਕੀਤਾ ਕਿ ਮੇਰੇ ਸਮਕਾਲੀਆਂ ਲਈ ਅਸਮਾਨ ਅਜੇ ਵੀ ਸਾਡੇ ਨਾਂ ਬੋਲੀ ਜਾਂਦਾ ਹੈ। ਮੈਂ ਹੱਸ ਕੇ ਉਸਨੂੰ ਪਿਆਰ ਨਾਲ ਆਖਿਆ, "ਯਾਰ ਨਿਰਾਲਾ! ਤੂੰ ਪੰਜਾਬੀ ਕਹਾਣੀ ਦਾ ਚੰਦਰਮਾ ਏਂ। ਤੇਰੇ ਬਿਨਾ ਆਕਾਸ਼ ਦੇ ਕੀ ਅਰਥ ਤੇ ਕਾਹਦਾ ਜਲੌਅ!" ਉਹ ਵੀ ਹੱਸ ਪਿਆ ਤੇ ਕਹਿੰਦਾ, "ਚੱਲੋ ਫੇਰ ਠੀਕ ਏ।"

ਤੇ ਗੱਲ ਹੈ ਵੀ ਠੀਕ। ਬੰਜਰ ਜ਼ਮੀਨ ਕਿਸ ਕੰਮ ਜੇ ਵਿਚ ਕੋਈ ਫ਼ਸਲ ਈ ਨਾ ਉੱਗੇ। ਰੁੰਡ-ਮਰੁੰਡ ਤੇ ਖਾਲੀ ਆਕਾਸ਼ ਦਾ ਕੀ ਅਰਥ ਜੇ ਉਸ ਵਿਚ ਚੰਦ ਤਾਰੇ ਤੇ ਕਹਿਕਸ਼ਾਂ ਨਾ ਹੋਣ। ਅਸਲ ਵਿਚ ਹੋਂਦ ਤਾਂ ਚੰਦ-ਤਾਰਿਆਂ ਦੀ ਹੈ, ਅਸਮਾਨ ਤਾਂ ਨਿਰ੍ਹਾ ਖ਼ਿਲਾਅ ਹੈ। ਖਾਲ-ਮ-ਖਾਲੀ। ਇਸ ਗੱਲ ਵੱਲ ਸਾਡੇ ਕਥਾਕਰਾਂ ਦਾ ਪਤਾ ਨਹੀਂ ਕਦੀ ਧਿਆਨ ਕਿਉਂ ਨਹੀਂ ਗਿਆ। ਮੈਨੂੰ ਤਾਂ ਹੁਣੇ ਤੁਹਾਡੇ ਨਾਲ ਗੱਲਾਂ ਕਰਦਿਆਂ ਭੂਸ਼ਨ ’ਤੇ ਇਹ ਇਤਰਾਜ਼ ਜਾਗਿਆ ਹੈ ਕਿ ਮੈਂ ਉਸ ਵੱਲੋਂ ਦਿੱਤੇ ਅੱਧੇ ਬੰਜਰ ਆਕਾਸ਼ ਨੂੰ ਕੀ ਕਰਨਾ ਸੀ। ਉਹ ਮੈਨੂੰ ਇਕ ਅੱਧਾ ਤਾਰਾ ਹੀ ਬਣਾ ਛੱਡਦਾ ਤਾਂ ਸਗੋਂ ਵਧੀਆ ਗੱਲ ਹੋਣੀ ਸੀ। ਇਹ ਗੱਲਾਂ ਵੀ ਮੈਂ 'ਲੁਤਫ਼' ਲੈਣ ਲਈ ਕੀਤੀਆਂ ਨੇ। ਦੋਸਤ ਵੀ ਲੁਤਫ਼ ਹੀ ਲੈਣ, 'ਗੰਭੀਰ' ਨਾ ਹੋ ਜਾਣ।

*ਹੁਣ-ਪ੍ਰੇਮ ਪ੍ਰਕਾਸ਼ ਨਾਲ ਤੁਹਾਡੀਆਂ ਡਾਂਗਾਂ ਤਾਂ ਨਹੀਂ ਚੱਲੀਆਂ ਪਰ ਬਹੁਤੀ ਬਣੀ/ਨਿਭੀ ਵੀ ਨਹੀਂ, ਕਿਸ ਤਰ੍ਹਾਂ ਦੇ ਵਿਰੋਧ ਹਨ ਤੁਹਾਡੇ, ਵਿਚਾਰਧਾਰਕ ਜਾਂ ਕੇਵਲ ਜਾਤੀ?*

ਸੰਧੂ -ਅਪਣੇ ਵੱਲੋਂ ਵਿਅਕਤੀਗਤ ਪੱਧਰ ’ਤੇ ਪ੍ਰੇਮ ਪ੍ਰਕਾਸ਼ ਨਾਲ ਮੇਰਾ ਕਦੀ ਕੋਈ ਵਿਰੋਧ ਨਹੀਂ ਰਿਹਾ। ਉਸ ਵੱਲੋਂ ਜ਼ਰੂਰ ਸਦਾ ਹੀ ਮੈਨੂੰ ਆਰਾਂ ਲਾਉਣ, ਮੇਰੇ ਬਾਰੇ ਟੇਢੀਆਂ ਟਿਪਣੀਆਂ ਕਰਨ ਤੇ ਇਕ ਤਰੀਕੇ ਨਾਲ ਮੇਰਾ ਭੰਡੀ ਪਰਚਾਰ ਕਰਨ ਦਾ ਸਿਲਸਿਲਾ ਵਰ੍ਹਿਆਂ ਤੋਂ ਚਲਿਆ ਆ ਰਿਹਾ ਹੈ। ਪਰ ਮੈਂ ਇਸਨੂੰ ਸਦਾ ਹੀ ਸਹਿਣ ਕੀਤਾ ਹੈ ਤੇ ਮੇਰੇ ਬਾਰੇ ਕੀਤੀਆਂ ਉਸਦੀਆਂ ਨਿੱਜੀ ਟਿੱਪਣੀਆਂ ਦਾ ਮੈਂ ਕਦੀ ਜਵਾਬ ਵੀ ਨਹੀਂ ਸੀ ਦਿੱਤਾ। ਇਸਦਾ ਇਕ ਕਾਰਨ ਤਾਂ ਇਹ ਹੈ ਕਿ ਪੇਂਡੂ ਪਿਛੋਕੜ ਕਰਕੇ ਜਾਂ ਮੇਰੇ ਸੁਭਾ ਕਰਕੇ ਮੈਂ ਸਦਾ ਅਪਣੇ ਤੋਂ ਉਮਰ ਵਿਚ ਵੱਡੇ ਲੇਖਕਾਂ ਨੂੰ ਸਦਾ ਆਦਰ-ਭਾਵ ਨਾਲ ਵੇਖਦਾ ਆਇਆਂ। ਨਵਿਆਂ ਲੇਖਕਾਂ ਵਿਚ ਇਹ ਗੱਲ ਅਸਲੋਂ ਨਦਾਰਦ ਹੈ। ਦੂਜੀ ਗੱਲ ਇਹ ਹੈ ਕਿ ਲਿਖ ਕੇ ਜਾਂ ਬੋਲ ਕੇ ਭਾਵੇਂ ਪ੍ਰੇਮ ਪ੍ਰਕਾਸ਼

ਮੇਰੇ ਬਾਰੇ ਜੋ ਮਰਜ਼ੀ ਆਖਦਾ ਰਿਹਾ ਹੋਵੇ ਪਰ ਜਦ ਵੀ ਉਹ ਮੈਨੂੰ ਮਿਲਦਾ ਹੈ ਤਾਂ ਉਸ ਦੀ ਗੱਲ-ਬਾਤ ਵਿਚ ਸਦਾ ਮੇਰੇ ਲਈ ਵੱਡੇ ਭਰਾਵਾਂ ਵਰਗਾ ਤਿਹੁ ਹੁੰਦਾ ਹੈ। ਇਸਨੂੰ ਕੋਈ ਉਸਦਾ 'ਨਾਟਕ' ਵੀ ਕਹਿ ਸਕਦਾ ਹੈ। ਹੋਵੇ ਵੀ, ਤਾਂ ਵੀ ਮੇਰਾ ਇਸਨੂੰ 'ਨਾਟਕ' ਮੰਨਣ ਨੂੰ ਦਿਲ ਨਹੀਂ ਕਰਦਾ। ਉਹ ਕਦੀ ਕਦੀ ਘਰ ਆ ਕੇ ਵੀ ਤੇ ਬਹੁਤੀ ਵਾਰ ਟੈਲੀਫ਼ੋਨ 'ਤੇ ਵੀ ਮੇਰੀ ਸਿਹਤ ਦਾ ਹਾਲ-ਚਾਲ ਪੁੱਛਦਾ ਰਹਿੰਦਾ ਹੈ। ਮੈਂ ਵੀ ਕਦੀ ਕਦੀ ਉਸਨੂੰ ਨਤਮਸਤਕ ਹੋਣ ਉਸਦੇ ਘਰ ਜਾ ਆਉਂਦਾ ਹਾਂ। ਦਿਲਚਸਪ ਗੱਲ ਇਹ ਵੀ ਹੈ ਕਿ ਜਦੋਂ ਅਸੀਂ ਮਿਲਦੇ ਹਾਂ ਤਾਂ ਕਦੀ ਵੀ ਇਕ ਦੂਜੇ ਦੀਆਂ ਕਹਾਣੀਆਂ ਦੀ ਗੱਲ ਨਹੀਂ ਕਰਦੇ। ਬੱਸ ਦੁਨੀਆਂਦਾਰੀ ਦੀਆਂ ਗੱਲਾਂ, ਸਿਹਤ ਦਾ ਹਾਲ-ਚਾਲ ਤੇ ਹੋਰ ਇਹੋ ਜਿਹਾ ਕੁਝ। ਹਾਂ, ਕਦੀ ਕਦੀ ਮੈਂ ਜ਼ਰੂਰ ਬੀਬੀਆਂ ਨਾਲ ਉਹਦੇ ਸੰਬੰਧਾਂ ਨੂੰ ਲੈ ਕੇ ਉਸ ਨਾਲ ਸੁਗਲ ਕਰ ਲੈਂਦਾ ਹਾਂ। ਉਹ ਇਸਦਾ ਵੀ ਗੁੱਸਾ ਨਹੀਂ ਕਰਦਾ, ਸਗੋਂ ਮੇਰੀ ਸ਼ਰਾਰਤ ਦਾ ਆਨੰਦ ਮਾਣਦਾ ਹੈ। ਇਹ ਤਾਂ ਲੋਕਾਂ ਨੂੰ ਹੀ ਭੁਲੇਖਾ ਹੈ ਕਿ ਅਸੀਂ ਖ਼ੌਰੇ ਕੀ ਇਕ ਦੂਜੇ ਲਈ ਡਾਂਗਾਂ ਕੱਢੀ ਫਿਰਦੇ ਹਾਂ। ਕਈ ਸਾਲ ਪਹਿਲਾਂ ਮੁਕਤਸਰ ਦੇ ਰਿਜਨਲ ਸੈਂਟਰ ਵਿਚ ਕਹਾਣੀ ਬਾਰੇ ਹੋਏ ਸੈਮੀਨਾਰ ਵਿਚ ਸਾਨੂੰ ਦੋਵਾਂ ਨੂੰ ਵੱਖ ਵੱਖ ਸੈਸ਼ਨਾ ਦੀ ਪ੍ਰਧਾਨਗੀ ਕਰਨ ਲਈ ਬੁਲਾਇਆ ਗਿਆ। ਪ੍ਰੇਮ ਪ੍ਰਕਾਸ਼ ਤੇ ਮੈਂ, ਮੇਰੀ ਕਾਰ ਵਿਚ ਹੀ ਮੁਕਤਸਰ ਪਹੁੰਚੇ ਤਾਂ ਸਾਨੂੰ ਇਕੱਠੇ ਆਏ ਵੇਖ ਕੇ ਪ੍ਰਬੰਧਕਾਂ ਦੇ ਨਾਲ ਦਰਸ਼ਕ-ਸਰੋਤਿਆਂ ਦੇ ਵੀ ਹੈਰਾਨੀ ਵਿਚ ਦੰਦ ਜੁੜ ਗਏ।

ਹਾਂ ਇਕ ਗੱਲ ਜ਼ਰੂਰ ਹੈ ਕਿ ਪਿਛਲੇ ਸਾਲਾਂ ਵਿਚ ਉਸ ਵੱਲੋਂ ਪ੍ਰਗਤੀਵਾਦ ਦਾ ਅੰਨ੍ਹਾ ਵਿਰੋਧ ਕਰਨ ਅਤੇ ਮੁੱਲ-ਰਹਿਤ ਕਾਮ ਲਿੱਬੜੀਆਂ ਕਹਾਣੀਆਂ ਲਿਖਣ ਨੂੰ ਪ੍ਰੋਤਸਾਹਨ ਦੇਣ ਕਰਕੇ ਮੈਂ ਵਿਚਾਰਧਾਰਕ ਤੌਰ 'ਤੇ ਸਥਾਪਤ ਕੀਤੇ ਜਾਣ ਵਾਲੇ ਇਸ ਨਾਂਹ-ਪੱਖੀ ਰੁਝਾਨ ਦਾ ਨਿੱਠ ਕੇ ਵਿਰੋਧ ਕੀਤਾ ਹੈ। ਪਰ ਇਹ ਵਿਰੋਧ ਨਿਰੋਲ ਸਿਧਾਂਤਕ ਹੈ। ਇਸ ਵਿਚ ਕਿਸੇ ਵੀ ਪ੍ਰਕਾਰ ਦੀ ਨਿੱਜੀ ਰੰਜਸ਼ ਦਾ ਕੋਈ ਦਖ਼ਲ ਨਹੀਂ। ਉਹਦੇ ਵੱਲੋਂ ਮੇਰੇ ਖ਼ਿਲਾਫ਼ ਸਮੇਂ ਸਮੇਂ ਕੀਤੀਆਂ ਜਾਂਦੀਆਂ ਟਿੱਪਣੀਆਂ ਤੇ ਮੇਰੇ ਵੱਲੋਂ ਕੀਤੇ ਉਸਦੇ ਸਿਧਾਂਤਕ ਵਿਰੋਧ ਦੇ ਬਾਵਜੂਦ ਸਾਡੇ ਨਿੱਜੀ ਸੰਬੰਧ ਬੜੇ ਸੁਖਾਵੇਂ ਹਨ। ਅਜੇ ਮੈਂ ਕੁਝ ਦਿਨ ਪਹਿਲਾਂ ਹੀ ਅੰਬਰਸਰ ਵਿਚ ਹੋਏ ਕਹਾਣੀ ਉਤਸਵ ਵਿਚ ਸਟੇਜ ਉੱਤੇ ਉਹਦੀ ਹਾਜ਼ਰੀ ਵਿਚ ਉਸ ਵੱਲੋਂ ਪੈਦਾ ਕੀਤੇ ਰੁਝਾਨ ਦੀ 'ਖੱਲ' ਲਾਹ ਰਿਹਾ ਸਾਂ ਤੇ ਉਸਦੀ ਕਹਾਣੀ 'ਡੈੱਡ ਲਾਈਨ' ਦੀ ਨਵੀਂ ਵਿਆਖਿਆ ਕਰ ਕੇ ਇਹ ਸਥਾਪਤ ਕਰ ਰਿਹਾ ਸਾਂ ਕਿ ਉਸਨੇ ਇਸ ਕਹਾਣੀ ਵਿਚ ਹੀ ਬੜੇ ਸੂਖ਼ਮ ਤਰੀਕੇ ਨਾਲ ਸਮਾਜਕ ਰਿਸ਼ਤਿਆਂ ਨੂੰ ਰੱਦ ਕਰਨ ਤੇ ਪ੍ਰਕ੍ਰਿਤਿਕ ਰਿਸ਼ਤਿਆਂ ਨੂੰ ਪਹਿਲ ਦੇਣ ਦੀ ਸ਼ੁਰੂਆਤ ਕਰ ਦਿੱਤੀ ਸੀ ਤਾਂ ਉਹ ਖੁੱਲ੍ਹੇ ਦਿਲ ਨਾਲ ਅਪਣੀ ਆਲੋਚਨਾ ਸੁਣ ਰਿਹਾ ਸੀ ਤੇ ਮੰਦ ਮੰਦ ਮੁਸਕਰਾ ਵੀ ਰਿਹਾ ਸੀ। ਪਿਛਲੇ ਮਹੀਨਿਆਂ ਵਿਚ ਕਈ ਵਾਰ ਮੈਂ ਉਸਦੇ ਘਰ ਮਿਲ ਕੇ, ਉਹਦਾ ਹਾਲ-ਚਾਲ ਪੁੱਛ ਕੇ, ਗੱਪ-ਸ਼ੱਪ ਮਾਰ ਕੇ ਆਇਆ ਹਾਂ। ਉਹਦੇ ਵਿਹਾਰ ਵਿਚਲੀ ਵੱਡਿਆਂ ਵਾਲੀ ਅਪਣੱਤ ਮੈਨੂੰ ਹਮੇਸ਼ਾ ਚੰਗੀ ਲੱਗਦੀ ਹੈ। ਇਸ ਵਿਚ ਵੀ ਸ਼ੱਕ ਨਹੀਂ ਕਿ ਅਸੀਂ ਵਿਚਾਰਧਾਰਕ ਤੌਰ 'ਤੇ ਵੱਖਰਾ ਸੋਚਦੇ ਹਾਂ। ਵੱਖਰਾ ਸੋਚਦਿਆਂ ਵੀ ਇਕ ਦੂਜੇ ਪ੍ਰਤੀ ਅਪਣੱਤ ਭਾਵ ਬਣਾਈ ਰੱਖਣ ਵਾਲੀ ਗੱਲ ਨਵੇਂ ਲੇਖਕਾਂ ਨੂੰ ਵੀ ਸਿੱਖਣੀ ਚਾਹੀਦੀ ਹੈ।

## ਕਹਾਣੀ ਵਿਚ ਗਾਲ੍ਹਾਂ

*ਹੁਣ-ਦੇਖਣ ਵਿਚ ਆਇਆ ਹੈ ਕਿ ਅੱਜ ਦੇ ਕਈ ਕਹਾਣੀ ਲੇਖਕ ਵਧੇਰੇ ਯਥਾਰਥ ਦਾ ਮੋਹ ਪਾਲਦੇ ਹੋਏ ਕਹਾਣੀਆਂ ਵਿਚ ਬਹੁਤ ਕੁਰਖਤ, ਅਸੱਭਿਅਕ ਭਾਸ਼ਾ ਜਿਵੇਂ ਗਾਲ੍ਹਾਂ ਆਦਿ ਦੀ ਵਰਤੋਂ ਕਰ ਜਾਂਦੇ ਹਨ। ਕੀ ਤੁਸੀਂ ਇਸਨੂੰ ਠੀਕ ਸਮਝਦੇ ਓਂ?*

ਸੰਧੂ -ਬਹੁਤੀਆਂ ਥਾਵਾਂ ਤੇ ਤਾਂ ਨਹੀਂ ਕਿਤੇ ਐਵੇਂ ਇਕ-ਦੋ ਥਾਵਾਂ 'ਤੇ ਮੇਰੇ ਕੁਝ ਪਾਤਰਾਂ ਨੇ ਵੀ ਸ਼ਾਇਦ ਗਾਲ੍ਹਾਂ ਕੱਢੀਆਂ ਹੋਣ। ਹਾਂ, ਮੇਰੇ ਸਵੈਜੀਵਨਕ ਬਿਰਤਾਂਤ 'ਕੁੰਭੀ ਨਰਕ ਵਿਚ ਕੁਝ ਦਿਨ' ਵਿਚ ਇੰਟੈਰੋਗੇਸ਼ਨ ਭੁਗਤਣ ਵਾਲੇ ਦਿਨਾਂ ਵਿਚ ਪੁਲਿਸ ਵੱਲੋਂ ਵਰਤੀਆਂ ਗਾਲ੍ਹਾਂ ਨੂੰ ਪੇਸ਼ ਕਰਕੇ ਮੈਂ ਪੁਲਿਸ ਦੀ ਕਿਰਦਾਰ-ਨਿਗਾਰੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਰਮਾ ਰਤਨ ਨੇ ਉਹਨਾਂ ਗਾਲ੍ਹਾਂ ਦੀ ਪ੍ਰਸੰਗ ਵੱਸ ਵਾਜਬੀਅਤ ਸਮਝਦਿਆਂ ਤੇ ਮੰਨਦਿਆਂ ਹੋਇਆਂ ਵੀ ਮੈਨੂੰ ਪੁਛਿਆ ਸੀ, "ਕੀ ਕਿਸੇ ਤਰ੍ਹਾਂ ਗਾਲ੍ਹਾਂ ਤੋਂ ਬਿਨਾਂ ਗੱਲ ਹੋਰ ਕਿਸੇ ਢੰਗ ਨਾਲ ਨਹੀਂ ਸੀ ਕੀਤੀ ਜਾ ਸਕਦੀ?" ਮੇਰੇ ਕੋਲ ਉਸਦਾ ਕੋਈ ਠੋਸ ਉੱਤਰ ਨਹੀਂ ਸੀ। ਇੰਜ ਹੀ ਅਕਸਰ ਸਾਡੇ ਸਿਰਮੌਰ ਨਾਟਕਕਾਰ ਅਜਮੇਰ ਸਿੰਘ ਔਲਖ ਦੇ ਪਾਤਰਾਂ 'ਤੇ ਵੀ ਗਾਲ੍ਹਾਂ ਕੱਢਣ ਦਾ ਦੋਸ਼ ਲੱਗਦਾ ਰਹਿੰਦਾ ਹੈ ਤੇ ਔਲਖ ਨੇ ਇਹਨਾਂ ਗਾਲ੍ਹਾਂ ਦੀ ਵਾਜਬੀਅਤ ਤੇ ਲੋੜੀਂਦੇ ਮਹੱਤਵ ਬਾਰੇ ਅਕਸਰ ਸਪਸ਼ਟੀਕਰਨ ਵੀ ਦਿੱਤਾ ਹੈ। ਉਸ ਦੇ ਸਪਸ਼ਟੀਕਰਨ ਵਿਚ ਵੀ ਦਮ ਲੱਗਦਾ ਹੁੰਦਾ ਹੈ। ਇਹ ਵੀ ਠੀਕ ਹੈ ਕਿ ਕਈ ਨਵੇਂ ਲੇਖਕਾਂ ਵੱਲੋਂ ਵਰਤੀਆਂ ਗਾਲ੍ਹਾਂ ਦੀ ਵਾਜਬੀਅਤ ਦਾ ਔਲਖ ਸਾਹਿਬ ਵਾਂਗ ਕੋਈ ਤਰਕ ਵੀ ਨਹੀਂ ਬਣਦਾ, ਉਹ ਕੇਵਲ ਸੁਨਸਨੀ ਪੈਦਾ ਕਰਨ ਲਈ ਹੀ ਇਹਨਾਂ ਦੀ ਅਣਲੋੜੀਂਦੀ ਵਰਤੋਂ ਕਰਦੇ ਹਨ। ਪਰ ਮੈਂ ਤਾਂ ਵਾਜਬੀਅਤ ਵਾਲੀਆਂ ਗਾਲ੍ਹਾਂ ਬਾਰੇ ਵੀ ਹੁਣ ਕੁਝ ਵੱਖਰੀ ਤਰ੍ਹਾਂ ਸੋਚਦਾ ਹਾਂ। ਇਸ ਤਰ੍ਹਾਂ ਸੋਚਣ ਬਾਰੇ ਮੈਨੂੰ ਨਵੀਂ ਦ੍ਰਿਸ਼ਟੀ ਗੁਰਸ਼ਰਨ ਸਿੰਘ ਨਾਟਕਕਾਰ ਦੀ ਧੀ ਡਾ ਅਰੀਤ ਨੇ ਦਿੱਤੀ ਹੈ। ਅਸੀਂ ਅਪਣੇ ਮੈਗ਼ਜ਼ੀਨ 'ਸੀਰਤ' ਵਿਚ ਔਲਖ ਦੇ ਲੇਖ ਛਾਪ ਰਹੇ ਸਾਂ ਤਾਂ ਇਕ ਲੇਖ ਵਿਚ ਔਲਖ ਨੇ ਉਸ ਉੱਤੇ ਗਾਲ੍ਹਾਂ ਦੀ ਵਰਤੋਂ ਕਰਨ ਦੇ ਲੱਗਦੇ ਆਰੋਪ ਬਾਰੇ ਸਪਸ਼ਟੀਕਰਨ ਦਿੱਤਾ ਸੀ। ਅਗਲੇ ਅੰਕ ਵਿਚ ਹੀ ਡਾ ਅਰੀਤ ਨੇ, 'ਗਾਲ੍ਹਾਂ ਬਾਰੇ ਮੈਂ ਵੀ ਕੁਝ ਕਹਿਣਾ ਹੈ' ਦੇ ਸਿਰਲੇਖ ਅਧੀਨ ਔਲਖ ਦੇ ਸਪਸ਼ਟੀਕਰਨ ਬਾਰੇ ਟਿੱਪਣੀ ਕੀਤੀ ਸੀ। ਮੈਨੂੰ ਉਹ ਟਿੱਪਣੀ ਬੜੀ ਦਲੀਲ-ਪੂਰਨ ਲੱਗੀ ਸੀ। ਮੈਂ ਚਾਹਵਾਂਗਾ ਕਿ ਉਹ ਸਾਰੀ ਟਿੱਪਣੀ ਸਾਹਿਤ ਵਿਚ ਗਾਲ੍ਹਾਂ ਬਾਰੇ ਨਵਾਂ ਕੋਨਾ ਰੌਸ਼ਨ ਕਰਦੀ ਹੈ। ਟਿੱਪਣੀ ਕਿਉਂਕਿ ਬੜੀ ਅਰਥਵਾਨ ਹੈ ਤੇ ਡਾਕਟਰ ਅਰੀਤ ਦੇ ਨਾਲ ਨਾਲ ਇਹ ਮੇਰੇ ਵਿਚਾਰਾਂ ਦੀ ਵੀ ਤਰਜਮਾਨੀ ਕਰਦੀ ਹੈ ਇਸ ਲਈ ਤੁਸੀਂ ਜੇ ਇਸਨੂੰ 'ਹੁਣ' ਦੇ ਪਾਠਕਾਂ ਨਾਲ ਵੀ ਸਾਂਝੀ ਕਰ ਸਕੋ ਤਾਂ ਮਿਹਰਬਾਨੀ ਹੋਵੇਗੀ। ਪੂਰੀ ਟਿੱਪਣੀ ਇਸ ਪ੍ਰਕਾਰ ਹੈ।

'ਸੀਰਤ ਦੇ ਜੁਲਾਈ ਅੰਕ ਵਿੱਚ ਪ੍ਰੋ. ਅਜਮੇਰ ਸਿੰਘ ਔਲਖ ਨੇ ਅਪਣੇ ਨਾਟਕ ਦੇ ਪਾਤਰਾਂ ਮੂੰਹੋਂ ਕੱਢੀਆਂ ਗਾਲ੍ਹਾਂ ਦਾ ਜ਼ਿਕਰ ਛੇੜ ਕੇ, ਮੇਰੀ - ਯਾਨੀ ਇੱਕ ਆਮ ਪੰਜਾਬੀ ਔਰਤ ਦੀ ਦੁਖਦੀ ਰਗ 'ਤੇ ਹੱਥ ਰੱਖ ਦਿੱਤਾ ਹੈ। ਗਾਲ੍ਹਾਂ ਪੰਜਾਬ ਦੇ ਮਰਦਾਂ ਦੀ ਜ਼ੁਬਾਨ ਦਾ ਹਿੱਸਾ ਬਣ ਚੁੱਕੀਆਂ ਹਨ ਤੇ ਵਿਰਲਾ ਹੀ ਕੋਈ ਮਾਈ ਦਾ ਲਾਲ ਹੈ ਜੋ ਇਹਨਾਂ ਦਾ ਇਸਤੇਮਾਲ ਨਾ ਕਰ ਰਿਹਾ ਹੋਵੇ ਤੇ ਏਥੇ ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਇਸ ਮਾਮਲੇ ਵਿੱਚ ਜਾਤ ਜਾਂ ਜਮਾਤ ਜਾਂ ਉਮਰ ਦਾ ਕੋਈ ਭੇਦ ਭਾਵ ਨਹੀਂ। ਨਿੱਕੇ ਨਿਆਣੇ ਤੋਂ ਲੈ ਕੇ ਮੰਜੇ ਤੇ ਪਏ ਬਜ਼ੁਰਗ ਤੱਕ ਹਰੇਕ ਦੀ ਜ਼ੁਬਾਨ ਤੋਂ ਇਹ ਬੇਰੋਕਟੋਕ ਨਿਕਲਦੀਆਂ ਹਨ। (ਮੱਧ ਵਰਗੀ ਬੰਦਾ ਜਾਂ ਸੋਚ ਇਸ ਤੋਂ ਰਤਾ ਵੀ ਦੂਰ ਨਹੀਂ)। ਮੇਰੇ ਡਾਕਟਰੀ ਕਿੱਤੇ ਵਿੱਚ ਨਿੱਤ ਦਿਨ ਅਤੀ ਬਿਮਾਰ ਜਾਂ ਐਕਸੀਡੈਂਟ ਤੋਂ ਫੱਟੜ ਮਰੀਜ਼ਾਂ ਨਾਲ ਵਾਹ ਪੈਂਦਾ ਹੈ ਅਤੇ ਮੈਂ ਵਧਾ ਚੜ੍ਹਾ ਕੇ ਇਹ ਗੱਲ ਨਹੀਂ ਕਹਿ ਰਹੀ, ਨੀਮ ਬੇਹੋਸ਼ੀ ਵਿੱਚ ਵੀ ਮਰੀਜ਼ਾਂ ਦੇ

ਮੂੰਹੋਂ ਗਾਲ੍ਹਾਂ ਨਿਕਲਦੀਆਂ ਹਨ। ਦਰਦ ਨਾਲ ਕਰਾਹ ਰਿਹਾ ਬੰਦਾ 'ਹਾਏ ਹਾਏ' ਕਰਨ ਦੀ ਬਜਾਏ 'ਭੈਣ ... ਮਰ ਗਿਆ' ਕਹਿੰਦਾ ਹੈ।

ਪ੍ਰੋ. ਔਲਖ ਦੀ ਕਲਮ ਅੱਗੇ ਸਿਰ ਲੱਖ ਵਾਰ ਝੁਕਦਾ ਹੈ। ਉਹਨਾਂ ਨੇ ਗਰੀਬ ਬੰਦੇ ਦੀ ਰੂਹ ਵਿੱਚ ਪ੍ਰਵੇਸ਼ ਪਾ ਕੇ ਅਪਣੇ ਪਾਤਰ ਉਸਾਰੇ ਹਨ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਉਹਨਾਂ ਦੇ ਪਾਤਰਾਂ ਦੀਆਂ ਗਾਲ੍ਹਾਂ ਲੱਚਰ ਉੱਕਾ ਨਹੀਂ, ਸਗੋਂ ਦਿਲ ਤੋਂ ਨਿਕਲੀਆਂ ਅਵਾਜ਼ਾਂ ਹਨ ਪਰ ਫੇਰ ਵੀ ਐਨਾ ਮਹਾਨ ਲੇਖਕ ਅਪਣੇ ਪਾਤਰਾਂ ਤੋਂ ਗਾਲ੍ਹਾਂ ਕਢਾਏ ਬਿਨਾਂ ਵੀ ਉਹਨਾਂ ਦਾ ਗੁੱਸਾ/ਬੇਬਸੀ ਪ੍ਰਗਟਾ ਸਕਦਾ ਹੈ। ਗਾਲ੍ਹਾਂ ਦੇ ਪ੍ਰਾਯਵਾਚੀ ਵੀ ਪੰਜਾਬੀ ਜ਼ੁਬਾਨ ਵਿੱਚ ਮੌਜੂਦ ਹਨ। ਬੇਸ਼ੱਕ ਗਾਲ੍ਹ ਆਮ ਪੰਜਾਬੀ ਦੀ ਜ਼ੁਬਾਨ ਦਾ ਹਿੱਸਾ ਹੈ ਪਰ ਸਮਾਜਕ ਚੇਤਨਤਾ ਦੇ ਮੁੱਦਈ ਨਾਟਕਾਰ ਨੂੰ ਮੇਰੀ ਬੇਨਤੀ ਹੈ ਕਿ ਉਹਨਾਂ ਦੀ ਕਲਮ ਵਿੱਚ ਬਹੁਤ ਦਮ ਹੈ ਉਹ ਇਸ ਮਸਲੇ ਦਾ ਤੋੜ ਲੱਭ ਸਕਦੇ ਹਨ।

ਗੱਲ ਕਿਉਂਕਿ ਨਾਟਕਾਂ ਅਤੇ ਪਾਤਰਾਂ ਬਾਰੇ ਹੈ, ਨਾਟਕਾਂ ਬਾਰੇ ਹੈ, ਮੈਂ ਨਾਟਕਾਂ ਬਾਰੇ ਪਾਠਕਾਂ ਨਾਲ ਹੋਰ ਘਟਨਾਵਾਂ ਵੀ ਸਾਂਝੀਆਂ ਕਰਨਾ ਚਾਹਾਂਗੀ। ਨਾਟਕਕਾਰ ਗੁਰਸ਼ਰਨ ਸਿੰਘ (ਮੇਰੇ ਪਿਤਾ) ਦਾ ਪ੍ਰਸਿਧ ਨਾਟਕ "ਕੋਈ ਹਰਿਆ ਬੂਟ ਰਹਿਓ ਰੀ?" ਲੁਧਿਆਣਾ ਦੇ ਡਰੇਸੀ ਗਰਾਉਂਡ ਵਿੱਚ ਚੱਲ ਰਿਹਾ ਸੀ। ਇਸ ਨਾਟਕ ਵਿੱਚ ਮਰਹੂਮ ਹਰਭਜਨ ਜੱਬਲ ਹੁਰਾਂ ਰੁਲੀਏ ਮਿਸਤਰੀ ਦਾ ਅਭੁੱਲ ਕਿਰਦਾਰ ਨਿਭਾਇਆ ਸੀ। ਨਾਟਕ ਵਿੱਚ ਇੱਕ ਥਾਂ ਰੁਲੀਏ ਮਿਸਤਰੀ ਦਾ ਡਾਇਲਾਗ ਸੀ "ਰੱਬ ... ਦੇ ਯਾਰ ਨੇ ਵੀ ਦੁਨੀਆ ਬਣਾਨ ਵੇਲੇ ਸ਼ਰਾਬ ਹੀ ਪੀਤੀ ਸੀ ...।"

ਦਰਸ਼ਕਾਂ ਵਿੱਚ ਕਾਮਰੇਡ ਸੋਹਨ ਸਿੰਘ ਜੋਸ਼ ਵੀ ਸਨ। ਨਾਟਕ ਤੋਂ ਬਾਦ ਉਹਨਾਂ ਨੇ ਕਿਹਾ ਕਿ ਮਾਂ ਤੇ ਭੈਣ ਦੀ ਗਾਲ੍ਹ ਕਦੇ ਵੀ ਕਿਸੇ ਨਾਟਕ ਦੇ ਡਾਇਲਾਗ ਵਿੱਚ ਨਹੀਂ ਆਉਣੀ ਚਾਹੀਦੀ; ਇਸ ਗੱਲ ਦਾ ਖਿਆਲ ਰੱਖੋ। ਕਾਮਰੇਡ ਜੋਸ਼ ਹੁਰਾਂ ਉਪਰ ਮੱਧਵਰਗੀ ਸੋਚ ਦੀ ਨੁਮਾਇੰਦਗੀ ਕਰਨ ਦਾ ਇਲਜ਼ਾਮ ਤਾਂ ਮੇਰੇ ਖ਼ਿਆਲ ਵਿੱਚ ਨਹੀਂ ਲਗਾਇਆ ਜਾ ਸਕਦਾ। ਭਾਜੀ ਗੁਰਸ਼ਰਨ ਸਿੰਘ ਇਹ ਗੱਲ ਹੁਣ ਵੀ ਬਹੁਤ ਵਾਰ ਦੁਹਰਾਂਦੇ ਹਨ।

ਦੂਜੀ ਘਟਨਾਂ 1979 ਦੀ ਹੈ ਜਦ ਬੰਸੀ ਕੌਲ ਦੀ ਦੇਖ ਰੇਖ ਵਿੱਚ ਅੰਮ੍ਰਿਤਸਰ ਨਾਟਕ ਵਰਕਸ਼ਾਪ ਲਗਾਈ ਗਈ, ਜਿਸ ਵਿੱਚ ਨਾਟਕ "ਧਮਕ ਨਗਾਰੇ ਦੀ" ਲਿਖਿਆ ਤੇ ਤਿਆਰ ਕੀਤਾ ਗਿਆ ਸੀ। ਇੱਕ ਦਿਨ ਨਾਟਕ ਦੀ ਰਿਹਰਸਲ ਸ਼੍ਰੀਮਤੀ ਮਹਿੰਦਰ ਕੌਰ ਵੇਖ ਰਹੇ ਸਨ, ਜੋ ਆਪ ਪ੍ਰਸਿੱਧ ਚਿੱਤਰਕਾਰ ਹਨ ਅਤੇ ਮਾਰਕਸਵਾਦੀ ਚਿੰਤਕ ਪ੍ਰੋ ਰਣਧੀਰ ਸਿੰਘ ਦੇ ਜੀਵਨ ਸਾਥੀ ਹਨ, ਨਾਟਕ ਵਿੱਚ ਇੱਕ ਥਾਂ ਤੇ ਦੋ ਮੁਗ਼ਲ ਸਿਪਾਹੀਆਂ ਦੇ ਡਾਇਲਾਗ ਕੁੱਝ ਇਸ ਤਰ੍ਹਾਂ ਸਨ:

ਇੱਕ: ਦੁੱਲੇ ਦਾ ਨਾਂ ਸੁਣਕੇ ਤੇਰਾ ਪੇਸ਼ਾਬ ਨਿਕਲ ਜਾਵੇ।

ਦੋ: ਤੇ ਤੇਰਾ ਨਾ ਨਿਕਲੇ।

ਇੱਕ: ਹਾਂ, ਤੇਰਾ ਵੀ ਨਿਕਲੇ ਤੇ ਮੇਰਾ ਵੀ ਨਿਕਲੇ।

ਸ਼੍ਰੀਮਤੀ ਮਹਿੰਦਰ ਕੌਰ ਨੇ ਇਕਦਮ ਕਿਹਾ ਕਿ ਇਹ ਡਾਇਲਾਗ ਸੁਣਨ ਵਿੱਚ ਠੀਕ ਨਹੀਂ ਹੈ। ਉਹਨਾਂ ਦੇ ਸੁਝਾਅ ਤੇ ਇਸ ਨੂੰ ਬਦਲ ਕੇ, ਦੁੱਲੇ ਦਾ ਨਾਂਅ ਸੁਣਕੇ ਤੇਰੀ ਜਾਨ ਨਿਕਲ ਜਾਵੇ ... ਕਰ ਦਿਤਾ ਗਿਆ। ਮੇਰੇ ਖਿਆਲ ਵਿੱਚ ਇਹ ਵੱਧ ਪ੍ਰਭਾਵਸ਼ਾਲੀ ਰਿਹਾ। ਮੇਰੇ ਪਿਆਰੇ ਸ਼ਾਇਰ ਸੁਰਜੀਤ ਪਾਤਰ ਨੇ ਇੱਕ ਵਾਰ ਪੰਜਾਬੀ ਨੂੰ ਲਾਜ਼ਮੀ ਦਫ਼ਤਰੀ ਭਾਸ਼ਾ ਬਣਾਨ 'ਤੇ ਇੱਕ ਨਜ਼ਮ ਲਿਖੀ ਸੀ ਜੋ ਠੀਕ ਤਰ੍ਹਾਂ ਤਾਂ ਯਾਦ ਨਹੀਂ ਪਰ ਕੁੱਝ ਇਸ ਤਰ੍ਹਾਂ ਸੀ ਕਿ ਇਹ ਭਾਸ਼ਾ ਕਦੀ ਵੀ ਨਹੀਂ ਸੀ ਦਰਬਾਰੀਆਂ ਦੀ ਤੇ ਵਜ਼ੀਰਾਂ ਦੀ, ਇਹ ਭਾਸ਼ਾ ਹੈ ਆਸ਼ਕਾਂ ਦੀ ਤੇ ਫਕੀਰਾਂ ਦੀ। ਸੋ ਮੈਂ ਇਸ ਤੋਂ ਅੱਗੇ ਕਹਿਣਾ ਚਾਹਾਂਗੀ ਕਿ ਇਹ ਭਾਸ਼ਾ ਪੰਜਾਬੀ ਔਰਤਾਂ ਦੀ ਵੀ ਹੈ। ਜੋ ਸ਼ਬਦ ਔਰਤ ਨਹੀ ਵਰਤ ਸਕਦੀ, ਆਦਮੀ ਕਿਉਂ ਵਰਤਣ? ਮਾਂ ਤੇ ਭੈਣ ਦੀ ਬੜੀ ਲਾਹ ਪਾਹ ਹੋ ਚੁਕੀ ਹੈ। ਹਰ ਘਰ, ਦਫਤਰ, ਗਲੀ, ਬਜ਼ਾਰ, ਖੇਡ ਦੇ ਮੈਦਾਨ ਵਿੱਚ ਲਫਜ਼ ਉਹਦੀ ਪੱਤ ਰੋਲ ਰਹੇ ਹਨ। ਜਦੋਂ ਪੰਜਾਬ ਲੋਕ ਸਭਿਆਚਾਰਕ ਮੰਚ ਦੀ ਸਥਾਪਣਾ ਹੋਈ ਸੀ, ਇੱਕ ਅਵਾਜ ਗੂੰਜੀ ਸੀ, 'ਉੱਚੇ ਚੁੱਕਾਂਗੇ ਸੁੱਚੇ ਬੋਲ, ਮਾਨ ਮਰਾੜਾਂ ਵਾਲਿਆਂ ਹੁਣ ਨਾ ਬੋਲੀਂ ਲੁੱਚੇ ਬੋਲ'। ਐਸੀ ਹੀ ਕੋਈ ਗੱਲ ਫੇਰ ਕਹੋ, ਕੋਈ ਨਾਅਰਾ ਦੁਬਾਰਾ ਦਿਓ।

# ਵਾਰਤਕ ਦੇ ਦਾਣੇ ਫੱਕੇ

*ਹੁਣ-ਕਵਿਤਾ, ਕਹਾਣੀ, ਨਾਵਲ ਆਦਿ ਦੀਆਂ ਮੁੱਖ ਵਿਧਾਵਾਂ ਨੂੰ ਛੱਡਕੇ ਸਮੇਂ ਦੇ ਬੀਤਣ ਨਾਲ ਪੰਜਾਬੀ ਵਿਚ ਆਮ ਵਾਰਤਕ ਦੀ ਉਹ ਮਹੱਤਤਾ ਨਹੀਂ ਰਹੀ ਜੋ ਪਹਿਲਾਂ ਹੁੰਦੀ ਸੀ। ਕੀ ਕਾਰਨ ਹੈ?*

ਸੰਧੂ -ਕਦੀ ਪੰਜਾਬੀ ਸਾਹਿਤ ਵਿੱਚ ਵਾਰਤਕ ਲੇਖਕਾਂ ਦੀ ਝੰਡੀ ਹੁੰਦੀ ਸੀ। ਭਾਵੇਂ ਸਾਹਿਤ ਦੀਆਂ ਦੂਜੀਆਂ ਵਿਧਾਵਾਂ ਦੇ ਲੇਖਕ ਵੀ ਜ਼ਿਕਰ-ਯੋਗ ਸਮਝੇ ਜਾਂਦੇ ਸਨ ਪਰ ਸਮੁੱਚੇ ਤੌਰ 'ਤੇ ਪੰਜਾਬੀ ਸਾਹਿਤ ਵਾਰਤਕ-ਲੇਖਕਾਂ ਦੇ ਨਾਂ ਨਾਲ ਹੀ ਜਾਣਿਆਂ ਜਾਂਦਾ ਸੀ। ਸਾਡੇ ਪਹਿਲੇ ਲੇਖਕਾਂ ਵਿੱਚੋਂ ਤੇਜਾ ਸਿੰਘ, ਗੁਰਬਖ਼ਸ਼ ਸਿੰਘ ਆਦਿ ਅਪਣੀ ਵਾਰਤਕ ਸਦਕਾ ਹੀ ਸਿਰਮੌਰ ਲੇਖਕਾਂ ਵਜੋਂ ਸਥਾਪਿਤ ਹੋਏ ਸਨ। ਸਾਹਿਬ ਸਿੰਘ, ਜੋਧ ਸਿੰਘ, ਕਪੂਰ ਸਿੰਘ, ਲਾਲ ਸਿੰਘ ਕਮਲਾ ਅਕਾਲੀ ਤੇ ਬਲਰਾਜ ਸਾਹਨੀ ਆਦਿ ਦਾ ਜ਼ਿਕਰ ਵੀ ਇਸ ਪਰਸੰਗ ਵਿੱਚ ਕੀਤਾ ਜਾ ਸਕਦਾ ਹੈ। ਪਰ ਅੱਜ-ਕੱਲ੍ਹ ਕਵਿਤਾ ਜਾਂ ਗਲਪ ਲਿਖਣ ਵਾਲੇ ਲੇਖਕਾਂ ਨੂੰ ਹੀ ਵਧੇਰੇ ਆਦਰ-ਮਾਣ ਮਿਲਦਾ ਹੈ। ਵਾਰਤਕ ਲਿਖਣ ਵਾਲੇ 'ਪਿੱਛੇ' ਰਹਿ ਗਏ ਹਨ। ਸਾਡੇ ਆਲੋਚਕ ਵੀ ਵਾਰਤਕ ਨੂੰ ਓਨੀ ਗੰਭੀਰਤਾ ਨਾਲ ਜ਼ਿਕਰ-ਯੋਗ ਵਿਧਾ ਨਹੀਂ ਸਮਝਦੇ ਜਿੰਨੀ ਗੰਭੀਰਤਾ ਨਾਲ ਕਵਿਤਾ ਜਾਂ ਗਲਪ ਨੂੰ ਸਮਝਦੇ ਹਨ। ਤੁਸੀਂ ਕੋਈ ਵੀ ਸਾਹਿਤਕ ਪਰਚਾ ਚੁੱਕ ਕੇ ਵੇਖ ਲਵੋ; ਪਹਿਲਾਂ ਕਵਿਤਾਵਾਂ, ਫੇਰ ਕਹਾਣੀਆਂ ਤੇ ਉਸਤੋਂ ਬਾਅਦ ਵਾਰਤਕ ਨੂੰ ਸਥਾਨ ਮਿਲਦਾ ਹੈ। ਸੰਪਾਦਕਾਂ ਦਾ ਵਾਰਤਕ ਵੱਲ ਇਹ ਨਜ਼ਰੀਆ ਮੇਰੇ ਆਖੇ ਦੀ ਹੀ ਪੁਸ਼ਟੀ ਕਰਦਾ ਹੈ। ਵਾਰਤਕ ਪੁਸਤਕਾਂ 'ਤੇ ਨਿੱਠ ਕੇ ਚਰਚਾ ਵੀ ਨਹੀਂ ਹੁੰਦੀ। ਇਸੇ ਲਈ ਹੋਰ ਵਿਧਾ 'ਚ ਪ੍ਰਵਾਨ ਹੋਇਆ ਕੋਈ ਲੇਖਕ ਜੇ ਵਾਰਤਕ ਰਚਨਾ ਕਰਦਾ ਹੈ ਤਾਂ ਅਕਸਰ ਇਹ ਸਮਝ ਲਿਆ ਜਾਂਦਾ ਹੈ ਕਿ ਇਸਦਾ 'ਦਾਣਾ-ਫੱਕਾ' ਵਿਕ ਗਿਆ ਹੈ। ਅੱਜ-ਕੱਲ੍ਹ ਵਾਰਤਕ-ਲੇਖਣ ਦਾ ਪਹਿਲਾਂ ਜਿਹਾ ਮਹੱਤਵ ਨਹੀਂ ਰਹਿ ਗਿਆ। ਜਿਹੜੀ ਕਦਰ ਕਵੀ, ਕਹਾਣੀਕਾਰ, ਨਾਵਲਕਾਰ ਜਾਂ ਨਾਟਕਕਾਰ ਦੀ ਹੈ, ਉਹ ਕਦਰ ਵਾਰਤਕ ਲੇਖਕ ਦੀ ਨਹੀਂ। ਕੀ ਨਵੇਂ ਵਾਰਤਕ ਲੇਖਕਾਂ ਵਿੱਚ ਪਾਠਕ-ਚੇਤਨਾ ਨੂੰ ਡੂੰਘੀ ਤਰ੍ਹਾਂ ਝੰਜੋੜਨ ਤੇ ਉਹਨਾਂ ਅੰਦਰ ਵਿਚਾਰ ਦੇ ਪੱਧਰ 'ਤੇ ਕੁਝ ਨਵਾਂ ਜੋੜ ਸਕਣ ਵਾਲੀ ਪ੍ਰਤਿਭਾ ਦੀ ਘਾਟ ਹੈ? ਸ਼ਾਇਦ ਇੰਜ ਹੀ ਹੋਵੇ। ਵਾਰਤਕ ਲੇਖਕ ਦਾ ਪਹਿਲਾਂ ਵਾਲਾ ਸਨਮਾਨ ਕਦੋਂ ਤੇ ਕਿਵੇਂ ਬਹਾਲ ਹੋਵੇਗਾ? ਇਹ ਸਵਾਲ ਤੁਹਾਡੇ ਨਾਲ ਮਿਲ ਕੇ ਮੈਂ ਵੀ ਪੁੱਛਣਾ ਚਾਹੁੰਦਾ ਹਾਂ। ਸਾਹਿਤਕ ਸਿਆਣਿਆਂ ਲਈ ਸੋਚਣ ਦੀ ਗੱਲ ਹੈ!

## ਲਿਖਣ ਮਾਹੌਲ



ਸਦੀਵੀ ਸਾਂਝ : ਜੀਵਨ ਸਾਥਣ ਰਜਵੰਤ ਨਾਲ।

*ਹੁਣ–ਮਨ ਵਿਚ ਕਿਸੇ ਖਿਆਲ ਦੇ ਰਿਝਦਿਆਂ, ਪੱਕਦਿਆਂ ਤੇ ਲਿਖੇ ਜਾਣ ਤੱਕ ਇੱਕ ਕਹਾਣੀ ਨੂੰ ਕਿੰਨਾ ਕੁ ਚਿਰ ਲੱਗ ਜਾਂਦਾ ਹੈ?*

–ਤੁਹਾਡੇ ਸਮੇਤ ਇਹ ਤਾਂ ਸਾਰਾ ਪੰਜਾਬੀ ਜਗਤ ਜਾਣਦਾ ਹੈ ਕਿ ਮੈਂ ਬਹੁਤ ਧੀਮੀ ਗਤੀ ਨਾਲ ਲਿਖਣ ਵਾਲਾ ਲੇਖਕ ਹਾਂ। ਕਹਾਣੀਆਂ ਮੇਰੇ ਅੰਦਰ ਵਰ੍ਹਿਆਂ ਤੱਕ ਪੱਕਦੀਆਂ ਤੇ ਆਕਾਰ ਬਣਾਉਂਦੀਆਂ ਰਹਿੰਦੀਆਂ ਹਨ। ਕਈ ਕਹਾਣੀਆਂ ਦੇ ਮਨ ਵਿਚ ਪਹਿਲਾ ਅੰਕੁਰ ਫੁੱਟਣ ਤੋਂ ਲੈ ਕੇ ਲਿਖਣ ਵਿਚ ਦਸ ਦਸ ਸਾਲ ਵੀ ਲੱਗੇ ਹਨ। 'ਨੌਂ ਬਾਰਾਂ ਦਸ' ਕਹਾਣੀ ਲਿਖਣ ਲਈ ਕਲਮ ਚੁੱਕਣ ਵਿਚ ਦਸ ਸਾਲ ਤੋਂ ਵੱਧ ਦਾ ਸਮਾਂ ਲੱਗਾ ਜਦ ਕਿ ਸੰਬੰਧਤ ਪਾਤਰ ਤੇ ਉਸਦੇ ਪਰਿਵਾਰ ਨਾਲ ਮੇਰੀ ਦਹਾਕਿਆਂ ਦੀ ਜਾਣ-ਪਛਾਣ ਸੀ ਤੇ ਮੈਂ ਸਾਲਾਂ ਬੱਧੀ ਸੋਚਦਾ ਵੀ ਰਿਹਾਂ ਸਾਂ ਉਸ ਬਾਰੇ ਕਹਾਣੀ ਲਿਖਣ ਬਾਰੇ। 'ਰਿਮ ਝਿਮ ਪਰਬਤ' ਤੇ 'ਜਮਰੌਦ' ਨੂੰ ਰਿਝਦਿਆਂ ਪੱਕਦਿਆਂ ਵੀ ਵਰ੍ਹੇ ਲੱਗ ਗਏ। ਪਰ ਕੁਝ ਕਹਾਣੀਆਂ ਮਨ ਵਿਚ ਫੁੱਟੀਆਂ ਤੇ ਛੇਤੀ ਹੀ ਕਾਗ਼ਜ਼ 'ਤੇ ਉੱਤਰ ਆਈਆਂ। 'ਭੱਜੀਆਂ ਬਾਹੀਂ', 'ਮੈਂ ਹੁਣ ਠੀਕ ਠਾਕ ਹਾਂ' ਤੇ 'ਚੌਥੀ ਕੂਟ' ਦਾ ਇਸ ਪ੍ਰਸੰਗ ਵਿਚ ਜ਼ਿਕਰ ਕੀਤਾ ਜਾ ਸਕਦਾ ਹੈ। ਕਈ ਕਹਾਣੀਆਂ ਨੂੰ ਸਾਲਾਂ ਬੱਧੀ ਇਸ ਕਰਕੇ ਵੀ ਲਿਖਣ ਲਈ ਰਾਹ ਨਾ ਲੱਭਾ ਕਿ ਕਹਾਣੀ ਦਾ ਸਾਰਾ ਮਸਾਲਾ ਕੋਲ ਹੋਣ ਦੇ ਬਾਵਜੂਦ ਮੈਨੂੰ ਇਹ ਸਮਝ ਨਹੀਂ ਸੀ ਆਉਂਦੀ ਕਿ ਕਹਾਣੀ ਨੂੰ ਕਿਹੜਾ ਤਰਕ-ਸੰਗਤ ਅੰਜਾਮ ਦਿੱਤਾ ਜਾ ਸਕਦਾ ਹੈ। ਜਦੋਂ ਇਹ ਅੰਤ 'ਲਾਧੋ ਰੇ!' ਹੋ ਗਿਆ ਤਾਂ ਕਹਾਣੀ ਲਿਖੀ ਗਈ। 'ਸੁਨਹਿਰੀ ਕਿਣਕਾ' ਇੰਜ ਹੀ ਕਈ ਸਾਲ ਅਪਣਾ ਅੰਤ ਲੱਭਣ ਲਈ ਮੇਰੇ ਅੰਦਰ ਰੁਕੀ ਰਹੀ।

*ਹੁਣ–ਕੁਝ ਲਿਖਣ ਜਾਂ ਰਚਨਾ ਕਰਨ ਸਮੇਂ ਕਿਸੇ ਖਾਸ ਮਾਹੌਲ ਦੀ ਵੀ ਲੋੜ ਪੈਂਦੀ ਹੈ ਕਦੇ?*

ਸੰਧੂ –ਨਹੀਂ; ਕਿਸੇ ਖ਼ਾਸ ਮਾਹੌਲ ਦੀ ਨਹੀਂ। ਮਨ ਵੱਤਰ ਹੋਵੇ, ਵਿਹਲ ਹੋਏ, ਕੋਈ ਫ਼ਿਕਰ ਨਾ ਹੋਵੇ ਤੇ ਕਹਾਣੀ ਲਿਖੇ ਜਾਣ ਲਈ ਮਨ ਅੰਦਰ ਉੱਸਲ ਵੱਟ ਲੈ ਰਹੀ ਹੋਵੇ ਤਾਂ ਕੋਈ ਵੀ ਮਾਹੌਲ ਵਾਰਾ ਖਾ ਸਕਦਾ ਹੈ। ਜੇ ਇਹ ਸਭ ਕੁਝ ਨਹੀਂ ਤਾਂ ਕਿੰਨਾ ਵੀ ਖ਼ੁਸ਼ਗਵਾਰ ਮਾਹੌਲ ਹੋਵੇ ਕਲਮ ਨਹੀਂ ਉੱਠਦੀ।

*ਹੁਣ–ਕੀ ਤੁਹਾਡੇ ਪਿੱਛੋਂ ਆ ਰਹੇ ਪੋਚ ਵਿਚ ਕਹਾਣੀ ਖੇਤਰ ਵਿਚ ਕੋਈ ਅਜਿਹਾ ਲੇਖਕ ਵੀ ਆਇਆ ਹੈ ਜਿਸਨੇ ਤੁਹਾਥੋਂ ਬਾਅਦ ਕੁਝ ਨਵਾਂ ਗੌਲਣਯੋਗ ਜੋੜਿਆ ਹੈ?*

ਸੰਧੂ –ਨਿਸਚੈ ਹੀ ਕਈ ਨਾਂ ਅਜਿਹੇ ਹਨ ਜਿਨ੍ਹਾਂ ਦਾ ਅਨੁਭਵ ਸਾਡੇ ਨਾਲੋਂ ਕੁਝ ਮਸਲਿਆਂ ਬਾਰੇ ਤਾਜ਼ਾ ਤੇ ਉਹਨਾਂ ਦੇ ਅਪਣੇ ਸਮਿਆਂ ਦੇ ਹਾਣ ਦਾ ਹੈ। ਉਹ ਉਸ ਅਨੁਭਵ ਵਿਚੋਂ ਆਪ ਲੰਘ ਰਹੇ ਹੁੰਦੇ ਨੇ। ਵਧੇਰੇ ਜਾਣਕਾਰ ਹੁੰਦੇ ਨੇ। ਉਹਨਾਂ ਦੇ ਪੈਰ ਉਸ ਅਨੁਭਵ ਖੇਤਰ 'ਚੋਂ ਲੰਘਦਿਆਂ ਭਰੋਸੇ ਨਾਲ ਉੱਠਦੇ ਨੇ। ਕਿਤੇ ਕਿਤੇ ਸਾਡੀ 'ਪੁਰਾਣੀ' ਨਜ਼ਰ ਬੇਹੀ ਤੇ ਖੁੰਢੀ ਵੀ ਹੋ ਸਕਦੀ ਹੈ। ਕਦੀ ਕੁਲਵੰਤ ਸਿੰਘ ਵਿਰਕ ਨੇ ਮੇਰੇ ਕਹਾਣੀ ਸੰਗ੍ਰਹਿ 'ਅੰਗ-ਸੰਗ' ਬਾਰੇ ਬੋਲਦਿਆਂ ਕਿਹਾ ਸੀ, "ਮੈਂ ਬੜੀ ਦੇਰ ਦਾ ਪਿੰਡ ਛੱਡ ਦਿੱਤਾ ਹੋਇਆ ਹੈ। ਇਸ ਲਈ ਅੱਜ ਦੇ ਪਿੰਡ ਦਾ ਪਤਾ ਮੇਰੇ ਨਾਲੋਂ ਵੱਧ ਵਰਿਆਮ ਨੂੰ ਹੋਵੇਗਾ, ਮੈਨੂੰ ਨਹੀਂ ਹੋ ਸਕਦਾ।" ਇੰਜ ਹੀ ਮੈਂ ਵੀ ਇਹ ਕਹਿ ਸਕਦਾਂ ਕਿ ਮੈਂ ਪਿੰਡ ਤੇ ਕਿਰਸਾਣੀ ਬਾਰੇ ਲਿਖਣ ਵਾਲਾ ਕਹਾਣੀਕਾਰ ਸਮਝਿਆ ਜਾਂਦਾ ਹਾਂ ਪਰ ਪਿਛਲੇ ਬਾਈ-ਚਵ੍ਹੀ ਸਾਲ ਤੋਂ ਪਿੰਡ ਨਾਲ ਰੋਜ਼ ਦਾ ਵਾਸਤਾ ਨਾ ਹੋਣ ਕਰ ਕੇ ਪਿੰਡ ਵਿਚ ਵੱਸਦਾ ਨਵਾਂ ਤੇ ਸੰਵੇਦਨਸ਼ੀਲ ਕਹਾਣੀਕਾਰ ਅਜੋਕੇ ਪਿੰਡ ਬਾਰੇ ਮੇਰੇ ਨਾਲੋਂ ਵੱਧ ਜਾਣਕਾਰ ਹੋ ਸਕਦਾ ਹੈ। ਸੋ ਤਜਰਬੇ ਦੇ ਪੱਖ ਤੋਂ ਨਵੇਂ ਕਹਾਣੀਕਾਰਾਂ ਨੇ ਪੰਜਾਬੀ ਕਹਾਣੀ ਵਿਚ ਨਵਾਂ ਕੁਝ ਜ਼ਰੂਰ ਜੋੜਿਆ ਹੈ। ਤੇ ਨਵੇਂ ਤਜਰਬੇ ਨੂੰ ਕਹਾਣੀ ਵਿਚ ਪੇਸ਼ ਕਰਦਿਆਂ ਵਿਧਾ ਪੱਖੋਂ ਵੀ ਕੁਝ ਨਾ ਕੁਝ ਨਵਾਂ ਜ਼ਰੂਰ ਹੀ ਪੰਜਾਬੀ ਕਹਾਣੀ ਵਿਚ ਸ਼ਾਮਲ ਹੋਇਆ ਹੈ।

*ਹੁਣ– ਅੱਜ ਕਲ ਕੀ ਪੜ੍ਹ ਤੇ ਵਿਚਾਰ ਰਹੇ ਹੋ?*

ਸੰਧੂ –ਨਵੇਂ ਛਪਦੇ ਪਰਚਿਆਂ ਤੋਂ ਇਲਾਵਾ ਕਈ ਸਾਲਾਂ ਬਾਦ ਦੋਬਾਰਾ ਦਾਸਤੋਵਸਕੀ ਦਾ 'ਬੁੱਧੂ' ਤੇ ਗੋਰਕੀ ਦੇ 'ਮੇਰੇ ਸ਼ਗਿਰਦੀ ਦੇ ਦਿਨ' ਪੜ੍ਹ ਕੇ ਹਟਿਆਂ। ਪਿਛਲੇ ਦਹਾਕੇ ਦੀਆਂ ਸੌ ਕੁ ਕਹਾਣੀਆਂ ਇਕੋ ਵਾਰ ਮੁੜ ਪੜ੍ਹੀਆਂ ਹਨ ਤਾਕਿ ਇਸ ਕਹਾਣੀ ਬਾਰੇ ਠੋਸ ਮੱਤ ਬਣਾ ਸਕਾਂ। ਪਿਛਲੇ ਸਮੇਂ ਤੋਂ ਵਿਸ਼ੇਸ਼ ਤੌਰ 'ਤੇ ਪੰਜਾਬ ਦਾ ਇਤਿਹਾਸ, ਪੁਰਾਣਾ ਤੇ ਨਵਾਂ, ਪੜ੍ਹ ਵੀ ਰਿਹਾਂ ਤੇ ਵਿਚਾਰ ਵੀ ਰਿਹਾਂ। ਅਪਣੀ 'ਸਵੈਜੀਵਨੀ' ਦੇ ਪਹਿਲੇ ਭਾਗ ਨੂੰ ਮੁਕੰਮਲ ਕਰਨ ਵਿਚ ਵੀ ਲੱਗਾ ਹੋਇਆਂ।

**ਹੁਣ ਵਲੋਂ ਅਵਤਾਰ ਜੰਡਿਆਲਵੀ, ਸੁਸ਼ੀਲ ਦੁਸਾਂਝ**
ਜਲੰਧਰ, ਚੰਡੀਗੜ੍ਹ– ਮਾਰਚ – 2011



ਰਜਵੰਤ ਕੌਰ ਸੰਧੂ

# ਨਰਮ-ਨਾਜ਼ੁਕ ਪਰ ਲੋਹੇ ਦੇ ਜਿਗਰੇ ਵਾਲੇ

ਸਾਡੇ ਰਿਸ਼ਤੇ ਬਾਰੇ ਸੰਧੂ ਸਾਹਿਬ ਸਦਾ ਹੱਸਦੇ ਹੋਏ ਕਹਿੰਦੇ ਰਹੇ ਹਨ ਕਿ ਆਪਾਂ ਤਾਂ ਲਾਟਰੀ ਪਾਈ ਸੀ। ਲਾਟਰੀ ਠੀਕ ਨਿਕਲ ਆਈ। ਰੱਬ ਦਾ ਸ਼ੁਕਰ ਹੈ ਲਾਟਰੀ ਮੇਰੀ ਵੀ ਠੀਕ ਨਿਕਲ ਆਈ। ਉਂਜ ਸਾਡਾ ਰਿਸ਼ਤਾ ਹੋਣ ਵੇਲੇ ਕਈ ਰੁਕਾਵਟਾਂ ਵੀ ਪਈਆਂ। ਜਦੋਂ ਰਿਸ਼ਤੇ ਦੀ ਗੱਲ ਚੱਲੀ ਤਾਂ ਸੰਧੂ ਸਾਹਿਬ ਨੇ ਪਤਾ ਕਰਨਾ ਚਾਹਿਆ ਕਿ ਕੁੜੀ ਕਿਹੋ ਜਿਹੀ ਹੈ। ਉਹਨਾਂ ਨੇ ਅਪਣੇ ਪਿੰਡ ਦੇ ਇਕ ਦੋਸਤ ਅਧਿਆਪਕ ਨੂੰ ਕਿਹਾ ਕਿ ਪਤਾ ਕਰਕੇ ਦੱਸੇ। ਉਹ ਅਧਿਆਪਕ ਸਾਡੇ ਸੈਂਟਰ ਵਿਚ ਗੱਲ ਕਰ ਬੈਠਾ ਤਾਂ ਮੇਰੇ ਚਾਚੇ ਦੀ ਕੁੜੀ ਨੂੰ ਰਿਸ਼ਤੇ ਦੀ ਗੱਲ ਪਤਾ ਲੱਗ ਗਈ। ਉਹਨੇ ਅਪਣੇ ਘਰ ਗੱਲ ਕਰ ਦਿੱਤੀ। ਉਹਦਾ ਜੀਜਾ ਇਹਨਾਂ ਦਾ ਜਾਣੂ ਸੀ ਤੇ ਇਹਨਾਂ 'ਤੇ ਬੜਾ ਨਰਾਜ਼ ਸੀ ਕਿਉਂਕਿ ਇਹਨਾਂ ਨੇ ਬਾਬੇ ਭਕਨੇ ਦੇ ਚਲਾਣੇ ਤੇ 'ਅਜੀਤ' ਅਖ਼ਬਾਰ ਵਿਚ ਲਿਖੇ ਲੇਖ ਵਿਚ ਉਸ ਪੜ੍ਹੇ ਲਿਖੇ ਅਧਿਆਪਕ ਦਾ ਨਾਂ ਲੈਣ ਤੋਂ ਬਿਨਾਂ ਸਾਡੀ ਵਿਦਿਆ ਅਤੇ ਪ੍ਰਬੰਧ ਦਾ ਮਜ਼ਾਕ ਉਡਾਉਂਦਿਆਂ ਕਿਹਾ ਸੀ ਕਿ ਇਹ ਸਾਡਾ ਕਿਹੋ ਜਿਹਾ ਸਿਸਟਮ ਹੈ ਕਿ ਸਾਡੇ ਪੜ੍ਹੇ ਲਿਖੇ ਨੌਜਵਾਨ ਵੀ ਬਾਬੇ ਭਕਨੇ ਜਿਹੇ ਦੇਸ਼ ਭਗਤ ਦਾ ਨਾਂ ਨਹੀਂ ਜਾਣਦੇ। ਉਸਨੇ ਕਿਹਾ ਕਿ ਮੁੰਡਾ ਤਾਂ ਤੱਤੇ ਖ਼ਿਆਲਾਂ ਦਾ ਹੈ, ਸੁਭਾਅ ਦਾ ਵੀ ਗੁੱਸੇ ਖੋਰ ਤੇ ਆਪ-ਹੁਦਰਾ ਹੈ ਤੇ ਮਾਂ-ਪਿਓ ਦੀ ਵੀ ਨਹੀਂ ਮੰਨਦਾ। ਪੁੱਠੇ ਪਾਸੇ ਤੁਰਿਆ ਹੋਇਐ। ਘਰ ਦੀ ਆਰਥਕ ਹਾਲਤ ਵੀ ਬਹੁਤੀ ਚੰਗੀ ਨਹੀਂ। ਓਧਰ ਰਿਸ਼ਤਾ ਨਾ ਕੀਤਾ ਜਾਵੇ। ਉਸਨੇ ਇਕ ਹੋਰ ਰਿਸ਼ਤੇ ਦੀ ਦੱਸ ਵੀ ਪਾ ਦਿੱਤੀ। ਮੇਰੀ ਚਚੇਰੀ ਭੈਣ ਨੇ ਬੜੀ ਚਿੰਤਾ ਜ਼ਾਹਰ ਕਰਦਿਆਂ ਇਹ ਸਾਰੀ ਗੱਲ ਮੈਨੂੰ ਆਣ ਦੱਸੀ।

ਪਹਿਲਾਂ ਤਾਂ ਮੈਂ ਬੜੀ ਉਦਾਸ ਹੋਈ ਤੇ ਸੋਚਿਆ ਕਿ ਅਪਣੀ ਬੀ ਜੀ ਨੂੰ ਆਖਾਂ ਇਹ ਰਿਸ਼ਤਾ ਨਾ ਕਰਨ। ਮਨ 'ਤੇ ਬੜਾ ਭਾਰ। ਬੜਾ ਸੋਚਿਆ। ਦੋ ਦਿਨ ਸੋਚਦੀ ਰਹੀ। ਸਾਰੀ ਗੱਲ ਤਾਂ ਮੈਂ ਘਰ ਵਿਚ ਪਹਿਲਾਂ ਹੀ ਦੱਸ ਦਿੱਤੀ ਸੀ ਪਰ ਬੜੀ ਸੋਚ ਵਿਚਾਰ ਤੋਂ ਬਾਅਦ ਮੈਂ ਅਪਣੀ ਬੀ ਜੀ ਨੂੰ ਕਿਹਾ ਕਿ ਤੁਸੀਂ ਉਹਨਾਂ ਦੇ ਪਿੰਡ ਜਾਓ, ਓਥੇ ਭੂਆ ਦਾ ਲੜਕਾ ਵਿਆਹਿਆ ਹੋਇਆ ਹੈ। ਉਹ ਤਾਂ ਰਿਸ਼ਤੇ ਦੀ ਦੱਸ ਪਾਉਣ ਵਾਲੇ ਨਹੀਂ। ਉਹ ਸੱਚ ਹੀ ਦੱਸਣਗੇ। ਕੋਈ ਓਹਲਾ ਕਿਓਂ ਰੱਖਣਗੇ। ਅਪਣੇ ਰਿਸ਼ਤੇਦਾਰ ਨੇ, ਠੀਕ ਸਲਾਹ ਵੀ ਦੇਣਗੇ। ਜਿੱਥੋਂ ਤੱਕ ਘਰ ਦੀ ਆਰਥਕ ਹਾਲਤ ਦੀ ਗੱਲ ਹੈ, ਜੇ ਮੇਰੀ ਕਿਸਮਤ ਚੰਗੀ ਹੋਈ ਤੇ ਮੁੰਡਾ ਚੰਗਾ ਨਿਕਲਿਆ ਤਾਂ ਕੱਖ ਤੋਂ ਲੱਖ ਹੋ ਜਾਣਗੇ। ਬੀ ਜੀ ਸੁਰ ਸਿੰਘ ਗਏ ਤਾਂ ਸਾਡਾ ਰਿਸ਼ਤੇਦਾਰ ਸਵਰਨ ਸਿੰਘ ਕਹਿੰਦਾ ਕਿ ਅਸੀਂ ਸੁਣਿਐਂ ਉਹ ਮੁੰਡਾ ਰਿਸ਼ਤੇ ਲਈ ਅਜੇ ਤਾਂ ਮੰਨਦਾ ਈ ਨਹੀਂ। ਪਰ ਜੇ ਉਹ ਰਿਸ਼ਤੇ ਲਈ ਤਿਆਰ ਹੈ ਤਾਂ ਉਹ ਬਹੁਤ ਚੰਗੇ ਵਿਚਾਰਾਂ ਦਾ, ਸਿਆਣਾ ਤੇ ਲਾਇਕ ਲੜਕਾ ਹੈ। ਉਹਨਾਂ ਦੀ ਜ਼ਮੀਨ ਵੀ ਹੈਗੀ। ਇਹ ਸ਼ਾਮ ਨੂੰ ਸਕੂਲ ਵਿਚ ਵਾਲੀਬਾਲ ਖੇਡਦੇ ਹੁੰਦੇ ਸਨ। ਉਹ ਇਹਨਾਂ ਨੂੰ ਬੁਲਾ ਲਿਆਇਆ। ਮੇਰੇ ਬੀ ਜੀ ਇਹਨਾਂ ਨੂੰ ਵੇਖ ਕੇ ਬੜੇ ਖ਼ੁਸ਼ ਹੋਏ। ਘਰ ਆ ਕੇ ਸਾਨੂੰ ਦੱਸਣ ਕਿ ਮੁੰਡਾ ਤਾਂ ਬਿਲਕੁਲ ਤੁਹਾਡੇ ਭਾਪਾ ਜੀ ਵਰਗਾ ਹੈ। ਉਸੇ ਤਰ੍ਹਾਂ ਪਤਲਾ, ਲੰਮਾ, ਉੱਚਾ ਜਵਾਨ ਤੇ ਖਿਡਾਰੀ। ਸਾਦ-ਮੁਰਾਦਾ। ਖੇਡਦਾ ਖੇਡਦਾ ਉਹਨਾਂ ਈ ਕੱਪੜਿਆਂ ਵਿਚ ਉਹ ਮੈਨੂੰ ਮਿਲਣ ਆ ਗਿਆ। ਮੇਰੀ ਬੀ ਜੀ ਨੇ ਓਸੇ ਵੇਲੇ ਮੁੰਡਾ ਮੱਲਣ ਦੀ ਸੋਚੀ ਤੇ ਇਕ ਸੌ ਇਕ ਰੁਪੈ ਇਹਨਾਂ ਨੂੰ ਦੇਣੇ ਚਾਹੇ। ਪਰ ਇਹਨਾਂ ਨੇ ਇਕ ਰੁਪਈਆ ਹੀ ਲਿਆ। ਬੀ ਜੀ ਬੜੇ ਖ਼ੁਸ਼ ਹੋ ਹੋ ਕੇ ਇਹ ਗੱਲਾਂ ਦੱਸਣ। ਬੀ ਜੀ ਨੇ ਇਹ ਵੀ ਕਿਹਾ ਕਿ ਜੇ ਸੰਧੂ ਸਾਹਿਬ ਮੈਨੂੰ ਵੇਖਣਾ ਚਾਹੁੰਦੇ ਹੋਣ ਤਾਂ ਉਹਨਾਂ ਦੀ ਜੇ ਬੀ ਟੀ ਦੀ ਜਮਾਤਣ ਤੇ ਮੇਰੀ ਕੁਲੀਗ ਗੁਰਦੀਪ ਕੌਰ ਦੇ ਘਰ ਉਹ ਮੈਨੂੰ ਵੇਖ ਵੀ ਸਕਦੇ ਨੇ। ਮੈਂ ਇਸਤੋਂ ਬਹੁਤ ਨਰਾਜ਼ ਹੋਈ ਤੇ ਇਸ ਤਰ੍ਹਾਂ ਵਿਖਾਏ ਜਾਣ ਤੋਂ ਬੀ ਜੀ ਨੂੰ ਨਾਂਹ ਕਰ ਦਿੱਤੀ। ਪਰ ਅੱਗੋਂ ਇਹਨਾਂ ਨੇ ਵੀ ਬੀ ਜੀ ਨੂੰ ਆਖ ਦਿੱਤਾ ਸੀ ਕਿ ਇਹ ਇਸ ਤਰ੍ਹਾਂ ਕੁੜੀ ਵੇਖਣਾ ਠੀਕ ਨਹੀਂ ਸਮਝਦੇ।

ਜਦੋਂ ਇਹਨਾਂ ਨੇ ਘਰ ਜਾ ਕੇ ਅਪਣੀ ਬੀਜੀ ਨੂੰ ਇਹ ਗੱਲ ਦੱਸੀ ਤਾਂ ਉਹ ਕਹਿੰਦੇ ਕਿ ਤੂੰ ਤਾਂ ਕਹਿੰਦਾ ਸੀ ਅਜੇ ਵਿਆਹ ਨਹੀਂ ਕਰਾਉਣਾ, ਹੁਣ ਆਪੇ 'ਹਾਂ' ਕਰ ਆਇਆ ਏਂ? ਇਹ ਹੱਸ ਕੇ ਕਹਿੰਦੇ ਕਿ ਇੱਕ ਰੁਪਈਆ ਈ ਲਿਆਇਆਂ; ਕਹਿੰਦੇ ਓ ਤਾਂ ਮੋੜ ਦਿੰਦੇ ਆਂ। ਅਸਲ ਵਿਚ ਇਹਨਾਂ ਨੇ ਵੀ ਪਹਿਲਾਂ ਮੇਰੇ ਬਾਰੇ ਪੁੱਛ ਦੱਸ ਲਿਆ ਸੀ ਤੇ ਇਹਨਾਂ ਦੇ ਘਰਦਿਆਂ ਨੂੰ ਵੀ ਸਾਰੀ ਗੱਲ ਦਾ ਪਤਾ ਸੀ। ਉਹ ਇਹਨਾਂ ਦੀ ਮਰਜ਼ੀ ਨਾਲ ਰਾਜ਼ੀ ਸਨ। ਪਰ ਇਹਨਾਂ ਦਾ ਮਨ ਵਿਚ-ਵਿਚਾਲੇ ਜਿਹੇ ਸੀ। ਇਹਨਾਂ ਨੇ ਅਗਲੇ ਅਗਲੇਰੇ ਦਿਨ ਅਪਣੀ ਕਿਤਾਬ 'ਲੋਹੇ ਦੇ ਹੱਥ' ਭੇਜ ਕੇ ਅਖਵਾ ਘੱਲਿਆ ਕਿ ਮੈਂ ਇਨਕਲਾਬੀ ਵਿਚਾਰਾਂ ਦਾ ਹਾਂ। ਹੋ ਸਕਦਾ ਹੈ ਕੱਲ ਕਲੋਤਰ ਨੂੰ ਜੇਲ੍ਹ ਜਾਣਾ ਪਵੇ ਜਾਂ ਹੋਰ ਵੀ ਕੁਝ ਹੋ ਜਾਵੇ। ਹੁਣੇ ਈ ਸੋਚ ਵਿਚਾਰ ਲਵੋ। ਮੈਂ ਤਾਂ ਇਕ ਵਾਰ ਫੇਰ ਡਰ ਗਈ। ਪਰ ਮੇਰੀ ਬੀ ਜੀ ਇਹਨਾਂ ਨੂੰ ਮਿਲ ਕੇ ਕੁਝ ਜ਼ਿਆਦਾ ਹੀ ਪ੍ਰਭਾਵਤ ਸਨ। ਕਹਿਣ ਲੱਗੇ ਕੋਈ ਗੱਲ ਨਹੀਂ, ਤੂੰ ਫ਼ਿਕਰ ਨਾ ਕਰ, ਵਿਆਹ ਤੋਂ ਪਿੱਛੋਂ ਆਪੇ ਸਭ ਕੁਝ ਠੀਕ ਹੋ ਜਾਣੈਂ। ਉਹ ਸਾਡੇ ਟੱਬਰ ਦੇ ਕਮਿਊਨਿਸਟ ਚਾਚੇ ਤਾਇਆਂ ਬਾਰੇ ਦੱਸਣ ਲੱਗੀ ਜਿਹੜੇ ਹੁਣ ਅਪਣੇ ਘਰਾਂ ਵਿਚ ਰੁਝੇ ਹੋਏ ਸਨ।

ਮੈਂ ਤਾਂ ਇਹਨਾਂ ਬਾਰੇ ਵਿਚੋਲਿਆਂ ਤੇ ਬੀ ਜੀ ਦੇ ਦੱਸਣ ਨਾਲ ਹੀ ਸੰਤੁਸ਼ਟ ਸੀ ਪਰ ਹੁਣ ਇਹਨਾਂ ਦੇ ਮਨ ਵਿਚ ਮੇਰੇ ਬਾਰੇ ਜਾਣਨ ਤੇ ਮੈਨੂੰ ਵੇਖਣ ਦੀ ਇੱਛਾ ਜਾਗ ਪਈ। ਇਹਨਾਂ ਦੀ ਉਦੋਂ ਹੀ ਬੜੀ ਜਾਣ-ਪਛਾਣ ਸੀ ਇਲਾਕੇ ਵਿਚ। ਇਹਨਾਂ ਦੇ ਕੁਝ ਦੋਸਤ ਮੇਰੇ ਪਿੰਡ ਝਬਾਲ ਹਾਈ ਸਕੂਲ ਵਿਚ ਪੜ੍ਹਾਉਂਦੇ ਸਨ। ਇਹਨਾਂ ਨੇ ਉਹਨਾਂ ਤੋਂ ਮੇਰੇ ਬਾਰੇ ਪੁੱਛਿਆ ਤਾਂ ਉਹ ਹਾਸੇ ਨਾਲ ਕਹਿੰਦੇ, ਤੂੰ ਛੇਤੀ ਏਥੋਂ ਚਲਿਆ ਜਾ। ਕੁੜੀ ਤੇਰੇ ਮੁਕਾਬਲੇ 'ਤੇ ਏਨੀ ਸੋਹਣੀ ਏਂ ਕਿ ਜੇ ਕੁੜੀ ਨੇ ਤੈਨੂੰ ਵੇਖ ਲਿਆ ਤਾਂ ਕਿਤੇ ਜਵਾਬ ਨਾ ਦੇ ਦੇਵੇ। ਮੇਰੇ ਪਿਤਾ ਦੇ ਬਹੁਤ ਹੀ ਕਦਰਦਾਨ ਰਹੇ ਬਜ਼ੁਰਗ ਅਧਿਆਪਕ ਸ ਦੀਦਾਰ ਸਿੰਘ ਨੇ ਇਹਨਾਂ ਨੂੰ ਕਿਹਾ ਕਿ ਇਹ ਲੜਕੀ ਤਾਂ ਸਾਡੇ ਪਿੰਡ ਦੀ ਮਿਸਾਲੀ ਧੀ ਹੈ। ਅਸੀਂ ਚੰਗੀ ਧੀ-ਭੈਣ ਦੀ ਮਿਸਾਲ ਦੇਣੀ ਹੋਵੇ ਤਾਂ ਰਜਵੰਤ ਦਾ ਨਾਂ ਲੈਂਦੇ ਹਾਂ। ਉਹ ਬੰਤਾ ਸਿੰਘ ਠਾਣੇਦਾਰ ਦੀ 'ਧੀ' ਨਹੀਂ, 'ਪੁੱਤ' ਹੈ।

ਸਾਰੀਆਂ ਗੱਲਾਂ ਸੁਣ ਕੇ ਇਹਨਾਂ ਦੇ ਮਨ ਵਿਚ ਮੈਨੂੰ ਵੇਖਣ ਦੀ ਇੱਛਾ ਹੋਰ ਤੀਬਰ ਹੋ ਗਈ। ਇਹਨਾਂ ਨੇ ਮੈਨੂੰ ਚੋਰੀ ਵੇਖਣ ਦਾ ਮਨ ਬਣਾ ਲਿਆ। ਮੈਂ ਬੀ ਏ ਦਾ ਇਮਤਿਹਾਨ ਦੇ ਰਹੀ ਸਾਂ ਤੇ ਅਸੀਂ ਤਿੰਨ ਕੁੜੀਆਂ ਸਕੂਲ ਲੱਗਣ ਤੋਂ ਪਹਿਲਾਂ ਮਾਸਟਰ ਮਨੋਹਰ ਲਾਲ ਤੋਂ ਅੰਗਰੇਜ਼ੀ ਦੀ ਟਿਊਸ਼ਨ ਪੜ੍ਹਦੀਆਂ ਸਾਂ। ਦਸੰਬਰ ਦੇ ਠੰਡੇ ਦਿਨ ਸਨ। ਇਹ ਅਪਣੇ ਇਕ ਦੋਸਤ ਨਲ ਸਵੇਰੇ ਸਵੱਖਤੇ ਸਕੂਲ ਦੇ ਮੋੜ 'ਤੇ ਆਣ ਖਲੋਤੇ। ਇਹ ਦੱਸਦੇ ਸੀ ਜਦੋਂ ਟਿਊਸ਼ਨ ਖ਼ਤਮ ਹੋਈ ਤਾਂ ਦੋ ਕੁੜੀਆਂ ਇਕ ਪਾਸੇ ਤੁਰ ਗਈਆਂ। ਤੂੰ ਜਦੋਂ ਪੰਝੀ ਤੀਹ ਗਜ਼ ਦੀ ਵਿੱਥ ਤੋਂ ਘਰ ਨੂੰ ਲੰਘੀ ਤਾਂ ਬਕਾਲ ਬੁੱਕਲ ਮਾਰੀ ਹੋਈ ਸੀ। ਸਾਰਾ ਮੂੰਹ ਸਿਰ ਢੱਕਿਆ ਹੋਇਆ ਸੀ। ਇਕ ਬੰਦ ਬੋਰੀ ਦਿਸ ਰਹੀ ਸੀ। ਅਸੀਂ ਨਿਰਾਸ ਮੁੜ ਰਹੇ ਸਾਂ ਤੇ ਨਾਲੇ ਤੇਰੇ ਜਾਣ ਵਾਲੇ ਰਾਹ ਵੱਲ ਮੁੜ ਮੁੜ ਵੇਖੀਏ ਤੇ ਸ਼ਰਮਿੰਦੇ ਹੋਏ ਅਪਣੀ 'ਸਫ਼ਲਤਾ' 'ਤੇ ਹੱਸੀਏ। ਪਿਛੋਂ ਕੋਈ ਮਾਸਟਰਾਣੀ ਆ ਰਹੀ ਸੀ। ਉਸ ਸਮਝਿਆ ਕਿ ਉਹਨੂੰ ਵੇਖ ਕੇ ਸ਼ਰਾਰਤ ਨਾਲ ਹੱਸ ਰਹੇ ਨੇ। ਉਹ ਗਲ਼ ਪੈ ਗਈ ਤੇ ਇਹਨਾਂ ਦੀ ਸੇਵਾ ਕਰਨ ਲਈ ਜੁੱਤੀ ਲਾਹੁਣ ਨੂੰ ਤਿਆਰ ਤੇ ਪੁਲਿਸ ਨੂੰ ਫੜਾਉਣ ਲਈ ਅਪਣੇ ਹਮਦਰਦ ਡਾਕਟਰ ਬਲਦੇਵ ਨੂੰ ਬੁਲਾ ਲਿਆ। ਬਲਦੇਵ ਇਹਨਾਂ ਨੂੰ ਵੀ ਜਾਣਦਾ ਹੋਣ ਕਰਕੇ ਜਾਨ ਛੁੱਟੀ। ਨਹੀਂ ਤਾਂ ਇਹ ਕਹਿੰਦੇ ਜੇ ਪੁਲਿਸ ਤਲਾਸ਼ੀ ਲੈਂਦੀ ਤਾਂ ਸਾਡੇ ਕੋਲ ਤਾਂ ਨਕਸਲੀ ਪਾਰਟੀ ਦੇ ਅੰਡਰਗਰਾਊਂਡ ਨਿਕਲਦੇ ਪਰਚੇ 'ਲੋਕ-ਯੁਧ' ਦੀਆਂ ਕਾਪੀਆਂ ਵੀ ਸਨ। ਦੂਹਰਾ ਵਖ਼ਤ ਪੈ ਜਾਣਾ ਸੀ।

ਸੋ ਇਹ ਤਾਂ ਸੀ ਸਾਡੀ ਵੇਖ-ਵਖਾਈ ਦਾ ਕਿੱਸਾ। ਪਰ ਇਕ ਵਾਰ ਸਬੱਬੀਂ ਸਾਡਾ ਅੱਧਾ-ਅਧੂਰਾ ਵੇਖਣ ਹੋ ਗਿਆ। ਇਹ ਬੱਸ ਵਿਚ ਬੈਠੇ ਸਨ ਤੇ ਝਬਾਲੋਂ ਮੈਂ ਤੇ ਭੈਣ ਜੀ ਗੁਰਦੀਪ ਡੀ ਈ ਓ ਦਫ਼ਤਰ ਜਾਣ ਲਈ ਬੱਸ ਵਿਚ ਚੜ੍ਹੀਆਂ। ਗੁਰਦੀਪ ਇਹਨਾਂ ਨੂੰ ਜਾਣਦੀ ਸੀ। ਕਹਿੰਦੀ, ਬੱਸ ਵਿਚ ਵਰਿਆਮ ਵੀ ਬੈਠਾ। ਮੈਂ ਤਾਂ ਡਰ ਗਈ ਤੇ ਸੰਗਦੀ ਸੀਟ ਵਿਚ ਹੀ ਵੜਦੀ ਜਾਵਾਂ। ਨਾ ਅਸੀਂ ਇਹਨਾਂ ਨਾਲ ਅੱਖ ਮਿਲਾਈ ਨਾ ਇਹਨਾਂ ਸਾਡੇ ਨਾਲ। ਜਦੋਂ ਅਸੀਂ ਹਾਲ ਬਜ਼ਾਰ ਉੱਤਰੀਆਂ ਤਾਂ ਇਹ ਵੀ ਉੱਤਰ ਕੇ ਖ਼ਾਲਸਾ ਕਾਲਜ ਨੂੰ ਜਾਣ ਵਾਲੀ ਲੋਕਲ ਬੱਸ ਦੀ ਬਾਰੀ ਵਿਚ ਖਲੋਤੇ ਦਿਸੇ। ਇਹਨਾਂ ਦੇ ਮੈਨੂੰ ਚਿੱਟੇ ਦੰਦ ਹੀ ਦਿਸੇ। ਮੇਰੀਆਂ ਲੱਤਾਂ ਕੰਬਣ ਲੱਗੀਆਂ। ਇਹ ਘਰ ਜਾ ਕੇ ਬੀ ਜੀ ਨੂੰ ਕਹਿੰਦੇ ਕਿ ਅੱਜ ਤੇਰੀ ਨੂੰਹ ਵੇਖ ਆਇਆਂ। ਉਹਦੀਆਂ ਤਾਂ ਲੱਤਾਂ ਵਿੰਗੀਆਂ ਨੇ। ਵਿਆਹ ਤੋਂ ਬਾਅਦ ਵੀ ਘਰ ਵਿਚ ਇਹ ਮਖ਼ੌਲ ਚੱਲਦਾ ਰਿਹਾ।

1971 ਵਿਚ ਸਾਡੀ ਮੰਗਣੀ ਹੋਈ ਤੇ ਦੋ ਸਾਲ ਬਾਅਦ ਨੌਂ ਦਸੰਬਰ 1973 ਨੂੰ ਸਾਡਾ ਵਿਆਹ ਹੋਇਆ। ਇਹਨਾਂ ਨੇ ਪਹਿਲਾਂ ਈ ਸਾਡੀ ਵਿਚੋਲਣ ਨੂੰ ਕਿਹਾ ਕਿ ਮੈਂ ਦਾਜ-ਦਹੇਜ ਕੁਝ ਨਹੀਂ ਲੈਣਾ ਤੇ ਨਾ ਹੀ ਕੋਈ ਗਹਿਣਾ ਵਗ਼ੈਰਾ ਪਾਉਣਾ ਹੈ। ਇਹਨਾਂ ਨੇ ਸਾਡੇ ਪਿੰਡ ਦੇ ਅਪਣੇ ਦੋਸਤ ਦੇ ਘਰ ਬੀ ਜੀ ਨੂੰ ਬੁਲਾਕੇ ਸਾਰੀ ਗੱਲ ਆਖੀ ਤੇ ਇਹ ਵੀ ਕਿਹਾ ਕਿ ਜੰਞ ਵਿਚ ਸਿਰਫ਼ ਪੰਜ ਬੰਦੇ ਆਉਣਗੇ। ਮੇਰੇ ਘਰਦਿਆਂ ਸੋਚਿਆ ਕਿ ਮੁੰਡੇ ਵਾਲੇ ਇਹ ਗੱਲ ਰਸਮੀ ਤੌਰ 'ਤੇ ਕਹਿੰਦੇ ਹੀ ਹੁੰਦੇ ਨੇ। ਉਹਨਾਂ ਨੇ ਉਹਨਾਂ ਵੇਲਿਆਂ ਵਿਚ ਆਉਣ ਵਾਲੀ ਸੱਠ-ਸੱਤਰ ਬੰਦਿਆਂ ਦੀ ਰੋਟੀ ਤਿਆਰ ਕਰਵਾਈ। ਦਾਜ-ਦਹੇਜ ਵੀ ਸਮੇਂ ਮੁਤਾਬਕ ਪੂਰਾ ਬਣਾਇਆ ਤੇ ਗਹਿਣੇ ਵਗ਼ੈਰਾ ਵੀ। ਓਧਰੋਂ ਇਹ ਤਾਂ ਅਪਣੇ ਕਹਿਣ 'ਤੇ ਪੂਰੇ ਉੱਤਰੇ। ਅਪਣੇ ਦੋਸਤਾਂ ਮਿੱਤਰਾਂ ਤੇ ਰਿਸ਼ਤੇਦਾਰਾਂ ਦੇ ਖਾਣ-ਪੀਣ ਦਾ ਅਪਣੇ ਘਰ ਪੂਰਾ ਬੰਦੋਬਸਤ ਕਰਕੇ ਕਹਿੰਦੇ ਕਿ ਤੁਸੀਂ ਖਾਓ-ਪੀਓ। ਅਸੀਂ ਪੰਜ ਬੰਦੇ ਗਏ ਤੇ ਹੁਣੇ ਕੁੜੀ ਵਿਆਹ ਕੇ ਲੈ ਆਏ। ਪਰ ਇਹਨਾਂ ਦੇ ਦੋਸਤ ਮਿੱਤਰ ਵੀ ਉੱਤੋਂ ਦੀ ਪਏ। ਕਹਿੰਦੇ ਅਸੀਂ ਵਿਆਹ ਵੇਖਣ ਆਏ ਆਂ, ਨਿਰ੍ਹਾ ਖਾਣ-ਪੀਣ ਤਾਂ ਨਹੀਂ ਆਏ। ਉਹ ਵੱਡੀ ਗਿਣਤੀ ਵਿਚ ਇਹਨਾਂ ਤੋਂ ਪਹਿਲਾਂ ਹੀ ਬੱਸ 'ਤੇ ਚੜ੍ਹ ਕੇ ਆਪੇ ਹੀ ਬਰਾਤੀ ਬਣ ਕੇ ਝਬਾਲ ਅੱਪੜ ਗਏ। ਸਾਡਾ ਪੂਰੀ ਜੰਜ ਲਈ ਬਣਾਇਆ ਖਾਣਾ ਇਹਨਾਂ ਦੀ ਵੀ ਤੇ ਸਾਡੀ ਵੀ ਇੱਜ਼ਤ ਰੱਖ ਗਿਆ। ਇਹਨਾਂ ਦੀ ਮੰਨ ਲੈਂਦੇ ਤਾਂ ਸਾਡੀ ਕਿੰਨੀ ਹਾਸੋਹੀਣੀ ਹੋਣੀ ਸੀ। ਜੇ ਇਹਨਾਂ ਦਾ ਦੋਸਤ ਅਮਰਜੀਤ ਚੰਦਨ ਸਾਡੇ ਵਿਆਹ ਦੀਆਂ ਤਸਵੀਰਾਂ ਅਪਣੇ ਕੈਮਰੇ ਨਾਲ ਨਾ ਖਿੱਚਦਾ ਤਾਂ ਸਾਡੇ ਕੋਲ ਤਾਂ ਵਿਆਹ ਦੀ ਕੋਈ ਯਾਦਗਾਰੀ ਤਸਵੀਰ ਵੀ ਨਹੀਂ ਸੀ ਹੋਣੀ।

ਜਦੋਂ ਇਹ ਪਲੰਘ 'ਤੇ ਬੈਠੇ ਤਾਂ ਸ਼ਰੀਕਾ-ਭਾਈਚਾਰਾ ਸ਼ਗਨ ਪਾਉਂਦਾ ਹੈ। ਇਹ ਉੱਠ ਕੇ ਖਲੋ ਗਏ। ਕਹਿੰਦੇ, ਮੈਂ ਕੋਈ ਸ਼ਗਨ ਨਹੀਂ ਲੈਣਾ। ਲੋਕ ਬੜੇ ਖ਼ੁਸ਼। ਇਕ ਤਾਂ ਉਹਨਾਂ ਦੇ ਪੈਸੇ ਬਚ ਗਏ। ਦੂਜਾ ਉਹ ਇਹਨਾਂ ਦੇ ਖ਼ਿਆਲਾਂ ਤੋਂ ਪ੍ਰਭਾਵਤ ਵੀ ਬੜੇ ਹੋਏ। ਕਈ ਜ਼ਨਾਨੀਆਂ ਮੈਨੂੰ ਵਿਆਹ ਤੋਂ ਬਾਅਦ ਵੀ ਆਖਿਆ ਕਰਨ; ਅੜੀਏ! ਸਾਡੀ ਕੁੜੀ ਲਈ ਵੀ ਅਪਣੇ ਘਰ ਵਾਲੇ ਵਰਗਾ ਮੁੰਡਾ ਲੱਭ ਕੇ ਦੇ। ਸਾਡੇ ਵਿਆਹ ਵੇਲੇ ਵੀ ਬਹੁਤੀ ਜੰਞ ਤੇ ਦਾਜ-ਦਹੇਜ ਦਾ ਵਾਹਵਾ ਰਿਵਾਜ ਹੋ ਗਿਆ ਸੀ। ਪਰ ਇਹਨਾਂ ਨੇ ਜੰਞ ਘੱਟ ਲਿਆ ਕੇ ਤੇ ਦਾਜ ਨਾ ਲੈ ਕੇ ਅਸਲੋਂ ਨਵੀਂ ਪਿਰਤ ਪਾ ਕੇ ਇਲਾਕੇ ਵਿਚ ਬੜੀ ਵਾਹ! ਵਾਹ! ਖੱਟੀ ਸੀ।

ਅਗਲੇ ਦਿਨ ਮੇਰੇ ਪਰਿਵਾਰ ਵਾਲਿਆਂ ਸੋਚਿਆ ਕਿ ਸਾਡੀ ਧੀ ਨੇ ਦਾਜ ਲਈ ਹੱਥੀਂ ਚੀਜ਼ਾਂ ਬਣਾਈਆਂ ਤੇ ਖ਼ਰੀਦੀਆਂ ਸਨ। ਉਹ ਦਾਜ ਨਾ ਲਿਜਾਣ ਕਰਕੇ ਅੰਦਰੋਂ ਉਦਾਸ ਹੋਵੇਗੀ। ਮੇਰੇ ਤਾਇਆ ਜੀ, ਮੇਰੇ ਭਰਾ ਤੇ ਚਚੇਰੇ ਭਰਾਵਾਂ ਤੇ ਭਣਵੱਈਆਂ ਨੇ ਦਾਜ ਦਾ ਸਮਾਨ ਟਰੱਕ 'ਤੇ ਲੱਦਿਆ ਤੇ ਮੇਰੇ ਸਹੁਰੇ ਘਰ ਲੈ ਆਏ। ਸੁਰ ਸਿੰਘ ਸਾਡਾ ਘਰ ਬਾਜ਼ਾਰ ਵਿਚ ਹੋਣ ਕਰਕੇ ਟਰੱਕ ਤੋਂ ਸਮਾਨ ਲਾਹ ਕੇ ਜਦੋਂ ਘਰ ਲਿਜਾਇਆ ਜਾ ਰਿਹਾ ਸੀ ਤਾਂ ਇਹਨਾਂ ਨੂੰ ਪਤਾ ਲੱਗਾ ਤਾਂ ਕਹਿੰਦੇ ਸਮਾਨ ਵਾਪਸ ਕਰ ਦਿਓ। ਸਿਆਣਿਆਂ ਨੇ ਸਮਝਾਇਆ ਕਿ ਇਸ ਤਰ੍ਹਾਂ ਕਰਨਾ ਸੋਭਾ ਨਹੀਂ ਦਿੰਦਾ। ਇਹ ਤਾਂ

ਘੁੱਟੇ-ਵੱਟੇ ਜਿਹੇ ਗਏ ਪਰ ਇਹਨਾਂ ਦੇ ਬਾਪੂ ਜੀ ਤੇ ਫੁੱਫੜ ਬੜੇ ਖ਼ੁਸ਼। ਬਾਪੂ ਆਖੇ ਸਰਦਾਰਾ! ਝਬਾਲੀਆਂ ਤਾਂ ਸਾਡਾ ਘਰ ਭਰ ਦਿੱਤਾ। ਪਿੱਛੋਂ ਜਦੋਂ ਅਸੀਂ ਘਰੋਂ ਅੱਡ ਹੋਏ ਜਾਂ ਕਰ ਦਿੱਤੇ ਗਏ ਤੇ ਸਾਨੂੰ ਗਲ਼ ਦੇ ਕੱਪੜਿਆਂ ਜਾਂ ਵਰਤੇ ਜਾਂਦੇ ਮੰਜੇ ਬਿਸਤਰੇ ਤੋਂ ਇਲਾਵਾ ਕੁਝ ਵੀ ਨਾ ਮਿਲਿਆ ਜਾਂ ਕੁਝ ਵੀ ਨਾ ਦਿੱਤਾ ਗਿਆ ਤਾਂ ਇਹ ਵੀ ਹੱਸਦੇ ਹੋਏ ਆਖਦੇ ਹੁੰਦੇ ਸਨ ਕਿ ਰਜਵੰਤ! ਚੰਗਾ ਹੋਇਆ ਤੇਰੇ ਘਰ ਦੇ ਸਮਾਨ ਛੱਡ ਗਏ। ਨਹੀਂ ਤਾਂ ਅਪਣੇ ਘਰ ਹੁਣ ਹੈ ਵੀ ਕੀ ਸੀ! ਕਈ ਚਿਰ ਤਾਂ ਸਮਾਨ ਬਣਾਉਂਦਿਆਂ ਈ ਲੱਗ ਜਾਣਾ ਸੀ!

ਵਿਆਹ ਵਾਲੀ ਰਾਤ ਦੀ ਇਕ ਹੋਰ ਗੱਲ ਮੈਨੂੰ ਨਹੀਂ ਭੁੱਲਦੀ। ਡੋਲੇ ਨਾਲ ਉਹਨੀਂ ਦਿਨੀਂ ਲਾਗਣ ਜਾਂਦੀ ਸੀ। ਮੈਂ ਮੁੱਢੋਂ ਸੁਭਾਅ ਦੀ ਸ਼ਰਮਾਕਲ ਸੀ ਤੇ ਬੜਾ ਲੰਮਾ ਘੁੰਡ ਕੱਢਿਆ ਹੋਇਆ ਸੀ। ਮੇਰੇ ਲਾਗੇ ਕਮਰੇ ਵਿਚ ਪਲੰਘ 'ਤੇ ਸਾਡੀ ਨਾਇਣ ਬੈਠੀ ਹੋਈ ਸੀ। ਸਭ ਜ਼ਨਾਨੀਆਂ ਤੇ ਰਿਸ਼ਤੇਦਾਰ ਔਰਤਾਂ ਮੈਨੂੰ ਵੇਖਣ ਆ ਜਾ ਰਹੀਆਂ ਸਨ। ਜਦੋਂ ਇਹ ਕਿਸੇ ਕੰਮ ਕਮਰੇ ਵਿਚ ਆਏ ਤਾਂ ਮੇਰੀ ਵੱਡੀ ਨਣਾਨ ਨੇ ਮੇਰਾ ਘੁੰਡ ਚੁੱਕ ਕੇ ਦੋਵਾਂ ਹੱਥਾਂ ਨਾਲ ਮੇਰਾ ਝੁਕਿਆ ਚਿਹਰਾ ਉਤਾਂਹ ਕਰ ਦਿੱਤਾ। ਮੇਰੀਆਂ ਅੱਖਾਂ ਮੀਟੀਆਂ ਹੋਈਆਂ ਸਨ। ਓਸੇ ਵੇਲੇ ਬੱਤੀ ਚਲੇ ਗਈ। ਇਹ ਆਖਣ ਲੱਗੇ, 'ਮੇਰੇ ਘਰ ਚਾਨਣ ਆ ਗਿਆ ਹੈ। ਮੈਨੂੰ ਬਨਾਉਟੀ ਬੱਤੀਆਂ ਦੀ ਲੋੜ ਈ ਨਹੀਂ।' ਇਹ ਗਾਉਂਦੇ ਫਿਰਨ, 'ਸਾਨੂੰ ਤਾਂ ਬੱਤੀ ਦੀ ਲੋੜ ਨਹੀਂ ਹੈ, ਸਾਡੇ ਘਰ ਤਾਂ ਚਾਨਣ ਆਇਆ।'

ਜਦੋਂ ਇਹਨਾਂ ਕਿਹਾ ਕਿ 'ਸਾਡੇ ਘਰ ਤਾਂ ਚਾਨਣ ਆਇਆ।' ਤਾਂ ਇਹਨਾਂ ਦੇ ਸ਼ਬਦ ਸੁਣ ਕੇ ਮੇਰੇ ਨਾਲ ਗਈ ਲਾਗਣ, ਜਿਸਨੂੰ ਮੈਂ ਭਾਬੀ ਕਹਿੰਦੀ ਸਾਂ, ਬੜੀ ਹੀ ਖ਼ੁਸ਼ ਹੋਈ। ਉਹ ਮੇਰੇ ਸਾਹਮਣੇ ਬੈਠੀ ਸੀ। ਉਹਦੀ ਰੱਜੀ ਹੋਈ ਮੁਸਕਰਾਹਟ ਤੇ ਅੱਖਾਂ ਵਿਚਲੀ ਖ਼ੁਸ਼ੀ ਮੈਨੂੰ ਅੱਜ ਵੀ ਦਿਸ ਰਹੀ ਹੈ। ਉਹਦੇ ਖ਼ੁਸ਼ੀ ਵਿਚ ਫ਼ਰਕਦੇ ਬੁੱਲ੍ਹ ਇਸ ਤਰ੍ਹਾਂ ਲੱਗ ਰਹੇ ਸਨ ਜਿਵੇਂ ਮਾਂ ਨੂੰ ਅਪਣੀ ਧੀ ਦੇ ਸਹੁਰੇ ਘਰ ਖੁਸ਼ੀਆਂ ਖੇੜਿਆਂ ਨਾਲ ਹੋਏ ਸਵਾਗਤ ਨੇ ਧੰਨ ਕਰ ਦਿੱਤਾ ਹੋਵੇ!

ਵਿਆਹ ਤੋਂ ਬਾਅਦ ਜਦੋਂ ਵਾਪਸ ਪੇਕੇ ਘਰ ਆਈ ਤਾਂ ਮੇਰੇ ਕੋਲ ਕੋਈ ਵੀ ਗਹਿਣਾ ਸਹੁਰਿਆਂ ਵੱਲੋਂ ਪਾਇਆ ਨਾ ਵੇਖ ਕੇ ਜਿੱਥੇ ਔਰਤਾਂ ਨਿਰਾਸ ਹੋਈਆਂ ਓਥੇ ਮੈਨੂੰ ਵੀ ਪਲ ਭਰ ਲਈ ਬਹੁਤ ਸਦਮਾ ਲੱਗਾ ਤੇ ਨਮੋਸ਼ੀ ਵੀ ਹੋਈ ਕਿ ਜ਼ਨਾਨੀਆਂ ਕੀ ਆਖਣਗੀਆਂ ਕਿ ਕੁੜੀ ਨੂੰ ਕਿਹੋ ਜਿਹੇ ਸਹੁਰੇ ਮਿਲੇ ਨੇ। ਪਰ ਮੈਂ ਇਹਨਾਂ ਨੂੰ ਪਾ ਕੇ ਸਾਰਾ ਕੁਝ ਭੁੱਲ ਗਈ। ਫਿਰ ਵੀ ਆਮ ਕੁੜੀਆਂ ਵਾਲੀਆਂ ਰੀਝਾਂ ਮੇਰੇ ਅੰਦਰ ਵੀ ਤਾਂ ਸਨ। ਜਦੋਂ ਨਵਾਂ ਨਵਾਂ ਵਿਆਹ ਹੋਇਆ ਤਾਂ ਮੇਰੇ ਮਨ ਵਿਚ ਵੀ ਹੋਰ ਨਵ-ਵਿਆਹੀਆਂ ਕੁੜੀਆਂ ਵਾਂਗ ਘੁੰਮਣ ਫਿਰਨ ਦਾ ਚਾਅ ਸੀ ਕਿਉਂਕਿ ਮੇਰੀਆਂ ਜਿਨ੍ਹਾਂ ਸਾਥਣਾਂ ਦੇ ਨਵੇਂ ਵਿਆਹ ਹੋਏ ਸਨ ਉਹ ਰੋਜ਼ ਅਪਣੇ ਹਨੀਮੂਨਾਂ ਜਾਂ ਸੈਰ-ਸਪਾਟੇ ਬਾਰੇ ਬੜਾ ਹੁੱਬ ਕੇ ਦੱਸਦੀਆਂ। ਮੇਰੇ ਕੋਲ ਦੱਸਣ ਵਾਲੀ ਕੋਈ ਗੱਲ ਨਾ ਹੁੰਦੀ। ਮੈਂ ਰੋਜ਼ ਇਹਨਾਂ ਨੂੰ ਕਹਿਣਾ ਕਿ ਮੈਨੂੰ ਕਿਤੇ ਘੁਮਾ ਲਿਆਓ, ਕਿਉਂਕਿ ਮੈਂ ਤਾਂ ਅੱਜ ਤੱਕ ਕਿਤੇ ਵੀ ਨਹੀਂ ਸਾਂ ਗਈ। ਅੱਗੋਂ ਇਹਨਾਂ ਦਾ ਸੁਭਾਅ ਅਸਲੋਂ ਹੀ ਵੱਖਰਾ। ਇਹ ਘੁੰਮਣ ਫਿਰਨ ਦੇ ਬਿਲਕੁਲ ਸ਼ੌਕੀਨ ਨਹੀਂ। ਘਰ ਰਹਿ ਕੇ ਖ਼ੁਸ਼ ਰਹਿੰਦੇ ਨੇ। ਭਾਵੇਂ ਹੁਣ ਤੱਕ ਕਈ ਦਿੱਲੀ-ਦੱਖਣ ਗਾਹ ਚੁੱਕੇ ਨੇ ਪਰ ਇਹ ਸਫ਼ਰ ਸੈਰ-ਸਪਾਟੇ ਦੇ ਮਕਸਦ ਨਾਲ ਨਹੀਂ ਕੀਤੇ ਸਗੋਂ ਸਾਹਿਤਕ ਕਾਨਫ਼ਰੰਸਾਂ ਜਾਂ ਸਮਾਗਮਾਂ ਬਹਾਨੇ ਮਜਬੂਰੀ ਵਜੋਂ ਹੀ ਗਏ ਨੇ। ਕਈ ਵਾਰ ਅਜਿਹੇ ਥਾਵਾਂ 'ਤੇ ਜਾਣੋਂ ਵੀ ਇਨਕਾਰ ਕਰ ਦਿੰਦੇ ਨੇ। ਇਕ ਵਾਰ ਮੁੰਬਈ ਤੇ ਇਕ ਵਾਰ ਕਲਕੱਤੇ ਤੋਂ ਬਾਈ ਏਅਰ ਆਉਣ ਦਾ ਖ਼ਰਚਾ ਪ੍ਰਬੰਧਕਾਂ ਵੱਲੋਂ ਦਿੱਤੇ ਜਾਣ ਦੇ ਬਾਵਜੂਦ ਜਾਣ ਤੋਂ ਨਾਂਹ ਕਰ ਦਿੱਤੀ ਸੀ। ਪਰ ਬਾਰ ਬਾਰ ਮੇਰੇ ਜ਼ੋਰ ਦੇਣ 'ਤੇ ਮੈਨੂੰ ਕਹਿੰਦੇ; ਚੱਲ ਤੈਨੂੰ ਜਲੰਧਰ ਲੈ ਜਾਂਦੇ ਆਂ। ਜਲੰਧਰ ਵਿਚ ਪੰਜਾਬ ਭਰ ਦੇ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਰੈਲੀ ਸੀ। ਭਾਵੇਂ ਅਸੀਂ ਬੇਰੁਜ਼ਗਾਰ ਨਹੀਂ ਸਾਂ ਪਰ ਇਹ ਅਧਿਆਪਕ ਯੂਨੀਅਨ ਵਿਚ ਵੀ ਕੰਮ ਕਰਦੇ ਸਨ। ਮੈਂ ਵੀ ਬੁਰੀ ਸ਼ਾਮਤ ਨੂੰ ਚਲੀ ਗਈ। ਗਰਮੀਆਂ ਦੇ ਦਿਨੀਂ ਸਿਖ਼ਰ ਦੁਪਹਿਰੇ ਜਲੰਧਰ ਦੀਆਂ ਸੜਕਾਂ 'ਤੇ ਨਿਕਲ ਰਹੇ ਜਲੂਸ ਦੀਆਂ ਲਾਈਨਾਂ ਵਿਚ ਮੈਨੂੰ ਵਾੜ ਦਿੱਤਾ। ਆਪ ਜਲੂਸ ਨਾਲ ਨਾਅਰ੍ਹੇ ਮਾਰਦੇ ਫਿਰਨ। ਮੈਂ ਪਰੈਗਨੈਂਟ ਸੀ। ਗਰਮੀ ਵਿਚ ਤੁਰ ਤੁਰ ਕੇ ਮੇਰਾ ਬੁਰਾ ਹਾਲ। ਪਿਆਸ ਨਾਲ ਬੇਹਾਲ ਹੋਈ ਪਈ ਸਾਂ। ਮੂੰਹ ਸੁੱਕ ਰਿਹਾ ਸੀ। ਵੇਖਿਆ ਇਹ ਜਲੂਸ ਤੋਂ ਬਾਹਰ ਅਪਣੀ ਬੀ ਐੱਡ ਦੀ ਪੁਰਾਣੀ ਜਮਾਤਣ ਨਾਲ ਹੱਸ ਹੱਸ ਗੱਲਾਂ ਕਰਨ। ਮੈਨੂੰ ਬੜੀ ਖਿਝ ਆਈ। ਮੈਂ ਇਹਨਾਂ ਨੂੰ ਬਾਹੋਂ ਫੜ੍ਹ ਕੇ ਖਿੱਚ ਲਿਆਈ। ਹਾਲੋਂ ਬੇਹਾਲ ਹੋਈ ਘਰ ਪਹੁੰਚੀ ਤਾਂ ਮੈਂ ਗਰਮੀ ਨਾਲ ਬੇਹੋਸ਼ ਹੋ ਕੇ ਡਿੱਗ ਪਈ। ਫਿਰ ਕਈ ਦਿਨ ਥਕਾਵਟ ਦੀ ਭੰਨੀ ਮੰਜੇ ਤੋਂ ਨਾ ਉੱਠ ਸਕੀ। ਇਹ ਸੀ ਸਾਡਾ 'ਹਨੀਮੂਨ'। ਹੋਰ ਗੱਲ ਵੀ ਸੁਣ ਲਵੋ। ਵਿਆਹ ਤੋਂ ਬਾਅਦ ਮੈਨੂੰ ਭਗਤ ਸਿੰਘ ਸ਼ਹੀਦ 'ਤੇ ਬਣੀ ਫ਼ਿਲਮ 'ਸ਼ਹੀਦ' ਵਿਖਾਉਣ ਲੈ ਗਏ। ਇਹਨਾਂ ਦੇ ਸਿਰ 'ਤੇ ਤਾਂ ਅਪਣੇ ਵਿਚਾਰਾਂ ਦਾ ਭੂਤ ਸਵਾਰ ਸੀ। ਨਵੀਂ ਵਿਆਹੀ ਕੁੜੀ ਨੂੰ ਬੰਦਾ ਕੋਈ ਰੋਮਾਂਟਕ ਫ਼ਿਲਮ ਵਿਖਾਉਂਦਾ। ਅੱਜ ਅਪਣੀ ਇਸ ਮੂਰਖ਼ਤਾ 'ਤੇ ਆਪ ਹੀ ਹੱਸ ਪੈਂਦੇ ਨੇ। ਹੁਣ ਤਾਂ ਕਈ ਵਾਰ ਇਹ ਵੀ ਕਹਿ ਦਿੰਦੇ ਨੇ ਕਿ ਰਜਵੰਤ ਵਿਆਹ 'ਤੇ ਜਿਨ੍ਹਾਂ ਰਸਮਾਂ 'ਤੇ ਕੋਈ ਖ਼ਰਚ ਨਹੀਂ ਆਉਂਦਾ ਪਰ ਘਰਦਿਆਂ ਜੀਆਂ ਨੂੰ ਉਹ ਰਸਮਾਂ ਕਰਦਿਆਂ ਖ਼ੁਸ਼ੀ ਮਿਲਦੀ ਹੈ ਤਾਂ ਉਹ ਰਸਮਾਂ ਜ਼ਰੂਰ ਕਰ ਲੈਣੀਆਂ ਚਾਹੀਦੀਆਂ ਨੇ। ਕਿਉਂਕਿ ਇਹਨਾਂ ਨੇ ਨਾ ਵਟਣਾ ਮਲ ਕੇ ਨਹਾਤਾ, ਨਾ ਘੋੜੀ ਚੜ੍ਹੇ, ਨਾ ਸਿਹਰਾ ਲਾਇਆ, ਨਾ ਵਾਗ ਗੁੰਦਾਈ। ਹੁਣ ਕਹਿੰਦੇ ਨੇ; ਜੇ ਘਰਦਿਆਂ ਨੂੰ ਇਹ ਕਰ ਲੈਣ ਦਿੰਦਾ ਤਾਂ ਕੀ ਵਿਗੜ ਚੱਲਿਆ ਸੀ। ਉਹਨਾਂ ਦੀ ਰੂਹ ਰਾਜ਼ੀ ਹੋ ਜਾਂਦੀ।

ਪਰ ਇਹਨਾਂ ਨੂੰ ਤਾਂ 'ਲੋਹੇ ਦੇ ਹੱਥਾਂ' ਦਾ ਬੜਾ ਮਾਣ ਸੀ। ਮੈਂ ਵਿਆਹ ਪਿੱਛੋਂ ਇਹਨਾਂ ਦੀ ਕਿਤਾਬ ਫੜ੍ਹ ਕੇ ਕਿਹਾ ਕਿ ਇਸਦੇ ਟਾਈਟਲ 'ਤੇ ਬਣੇ ਹੱਥ ਬੜੇ ਮਜ਼ਬੂਤ ਨੇ ਤਾਂ ਕਹਿੰਦੇ, ਇਹ ਲੋਹੇ ਦੇ ਹੱਥ ਨੇ। ਫ਼ੌਲਾਦੀ ਹੱਥ। ਕਿਰਤੀਆਂ ਕਾਮਿਆਂ ਦੇ ਹੱਥ। ਬਿਨਾਂ ਕੰਮ ਕਰਨ ਵਾਲੇ ਹੱਥਾਂ ਤੋਂ ਗੁਰੂ ਗੋਬਿੰਦ ਸਿੰਘ ਨੇ ਪਾਣੀ ਨਹੀਂ ਸੀ ਪੀਤਾ। ਇੰਜ ਇਹ ਕਿਰਤੀ ਵਰਗ ਨੂੰ ਮੁੱਢ ਤੋਂ ਹੀ ਬੜਾ ਪਿਆਰ ਕਰਦੇ ਨੇ। ਮੇਰੇ ਸਹੁਰੇ ਘਰ ਕੰਮ ਕਰਦੀ ਇਕ ਮਜ਼ਬੀ ਸਿੱਖ ਪਰਿਵਾਰ ਦੀ ਔਰਤ ਬੀਬੀ ਸਵਰਨੋ ਸਾਡੇ ਪਰਿਵਾਰ ਦਾ ਹੀ ਅੰਗ ਮੰਨੀ ਜਾਂਦੀ ਸੀ ਤੇ ਹੈ ਵੀ। ਉਹ ਵੀ ਸਾਡੇ ਪਰਿਵਾਰ ਨੂੰ ਬੜਾ ਪਿਆਰ ਕਰਦੀ ਤੇ ਅਸੀਂ ਸਾਰੇ ਉਹਨੂੰ। ਇਹ ਹਮੇਸ਼ਾ ਉਹਨੂੰ 'ਗੌਰਮਿੰਟ' ਕਹਿ ਕੇ ਬੁਲਾਉਂਦੇ ਤੇ ਉਹਨੇ ਇਹਨਾਂ ਨੂੰ ਕਹਿਣਾ, 'ਸਾਡੀ ਗੌਰਮਿੰਟ ਜੀ।' ਮੈਂ ਸੁਣ ਕੇ ਹੈਰਾਨ ਹੋਈ ਕਿ ਇਸਦਾ ਕੀ ਅਰਥ ਹੈ ਤਾਂ ਇਹ ਕਹਿੰਦੇ ਕਿ ਸਾਡਾ ਸੁਪਨਾ ਹੈ ਕਿ ਕਦੀ ਕਿਰਤੀਆਂ ਕਾਮਿਆਂ ਦੀ ਗੌਰਮਿੰਟ ਹੋਵੇਗੀ। ਇਸ ਕਰਕੇ

ਅਸੀਂ ਇਕ ਦੂਜੇ ਨੂੰ 'ਗੌਰਮਿੰਟ' ਆਖਦੇ ਆਂ।

ਹੌਲੀ ਹੌਲੀ ਇਹਨਾਂ ਦੇ ਵਿਚਾਰਾਂ ਦਾ ਮੇਰੇ 'ਤੇ ਵੀ ਰੰਗ ਚੜ੍ਹਨ ਲੱਗਾ। ਇਹਨਾਂ ਨੇ ਮੈਨੂੰ ਪਿਆਰ ਹੀ ਏਨਾ ਦਿੱਤਾ ਕਿ ਮੈਂ ਸਭ ਕੁਝ ਭੁੱਲ ਗਈ। ਇਹ ਵੀ ਭੁੱਲ ਗਈ ਕਿ ਦਰਵਾਜ਼ੇ ਕੋਲ ਪੱਕੀ ਬੈਠਕ ਤੇ ਪਸ਼ੂਆਂ ਲਈ ਪੱਕੇ ਬਰਾਂਡੇ ਤੋਂ ਬਿਨਾਂ ਸਾਰੇ ਹੀ ਕਮਰੇ ਕੱਚੇ ਸਨ। ਇਹਨਾਂ ਵੱਲੋਂ ਦੱਸੇ ਕਿਰਤ ਤੇ ਮਾਣ ਨੂੰ ਮੁੱਖ ਰੱਖ ਕੇ ਮੈਂ ਹਰ ਸਾਲ ਆਪ ਅਪਣੀਆਂ ਤਲੀਆਂ ਨਾਲ ਉਹਨਾਂ ਕੱਚੇ ਕੋਠਿਆਂ ਤੇ ਕੰਧਾਂ ਨੂੰ ਲਿੰਬਦੀ ਪੋਚਦੀ। ਮੇਰੇ ਪੇਕਿਆਂ ਦੇ ਤਾਂ ਪੱਕੇ ਘਰ ਸਨ ਤੇ ਉਂਜ ਵੀ ਛੋਟੀ ਉਮਰ ਵਿਚ ਨੌਕਰੀ ਮਿਲ ਜਾਣ ਕਰਕੇ ਮੈਂ ਕਦੀ ਘਰ ਦਾ ਹੱਥੀਂ ਕਰਨ ਵਾਲਾ ਕੰਮ ਨਹੀਂ ਸੀ ਕੀਤਾ। ਹੁਣ ਜਦੋਂ ਮੈਂ ਕੋਠੇ ਲਿੰਬਦੀ ਤਾਂ ਆਸੇ ਪਾਸੇ ਦੀਆਂ ਬਾਹਮਣੀਆਂ ਖ਼ਤਰਾਣੀਆਂ ਤੇ ਹੋਰ ਔਰਤਾਂ ਮੇਰੇ 'ਤੇ ਤਰਸ ਕਰਦੀਆਂ ਤੇ ਇਹਨਾਂ ਨੂੰ ਕਹਿੰਦੀਆਂ ਕਿ ਇਸ ਵਿਚਾਰੀ ਸੂਹਲ ਜਿਹੀ ਕੁੜੀ ਕੋਲੋਂ ਕਿਉਂ ਕੰਮ ਕਰਵਾਉਂਦੇ ਓ। ਇਸਦੇ ਨਰਮ ਹੱਥ ਇਹ ਕੰਮ ਕਰਨ ਵਾਲੇ ਨਹੀਂ। ਪਰ ਮੈਨੂੰ ਇਹ ਕੰਮ ਕਰਨ ਵਿਚ ਕੋਈ ਨਮੋਸ਼ੀ ਨਹੀਂ ਸੀ ਹੁੰਦੀ। ਹਾਲਾਂ ਕਿ ਅਪਣੇ ਪੇਕੇ ਕਦੀ ਅਜਿਹਾ ਕੰਮ ਨਾ ਕਰਨ ਕਰਕੇ ਮੈਨੂੰ ਚੰਗੀ ਤਰ੍ਹਾਂ ਮਿੱਟੀ ਲਾਉਣੀ ਆਉਂਦੀ ਵੀ ਨਹੀਂ ਸੀ। ਪਰ ਇਹਨਾਂ ਨੇ ਮੈਨੂੰ ਏਨੀ ਖ਼ੁਸ਼ੀ ਦਿੱਤੀ ਕਿ ਮੈਂ ਹੱਸ ਹੱਸ ਕੇ ਸਾਰੇ ਕੰਮ ਕਰਦੀ। ਮੇਰੇ ਪਿਤਾ ਦੀ ਮੌਤ ਮੇਰੀ ਛੋਟੀ ਉਮਰ ਵਿਚ ਹੋ ਗਈ ਸੀ। ਮੈਨੂੰ ਪਿਆਰ ਦੀ ਬੜੀ ਭੁੱਖ ਸੀ। ਇਹਨਾਂ ਮੇਰੀ ਪਿਆਰ ਦੀ ਇਹ ਭੁੱਖ ਪੂਰੀ ਕਰ ਦਿੱਤੀ ਸੀ ਤੇ ਉਸ ਸਾਹਮਣੇ ਕੱਚੇ ਘਰ ਜਾਂ ਹੋਰ ਕੋਈ ਵੀ ਘਾਟ ਮੈਨੂੰ ਦੁੱਖ ਨਹੀਂ ਸੀ ਦਿੰਦੀ।

ਜਿੱਥੇ ਇਹਨਾਂ ਦੇ ਸਾਥ ਵਿਚ ਮੈਨੂੰ ਬੇਅੰਤ ਖ਼ੁਸ਼ੀ ਤੇ ਮਾਣ ਮਿਲਿਆ ਓਥੇ ਜ਼ਿੰਦਗੀ ਵਿਚ ਝਟਕੇ ਵੀ ਬੜੇ ਲੱਗੇ। ਹੁਣ ਸੋਚਦੀ ਆਂ ਇਹ ਝਟਕੇ ਕਿਵੇਂ ਬਰਦਾਸ਼ਤ ਕਰ ਲਏ? ਜਿਹੜੀ ਚੇਤਾਵਨੀ ਇਹਨਾਂ ਨੇ ਅਪਣੇ ਬਾਰੇ ਮੰਗਣੀ ਹੋਣ ਵੇਲੇ 'ਲੋਹੇ ਦੇ ਹੱਥ' ਕਿਤਾਬ ਭੇਜ ਕੇ ਦਿੱਤੀ ਸੀ, ਉਸਦਾ ਸਬੂਤ ਤਾਂ ਉਦੋਂ ਹੀ ਮਿਲ ਗਿਆ ਜਦੋਂ ਵਿਆਹ ਤੋਂ ਪਹਿਲਾਂ ਈ ਇਹ ਮੋਗਾ ਐਜੀਟੇਸ਼ਨ ਮੌਕੇ ਜੇਲ੍ਹ ਯਾਤਰਾ ਕਰ ਆਏ। ਫਿਰ ਐਮਰਜੈਂਸੀ ਵਿਚ ਦੋ ਵਾਰ ਫੜ੍ਹੇ ਗਏ। ਪਹਿਲੀ ਵਾਰ ਫੜੇ ਗਏ ਤਾਂ ਮੇਰੀ ਬੱਚੀ ਅਜੇ ਹਫ਼ਤੇ ਕੁ ਦੀ ਸੀ। ਮੈਂ ਤਰਲੇ ਲਵਾਂ ਕਿ ਮੈਨੂੰ ਕਚਹਿਰੀਆਂ ਵਿਚ ਉਹਨਾਂ ਦੀ ਪੇਸ਼ੀ ਮੌਕੇ ਲੈ ਜਾਓ। ਮੈਂ ਉਹਨਾਂ ਨੂੰ ਮਿਲਣਾ ਹੈ। ਮੇਰਾ ਦਿਓਰ ਪਰੌਂਠੇ ਖਾਈ ਜਾਵੇ ਪਰ ਨਾਲ ਨਾ ਤੁਰੇ। ਇਹਨਾਂ ਦੀ ਭੂਆ ਕੁਦਰਤੀ ਆਈ ਹੋਈ ਸੀ ਕਹਿੰਦੀ, 'ਮੱਲੋ! ਕੁੜੀ ਨੂੰ ਕੁਛ ਹੋ ਜੂ। ਤੁਸੀਂ ਨਹੀਂ ਜਾਂਦੇ ਤਾਂ ਮੈਂ ਜਾਂਦੀ ਆਂ ਲੈ ਕੇ।' ਫਿਰ ਮੇਰਾ ਦਿਓਰ ਕਹਿੰਦਾ ਤੁਸੀਂ ਬਜ਼ਾਰ ਨਿਕਲੋ , 'ਮੈਂ ਆਇਆ ਸਾਈਕਲ ਲੈ ਕੇ।' ਮੈਂ ਛਿਲੇ ਵਿਚ ਕਮਜ਼ੋਰੀ ਦੀ ਹਾਲਤ ਵਿਚ ਭੂਆ ਨਾਲ ਤੁਰ ਪਈ। ਸਾਡੇ ਘਰੋਂ ਬੱਸਾਂ ਦਾ ਅੱਡਾ ਕਿਲੋਮੀਟਰ ਦੂਰ ਹੋਏਗਾ। ਮੈਂ ਚਾਰ ਵਾਰ ਰਾਹ 'ਚ ਬਹਿ ਬਹਿ ਕੇ ਅੱਡੇ 'ਤੇ ਪਹੁੰਚੀ। ਦਿਓਰ ਸਾਈਕਲ ਲੈ ਕੇ ਨਾ ਆਇਆ। ਅੱਡੇ 'ਤੇ ਮੇਰੀ ਡਲਿਵਰੀ ਕਰਨ ਵਾਲੀ ਨਰਸ ਹਰਬੰਸ ਮਿਲ ਪਈ। ਉਹ ਮੈਨੂੰ ਇਹਨੀਂ ਦਿਨੀਂ ਤੇ ਇਸ ਹਾਲਤ ਵਿਚ ਵੇਖ ਕੇ ਤੇ ਮੇਰੇ ਪੀਲੇ ਰੰਗ ਤੇ ਕਮਜ਼ੋਰ ਸਰੀਰ ਵੱਲ ਵੇਖ ਕੇ ਝਿੜਕਣ ਲੱਗੀ ਕਿ ਤੂੰ ਇਸ ਹਾਲਤ ਵਿਚ ਘਰੋਂ ਬਾਹਰ ਨਿਕਲੀ ਹੀ ਕਿਉਂ। ਪਰ ਇਸੇ ਹਾਲਤ ਵਿਚ ਅਸੀਂ ਦੋਵੇਂ ਜਣੀਆਂ ਪੱਟੀ ਕਚਹਿਰੀਆਂ ਵਿਚ ਇਹਨਾਂ ਨੂੰ ਜਾ ਮਿਲੀਆਂ। ਇਹਨਾਂ ਨੂੰ ਠੀਕ-ਠਾਕ ਵੇਖ ਕੇ ਮੈਨੂੰ ਹੌਂਸਲਾ ਮਿਲਿਆ। ਕੁਝ ਹਫ਼ਤਿਆਂ ਬਾਅਦ ਅਸੀਂ ਇਹਨਾਂ ਦੀ ਜ਼ਮਾਨਤ ਕਰਵਾ ਲਈ ਪਰ ਦੂਜੀ ਵਾਰ ਇਹਨਾਂ ਨੂੰ ਤਰੀਕ ਭੁਗਤਣ ਗਿਆਂ ਨੂੰ ਫੜ੍ਹ ਕੇ ਲੈ ਗਏ ਤੇ ਬਿਆਸ ਥਾਣੇ ਤੋਂ ਡੀ ਆਈ ਆਰ ਦਾ ਕੇਸ ਪਾ ਕੇ ਇੰਟੈਰੋਗੇਸ਼ਨ ਸੈਂਟਰ ਭੇਜ ਦਿੱਤਾ। ਮੈਨੂੰ ਦੋ ਹਫ਼ਤੇ ਇਹਨਾਂ ਦੀ ਕੋਈ ਉੱਘ-ਸੁੱਘ ਨਾ ਮਿਲੀ। ਮੈਂ ਨਾਲੇ ਰੋਵਾਂ ਨਾਲੇ ਸੋਚਾਂ ਕਿ ਕਿਤੇ ਇਹਨਾਂ ਨੂੰ ਮਾਰ ਮੂਰ ਕੇ ਖਪਾ ਦਿੱਤਾ ਹੈ। ਫਿਰ 1986 ਵਿਚ ਸਾਡੇ ਪਿੰਡ ਗੋਲੀ ਚੱਲੀ। ਅਸੀਂ ਜ਼ਖਮੀਆਂ ਨੂੰ ਬਚਾਇਆ, ਹਸਪਤਾਲ ਪੁਚਾਇਆ ਪਰ ਉਲਟਾ ਇਹਨਾਂ 'ਤੇ ਕਤਲ ਕੇਸ ਪਾ ਦਿੱਤਾ। ਇਹ ਤਾਂ ਸਾਡੀ ਚੰਗੀ ਕਿਸਮਤ ਕਿ ਇਲਾਕੇ ਦੇ ਲੋਕਾਂ ਨੇ ਦਬਾਅ ਪਾਇਆ ਤੇ ਲੋਕਲ ਪੁਲਿਸ ਨੇ ਵੀ ਸਚਾਈ ਸਮਝਦਿਆਂ ਸਾਥ ਦਿੱਤਾ ਨਹੀਂ ਤਾਂ ਉਤਲੇ ਅਫ਼ਸਰਾਂ ਵੱਲੋਂ ਤਾਂ ਇਹਨਾਂ ਨੂੰ ਪੁੱਛ-ਗਿੱਛ ਦੇ ਨਾਂ 'ਤੇ ਮਾਰ ਦੇਣ ਲਈ ਵੀ ਆਖਿਆ ਗਿਆ ਸੀ। ਇਸਤੋਂ ਬਿਨਾਂ ਜਦੋਂ ਵੀ ਕਿਤੇ ਗੜਬੜ ਹੁੰਦੀ ਇਹਨਾਂ ਨੂੰ ਪੁਲਿਸ ਫੜ ਕੇ ਲੈ ਜਾਂਦੀ। ਅੱਤਵਾਦ ਦੇ ਦੌਰ ਵਿਚ ਤਾਂ ਕਈ ਵਾਰ ਮਸਾਂ ਮਰਨੋ ਬਚੇ। ਹੁਣ ਵੀ ਉਹਨਾਂ ਦਿਨਾਂ ਬਾਰੇ ਸੋਚਕੇ ਕੰਬ ਜਾਂਦੀ ਹਾਂ। ਉਂਜ ਇਹ ਦਲੇਰ ਬੜੇ ਸਨ। ਜਦੋਂ ਖਾਦਾਂ ਦੀ ਬਲੈਕ ਹੁੰਦੀ ਸੀ ਤਾਂ ਇਹ ਬਲੈਕ ਵਿਚ ਮਿਲਦੀ ਖਾਦ ਸਾਥੀਆਂ ਦੀ ਮਦਦ ਨਾਲ ਫੜਕੇ ਆਮ ਲੋਕਾਂ ਵਿਚ ਸਸਤੇ ਠੀਕ ਭਾਅ ਤੇ ਵਿਕਵਾਉਂਦੇ। ਇਕ ਵਾਰ ਬਲੈਕ ਖਾਦ ਦਾ ਟਰੱਕ ਇਹਨਾਂ ਨੇ ਰਾਤ ਨੂੰ ਸੂਹ ਮਿਲਣ 'ਤੇ ਕਬਜ਼ੇ ਵਿਚ ਕਰ ਲਿਆ ਤੇ ਫੇਰ ਪੁਲਿਸ ਦੀ ਹਾਜ਼ਰੀ ਵਿਚ ਲੋੜਵੰਦ ਕਿਸਾਨਾਂ ਵਿਚ ਵੰਡ ਕੇ ਵਿਕਾਇਆ। ਇਕ ਵਾਰ ਪਿੰਡ ਦੇ ਕਿਸੇ ਬਜ਼ੁਰਗ ਦੀ ਸ਼ਰਾਬੀ ਥਾਣੇਦਾਰ ਨੇ ਰਾਤ ਨੂੰ ਬਜ਼ਾਰ ਵਿਚ ਜਾਂਦੇ ਦੀ ਦਾੜ੍ਹੀ ਪੁੱਟੀ। ਉਹਦੀ ਪਿੰਡ ਵਿਚੋਂ ਕਿਸੇ ਨੇ ਵੀ ਪੁਲਿਸ ਤੋਂ ਡਰਦੇ ਨੇ ਮਦਦ ਨਾ ਕੀਤੀ ਤਾਂ ਉਹ ਦਾੜ੍ਹੀ ਦੇ ਵਾਲ ਲੈ ਕੇ ਇਹਨਾਂ ਕੋਲ ਆ ਗਿਆ। ਇਹਨਾਂ ਨੇ ਪਿੰਡ ਤੇ ਇਲਾਕੇ ਵਿਚੋਂ ਸਾਥੀ ਕੱਠੇ ਕਰਕੇ ਐਸ ਐਸ ਪੀ ਤੱਕ ਪਹੁੰਚ ਕੀਤੀ। ਥਾਣੇਦਾਰ ਦੀ ਇਨਕੁਆਰੀ ਕਰਵਾਈ ਤੇ ਸਜ਼ਾ ਦਿਵਾਈ। ਥਾਣੇਦਾਰ ਪਿੰਡ ਦੇ ਮੋਹਤਬਰ ਬੰਦਿਆਂ ਨੂੰ ਸਾਡੇ ਘਰ ਲੈ ਆਇਆ ਤੇ ਇਹਨਾਂ ਅੱਗੇ ਮਾਫ਼ੀ ਲਈ ਤਰਲੇ ਕਰੇ। ਇਹ ਕਹਿੰਦੇ ਜਿਹੜੇ ਬਜ਼ੁਰਗ ਦੀ ਦਾੜ੍ਹੀ ਪੁੱਟੀ ਉ ਉਸਤੋਂ ਮਾਫ਼ੀ ਮੰਗ। ਥਾਣੇਦਾਰ ਨੇ ਬਜ਼ੁਰਗ ਦੇ ਗੋਡਿਆਂ ਨੂੰ ਹੱਥ ਲਾਕੇ ਮਾਫ਼ੀ ਮੰਗੀ ਪਰ ਬਜ਼ੁਰਗ ਨੇ ਕਿਹਾ, 'ਹੁਣ ਮੇਰੀ ਵਾਰੀ ਹੈ। ਪਰੇ ਹੋ ਜਾ ਤੇ ਮੈਨੂੰ ਅਪਣੇ ਗੰਦੇ ਹੱਥ ਨਾ ਲਾਈਂ। ਮੈਨੂੰ ਮੇਰੇ ਪੁੱਤ ਨੇ ਹੁਣ ਤੇਰੇ ਅੱਗੇ ਬੋਲਣ ਜੋਗਾ ਕਰ ਦਿੱਤਾ ਹੈ। ਮੈਂ ਤੈਨੂੰ ਮਾਫ਼ ਨਹੀਂ ਕਰਨ ਲੱਗਾ।' ਥਾਣੇਦਾਰ ਨੂੰ ਮਾਫ਼ੀ ਨਾ ਮਿਲੀ ਤੇ ਸਜ਼ਾ ਭੁਗਤਣੀ ਪਈ। ਇੰਜ ਇਹ ਬੇਇਨਸਾਫ਼ੀ ਦੇ ਵਿਰੁਧ ਹਮੇਸ਼ਾ ਡਟਦੇ ਰਹੇ। ਇਸਤਰ੍ਹਾਂ ਦੀਆਂ ਕਈ ਮਿਸਾਲਾਂ ਨੇ।

ਇਹ ਨਾਸਤਕ ਵਿਚਾਰਾਂ ਦੇ ਹਨ। ਮੈਂ ਆਸਤਕ ਵਿਚਾਰਾਂ ਦੀ ਸੀ। ਵਿਆਹ ਤੋਂ ਪਹਿਲਾਂ ਹਰ ਰੋਜ਼ ਪਾਠ ਕਰਦੀ ਸਾਂ। ਇਕ ਦਿਨ ਹੱਸ ਕੇ ਪੁੱਛਦੇ ਕਿ ਤੂੰ ਰੋਜ਼ ਪਾਠ ਕਰਦੀ, ਗੁਰਦਵਾਰੇ ਜਾਂਦੀ ਸੀ ਤਾਂ ਅਪਣੇ ਰੱਬ ਤੋਂ ਕੀ ਮੰਗਦੀ ਸੀ। ਮੈਂ ਕਿਹਾ ਮੈਂ ਤਿੰਨ ਚੀਜ਼ਾਂ ਮੰਗਦੀ ਸਾਂ। ਇਕ ਕਹਿੰਦੀ ਸਾਂ ਰੱਬਾ! ਇੱਜ਼ਤ ਪਤ ਦੇਵੀਂ; ਦੂਜਾ ਵਿਦਿਆ ਦਾ ਦਾਨ ਦੇਈਂ ਤੇ ਤੀਜਾ ਜਿਹੜਾ ਪਤੀ ਮੈਨੂੰ ਮਿਲੇ ਉਹ ਮੇਰੇ ਤੋਂ ਵੱਧ ਪੜ੍ਹਿਆ ਲਿਖਿਆ ਤੇ ਸਿਆਣਾ ਮਿਲੇ। ਫਿਰ ਪੁੱਛਦੇ ਤੇਰੀ ਇੱਛਾ ਪੂਰੀ ਹੋਈ ਕਿ ਨਹੀਂ? ਮੈਂ ਕਿਹਾ ਕਿਉਂ ਨਹੀਂ, ਮੈਨੂੰ ਰੱਬ ਨੇ ਇਜ਼ਤ ਪਤ ਵੀ ਦਿੱਤੀ। ਅਪਣੀ ਹਿੰਮਤ ਨਾਲ ਤੁਹਾਡੇ ਵਾਂਗ ਉੱਚੀ ਵਿਦਿਆ ਵੀ ਪ੍ਰਾਪਤ ਕੀਤੀ ਤੇ ਸਭ ਤੋਂ ਵੱਧ ਤੁਸੀਂ ਮੈਨੂੰ ਮਿਲੇ। ਇਹ ਕਹਿੰਦੇ, 'ਤੇਰੇ ਪਿਤਾ ਪੁਲਿਸ ਇਨਸਪੈਕਟਰ ਸਨ, ਜੇ ਜਿਉਂਦੇ ਰਹਿੰਦੇ ਉਹਨਾਂ ਤੇਰਾ ਵਿਆਹ ਮੇਰੇ ਵਰਗੇ ਬੰਦੇ ਨਾਲ ਕਿੱਥੇ ਕਰਨਾ ਸੀ।' ਮੈਂ ਕਹਿੰਦੀ ਹਾਂ ਉਹ ਵੱਧ ਤੋਂ ਵੱਧ ਕਿਸੇ ਅਮੀਰ ਜਾਂ ਅਫ਼ਸਰ

ਨਾਲ ਮੈਨੂੰ ਵਿਆਹ ਦੇਂਦੇ ਪਰ ਤੁਹਾਡੀ ਵਰਗੇ ਗੁਣਾਂ ਵਾਲੀ ਸੋਨੇ ਦੀ ਖਾਣ ਮੈਨੂੰ ਕਿੱਥੇ ਮਿਲਣੀ ਸੀ। ਵਿਆਹ ਤੋਂ ਬਾਅਦ ਮੈਂ ਇਹਨਾਂ ਦੇ ਅਸਰ ਹੇਠ ਪਾਠ ਕਰਨਾ ਛੱਡ ਦਿੱਤਾ ਸੀ। ਪਰ ਪਿਛਲੇ ਕੁਝ ਸਾਲਾਂ ਤੋਂ ਮੈਂ ਫਿਰ ਪਾਠ ਕਰਦੀ ਹਾਂ। ਇਹ ਹੁਣ ਮੇਰਾ ਮਜ਼ਾਕ ਨਹੀਂ ਉਡਾਉਂਦੇ। ਕਹਿੰਦੇ ਹਨ ਕਿ ਜੇ ਤੈਨੂੰ ਇਸ ਤਰ੍ਹਾਂ ਮਾਨਸਕ ਸ਼ਾਂਤੀ ਮਿਲਦੀ ਹੈ ਤਾਂ ਮੈਂ ਕਿਉਂ ਰੋਕਾਂ। ਆਪ ਇਹ ਰੱਬ ਨੂੰ ਨਹੀਂ ਮੰਨਦੇ, ਕੋਈ ਪਾਠ ਪੂਜਾ ਨਹੀਂ ਕਰਦੇ। ਉਂਜ ਗੁਰੂਆਂ ਨੂੰ ਬੜਾ ਮੰਨਦੇ ਨੇ। ਗੁਰੂ ਨਾਨਕ ਸਾਹਿਬ ਨੂੰ ਤਾਂ ਕਹਿੰਦੇ ਨੇ ਇਹ ਮੇਰਾ ਬਾਪੂ ਏ। ਇਸ ਬਾਪੂ ਨਾਲ ਦੀ ਰੀਸ ਹੀ ਨਹੀਂ। ਉਹ ਬੜਾ ਮਹਾਨ ਮਨੁੱਖ ਤੇ ਮਹਾਨ ਸ਼ਾਇਰ ਸੀ। ਵੱਡਾ ਤਰਕਸ਼ੀਲ। ਕਹਿੰਦੇ ਨੇ ਜੇ ਮੇਰੇ ਕੋਲ ਹੋਵੇ ਤਾਂ ਮੈਂ ਉਸੇ ਤਰ੍ਹਾਂ ਲਾਡ ਨਾਲ ਬਾਬੇ ਦੇ ਗਲ ਚੰਬੜ ਜਾਵਾਂ ਜਿਵੇਂ ਮੇਰੀ ਪੋਤਰੀ ਸਰਗਮ ਮੇਰੇ ਗਲ ਨਾਲ ਚੰਬੜਦੀ ਹੈ। ਹੁਣ ਤਾਂ ਮੇਰੇ ਆਖੇ ਇਹਨਾਂ ਨੇ ਧੀਆਂ ਦੇ ਵਿਆਹ 'ਤੇ ਆਖੰਡ ਪਾਠ ਕਰਨ ਦੀ ਖੁੱਲ੍ਹ ਵੀ ਦੇ ਦਿੱਤੀ ਸੀ।

ਉਂਜ ਮੈਂ ਜੇ ਇਹਨਾਂ ਨੂੰ ਸੁਭਾਅ ਦੇ ਸਾਧ ਵੀ ਆਖ ਦਿਆਂ ਤਾਂ ਅਤਕਥਨੀ ਨਹੀਂ ਹੋਵੇਗੀ। ਪੈਸੇ ਨਾਲ ਤਾਂ ਉੱਕਾ ਕੋਈ ਪਿਆਰ ਨਹੀਂ। ਮੈਂ ਜਿਵੇਂ ਚਾਹਵਾਂ ਤੇ ਜਿੱਥੇ ਮਰਜ਼ੀ ਖ਼ਰਚਾਂ, ਇਹਨਾਂ ਨੇ ਕਦੀ ਪੁੱਛਿਆ ਤੱਕ ਨਹੀਂ। ਪੁੱਛਣਾ ਵੀ ਕੀ ਹੈ, ਇਹਨਾਂ ਦੀ ਤਾਂ ਜੇਬ ਵਿਚ ਵੀ ਮੈਂ ਆਪ ਹੀ ਪੈਸੇ ਪਾਉਂਦੀ ਹਾਂ। ਉਂਜ ਗਰੀਬ ਤੇ ਲੋੜਵੰਦ ਦੀ ਮਦਦ ਕਰਨ ਨੂੰ ਤਰਜੀਹ ਦਿੰਦੇ ਨੇ। ਇਸ ਪੱਖੋਂ ਅਸੀਂ ਦੋਵੇਂ ਇਕੋ ਜਿਹੇ ਹਾਂ। ਮੈਂ ਜਿੱਥੇ ਵੀ ਜਾਵਾਂ ਇਹ ਬੜੇ ਮਾਣ ਨਾਲ ਦੱਸਦੀ ਹਾਂ ਕਿ ਮੈਂ ਸੰਧੂ ਸਾਹਿਬ ਦੀ ਘਰਵਾਲੀ ਹਾਂ। ਇਹ ਵੀ ਤੇ ਬੱਚੇ ਵੀ ਕਈ ਵਾਰ ਮੇਰਾ ਇਸ ਗੱਲੋਂ ਮਜ਼ਾਕ ਉਡਾਉਂਦੇ ਨੇ। ਆਖਣਗੇ ਇਹ ਤਾਂ ਬਜਾਜੀ ਵਾਲੇ ਨੂੰ ਵੀ ਆਖੂ ਕਿ ਫਲਾਣੇ ਦੀ ਘਰਵਾਲੀ ਆਂ। ਕੱਪੜਾ ਚੰਗਾ ਵਿਖਾਈਂ। ਘਰਵਾਲਾ ਸੰਧੂ ਸਾਹਿਬ ਨਾ ਹੋ ਗਿਆ, ਰਾਸ਼ਟਰਪਤੀ ਹੋ ਗਿਆ। ਉਹਨਾਂ ਦੀ ਗੱਲ ਸੱਚ ਹੈ। ਇਕ ਵਾਰ ਅੰਮ੍ਰਿਤਸਰ ਦੀ ਗੱਲ ਹੈ, ਸੁਪਨਦੀਪ ਅਜੇ ਛੋਟਾ ਸੀ, ਮੈਂ ਪਗੜੀ ਹਾਊਸ ਵਿਚ ਗਈ ਤੇ ਦੁਕਾਨਦਾਰ ਨੂੰ ਕਹਿਣ ਲੱਗੀ ਕਿ ਇਹਦੇ ਸਿਰ 'ਤੇ ਬੰਨ੍ਹਣ ਲਈ ਵਧੀਆ ਪਟਕੇ ਵਿਖਾ, ਇਹ ਵਧੀਆ ਲੇਖਕ ਦਾ ਮੁੰਡਾ ਹੈ। ਓਥੇ ਇਕ ਹੋਰ ਸਰਦਾਰ ਖਲੋਤਾ ਸੀ। ਪੁੱਛਦਾ ਕਿ ਲੇਖਕ ਦਾ ਨਾਂ ਤਾਂ ਦੱਸੋ। ਮੈਂ ਦੱਸਿਆ ਤਾਂ ਹੱਸ ਕੇ ਕਹਿੰਦਾ ਕਿ ਆਹੋ ਭਾਈ ਇਹ ਸੱਚੀਂ ਮੁਚੀਂ ਵਧੀਆ ਲੇਖਕ ਦਾ ਮੁੰਡਾ ਏ, ਵਧੀਆ ਪਟਕੇ ਵਿਖਾਈਂ। ਕਈ ਸਾਲ ਬਾਅਦ ਉਸ ਸਰਦਾਰ ਨੇ 'ਪੰਜਾਬੀ ਸੱਥ' ਦੇ ਸਮਾਗਮ ਵਿਚ ਸੰਧੂ ਸਾਹਿਬ ਬਾਰੇ ਬੋਲਦਿਆਂ ਇਹ ਗੱਲ ਸੁਣਾਈ ਤਾਂ ਬੜਾ ਹਾਸਾ ਪਿਆ। ਉਹ ਸਰਦਾਰ ਅਸਲ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਫ਼ਿਜ਼ਿਕਸ ਦੇ ਪ੍ਰੋਫ਼ੈਸਰ ਤੇ ਸਾਇੰਸ ਦੀ ਵਾਰਤਕ ਲਿਖਣ ਵਾਲੇ ਵੱਡੇ ਲੇਖਕ ਹਰਦੇਵ ਸਿੰਘ ਵਿਰਕ ਸਨ। ਹੁਣ ਤਾਂ ਕਈ ਵਾਰ ਮੈਨੂੰ ਵੀ ਅਪਣੀਆਂ ਇਹੋ ਜਿਹੀਆ ਝੱਲ-ਵਲੱਲੀਆ 'ਤੇ ਹਾਸਾ ਆ ਜਾਂਦਾ ਹੈ ਪਰ ਉਂਜ ਅਜੇ ਵੀ ਮੈਂ ਪਹਿਲੀ ਵਾਰ ਮਿਲਣ ਵਾਲੇ ਨਾਲ ਆਨੇ ਬਹਾਨੇ ਇਹਨਾਂ ਦੀ ਪਤਨੀ ਹੋਣ ਦਾ ਜ਼ਿਕਰ ਜ਼ਰੂਰ ਕਰ ਦਿੰਦੀ ਹਾਂ। ਇਕ ਦਿਨ ਮੈਂ ਘਰ ਦੇ ਜੀਆਂ ਦੇ ਮਜ਼ਾਕ ਦਾ ਜਵਾਬ ਲੱਭ ਲਿਆ। ਮੈਂ ਆਖਦੀ ਹਾਂ ਕਿ ਜਿਵੇਂ ਸੰਤ ਸਿੰਘ ਸੇਖੋਂ ਦੀ ਕਹਾਣੀ 'ਪੇਮੀ ਦੇ ਨਿਆਣੇ' ਵਿਚ ਬੱਚੇ ਅਪਣੀ ਮਾਂ 'ਪੇਮੀ' ਦਾ ਨਾਂ ਲੈ ਕੇ ਡਰਾਉਣੀ ਸੜਕ ਪਾਰ ਕਰ ਜਾਂਦੇ ਨੇ ਮੈਨੂੰ ਵੀ ਸੰਧੂ ਸਾਹਿਬ ਦੇ ਨਾਂ ਦਾ ਓਸੇ ਤਰ੍ਹਾਂ ਦਾ ਆਸਰਾ ਹੈ। ਉਹਨਾਂ ਬੱਚਿਆਂ ਲਈ ਉਹਨਾਂ ਦੀ ਮਾਂ ਸਭ ਤੋਂ ਵੱਡੀ ਤਾਕਤ ਸੀ, ਮੇਰੇ ਲਈ ਸੰਧੂ ਸਾਹਿਬ ਮੇਰੀ ਸਭ ਤੋਂ ਵੱਡੀ ਤਾਕਤ ਹਨ। ਉਹ ਮੇਰਾ ਮਾਂ, ਪਿਓ, ਮੇਰਾ ਪਤੀ, ਭਰਾ; ਮੇਰਾ ਸਭ ਕੁਝ ਹਨ। ਮੈਂ ਉਹਨਾਂ ਨੂੰ ਰੱਬ ਤੋਂ ਦੂਜਾ ਦਰਜਾ ਦਿੱਤਾ ਹੈ।

ਉਮਰ ਦੇ ਨਾਲ ਅੱਜ ਕੱਲ੍ਹ ਮੇਰੀ ਸਿਹਤ ਠੀਕ ਨਹੀਂ ਰਹਿੰਦੀ। ਕੰਮ ਕਰਦੀ ਮੈਂ ਥੱਕ ਜਾਂਦੀ ਹਾਂ। ਮੈਂ ਕਹਿੰਦੀ ਆਂ, ਕੋਈ ਕੰਮ ਤੁਸੀਂ ਵੀ ਨਿੱਕਾ ਮੋਟਾ ਕਰ ਲਿਆ ਕਰੋ। ਆਖਣਗੇ ਕਿ 'ਪਹਿਲਾਂ ਤੂੰ ਆਪ ਹੀ ਮੈਨੂੰ ਵਿਗਾੜ ਲਿਆ ਹੈ। ਸਾਰਾ ਕੰਮ ਆਪ ਕਰਦੀ ਰਹੀ ਏਂ। ਮੈਂ ਕਰਨਾ ਚਾਹੁੰਦਾ ਵੀ ਸਾਂ ਤਾਂ ਰੋਕ ਦਿੰਦੀ ਸੈਂ। ਹੁਣ ਮਾੜੀਆਂ ਆਦਤਾਂ ਤੂੰ ਆਪ ਪਾ ਦਿੱਤੀਆਂ। ਇਹ ਵਿਗੜ ਗਈਆਂ। ਮੈਂ ਸਿਧਾਂਤਕ ਤੌਰ ਤੇ ਮੰਨਦਾ ਹਾਂ ਕਿ ਬੰਦੇ ਨੂੰ ਘਰ ਦੇ ਕੰਮ ਵਿਚ ਮਦਦ ਕਰਨੀ ਚਾਹੀਦੀ ਹੈ ਪਰ ਅਮਲੀ ਤੌਰ 'ਤੇ ਹੁਣ ਕੁਝ ਨਹੀਂ ਕਰ ਸਕਦਾ। ਹੁਣ ਮੇਰੇ ਤੋਂ ਕੰਮ ਦੀ ਆਸ ਨਾ ਰੱਖ।' ਪਾਣੀ ਦਾ ਗਲਾਸ ਵੀ ਆਪ ਫੜ ਕੇ ਨਹੀਂ ਪੀਂਦੇ। ਜਦੋਂ ਛੋਟੀ ਬੇਟੀ ਦਾ ਵਿਆਹ ਨਹੀਂ ਸੀ ਹੋਇਆ ਤਾਂ ਸਵੇਰੇ ਕਾਲਜ ਜਾਣ ਵੇਲੇ ਆਵਾਜ਼ਾਂ ਮਾਰਨੀਆਂ; ਨੀ ਆਵੀਂ ਰਮਣੀਕ। ਵੇਖੀਂ, ਧੋਬੀ ਦੇ ਪ੍ਰੈਸ ਕੀਤੇ ਕੱਪੜਿਆਂ ਵਿਚ ਵੱਟ ਜਾਪਦੇ ਨੇ ਦੁਬਾਰਾ ਪ੍ਰੈਸ ਕਰ ਦੇ। ਮੇਰੀ ਇਸ ਸੂਟ ਨਾਲ ਦੀ ਟਾਈ ਫੜਾ। ਮੇਰੀਆਂ ਜੁਰਾਬਾਂ ਕਿੱਥੇ ਨੇ। ਜੁੱਤੀ ਫੜਾਈਂ ਵਗ਼ੈਰਾ। ਉਂਜ ਜਨਾਬ ਨੂੰ ਸੱਜਣ ਫੱਬਣ ਦਾ ਸ਼ੌਕ ਮੁੱਢੋਂ ਰਿਹਾ ਹੈ। ਮੈਚ ਕਰਦੀ ਕਮੀਜ਼ ਤੇ ਪੱਗ। ਅਪਣੇ ਆਪ ਨੂੰ ਸ਼ੀਸ਼ੇ ਵਿਚ ਕਈ ਕਈ ਵਾਰ ਵੇਖਣਾ ਤੇ ਫਿਰ ਮੈਨੂੰ ਪੁੱਛਣਾ ਕਿ ਮੈਂ ਠੀਕ ਲੱਗਦਾਂ, ਮੇਰੀ ਪੱਗ ਠੀਕ ਬੱਝੀ ਹੈ। ਖਾਣਾ ਪੀਣਾ ਇਹਨਾਂ ਦਾ ਬਿਲਕੁਲ ਸਾਦਾ। ਬੱਸ ਦਾਲ, ਸਬਜ਼ੀ, ਰੋਟੀ ਤੇ ਨਾਲ ਦਹੀਂ। ਸ਼ਰਾਬ-ਮੀਟ ਤਾਂ ਉੱਕਾ ਨਹੀਂ। ਸਬਜ਼ੀਆਂ ਵਿਚ ਭਿੰਡੀ, ਕਰੇਲੇ, ਕੱਦੂ ਪਾਕੇ ਬਣਾਈ ਛੋਲਿਆਂ ਦੀ ਦਾਲ, ਘੀਆ ਕੱਦੂ ਦਾ ਰਾਇਤਾ, ਸਾਗ ਤੇ ਮਕਈ ਦੀ ਰੋਟੀ ਇਹਨਾਂ ਦਾ ਮਨ ਪਸੰਦ ਖਾਣਾ ਹੈ।

ਇਹਨਾਂ ਦੀ ਇੱਕ ਗੱਲ ਇਕੋ ਵੇਲੇ ਮੈਨੂੰ ਚੰਗੀ ਵੀ ਲੱਗਦੀ ਹੈ ਤੇ ਮਾੜੀ ਵੀ। ਇਹ ਅਗਲੇ ਨੂੰ ਮਖ਼ੌਲ ਕਰਦਿਆਂ ਹਾਸੇ ਹਾਸੇ ਵਿਚ ਬੜੀ ਕਰੜੀ ਗੱਲ ਵੀ ਆਖ ਦਿੰਦੇ ਨੇ। ਲਾਗੇ ਬੈਠੇ ਲੋਕ ਵੀ ਹੱਸਦੇ ਹਨ ਤੇ ਜਿਸਨੂੰ ਗੱਲ ਆਖੀ ਗਈ ਹੁੰਦੀ ਹੈ ਸ਼ਰਮਿੰਦਿਆਂ ਦੇ ਤਾਣ ਹੱਸੀ ਉਹ ਵੀ ਜਾਂਦਾ ਹੈ। ਮੈਂ ਆਖਦੀ ਹਾਂ ਕਿ ਇਹ ਤਾਂ ਅਗਲੇ ਦਾ ਦਿਲ ਹੀ ਜਾਣਦਾ ਹੈ ਕਿ ਉਹ ਕਿਵੇਂ ਹੱਸ ਰਿਹਾ ਹੈ। ਪਰ ਇਹ ਇਹਨਾਂ ਦੇ ਸੁਭਾਅ ਦਾ ਹਿੱਸਾ ਹੈ। ਖ਼ਰੀ ਗੱਲ ਕਹਿਣੋਂ ਬਾਜ਼ ਨਹੀਂ ਆਉਂਦੇ। ਕਈ ਵਾਰ ਤਾਂ ਮੇਰੇ ਨਾਲ ਵੀ ਇਹ ਭਾਣਾ ਵਾਪਰ ਜਾਂਦਾ ਹੈ। ਮੈਂ ਕੁਝ ਚਿਰ ਲਈ ਰੁੱਸ ਜਾਦੀ ਹਾਂ। ਪਰ ਇਹਨਾਂ ਦੀ ਇਹ ਵੀ ਸਿਫ਼ਤ ਹੈ ਕਿ ਮੈਨੂੰ ਬਹੁਤਾ ਚਿਰ ਕਦੀ ਰੁੱਸੀ ਨਹੀਂ ਰਹਿਣ ਦਿੱਤਾ। ਆਪ ਹੀ ਮਨਾ ਲੈਂਦੇ ਰਹੇ ਨੇ। ਪਰ ਮੈਂ ਇਹਨਾਂ ਨੂੰ ਆਖਦੀ ਆਂ ਕਿ ਮੈਨੂੰ ਤਾਂ ਮਨਾ ਲਿਆ ਪਰ ਅਗਲੇ ਨੂੰ ਹਾਸੇ ਨਾਲ ਲਾਏ ਜ਼ਖ਼ਮਾਂ ਦਾ ਇਲਾਜ ਕੌਣ ਕਰੂ। ਪਰ ਵਾਦੜੀਆਂ ਸਜਾਦੜੀਆਂ ਦਾ ਕੀ ਕੀਤਾ ਜਾ ਸਕਦਾ ਹੈ। ਕਹਿੰਦੇ ਨੇ, ਕੀ ਕਰਾਂ ਮੇਰੇ ਕੋਲੋਂ ਮਨ ਵਿਚ ਗੱਲ ਰੱਖ ਨਹੀਂ ਹੁੰਦੀ। ਕਦੀ ਕਦੀ ਬੜੇ ਗੁੱਸੇ ਵਿਚ ਵੀ ਆ ਜਾਂਦੇ ਨੇ। ਲੱਗੂ ਜਿਵੇਂ ਹੁਣੇ ਬੱਦਲ ਫਟਿਆ। ਉਂਜ ਇਹਨਾਂ ਦਾ ਗੁੱਸਾ ਵੀ ਦੁੱਧ ਦੇ ਉਬਾਲ ਵਰਗਾ ਹੈ ਪਰ ਅੰਦਰੋਂ ਬੜੇ ਹੀ ਨਾਜ਼ਕ ਤੇ ਨਰਮ ਮਿਜ਼ਾਜ ਹਨ। ਹੁਣ ਤਾਂ ਕਈ ਵਾਰ ਕੋਈ ਗੱਲ ਕਰਦਿਆਂ ਭਾਵੁਕ ਵੀ ਹੋ ਜਾਂਦੇ ਨੇ। ਅੱਖਾਂ ਵਿਚ ਅੱਥਰੂ ਭਰ ਲੈਂਦੇ ਨੇ। ਚਿੜੀਆਂ ਦੇ ਚੰਬੇ ਵਾਲਾ ਗੀਤ ਤਾਂ, ਜਦੋਂ ਧੀਆਂ ਬਾਲੜੀਆਂ ਸਨ, ਉਦੋਂ ਵੀ ਸੁਣਦੇ ਸਨ ਤਾਂ ਰੋ ਪੈਂਦੇ ਸਨ। ਪਰ ਇਹ ਵੀ ਵਰਿਆਮ ਸਿੰਘ ਸੰਧੂ ਹੀ ਹਨ, ਲੋਹੇ ਦੇ ਜਿਗਰੇ ਵਾਲੇ ਕਿ ਵੱਡੇ ਵੱਡੇ ਸੰਕਟ ਆਉਂਦੇ ਰਹੇ, ਕਦੇ ਸੀ ਨਾ ਕੀਤੀ, ਸਭ ਚੁੱਪ ਕਰਕੇ ਸਹਿ ਗਏ, ਜਿਵੇਂ ਕੁਝ ਹੋਇਆ ਈ ਨਹੀਂ ਹੁੰਦਾ।

□